
93ਵਾਂ
ਸਾਲ
ਅੰਕ 8
ਕੁਲ ਅੰਕ
#945

# ਪ੍ਰੀਤ ਲੜੀ

Since 1933
Preet Lari Magazine
*The Oldest Punjabi Literary Journal*

ਅਗਸਤ 2026 ₹50






ਬੁੱਲੇ ਸ਼ਾਹ ਨੂੰ ਹਰ ਨਵੀਂ ਪੀੜ੍ਹੀ, ਸਭ ਨਵੇਂ ਗਾਇਕ ਗਾ ਕੇ ਵੇਖਣਾ ਚਾਹੁੰਦੇ ਹਨ ! ਨਵੀਆਂ ਹੀ ਸੁਆਦਲੀਆਂ ਧੁਨਾਂ ਵਿਚ ਨਵੀਂ ਆਈ ਇਹ ਬੁੱਲਾ ਗਾਉਣ ਦੀ ਨਵੀਂ ਕਿਸਮ ਦੀ ਗਾਇਕੀ ਨਵੇਂ ਦਮ ਕਰ ਜਾਏਗੀ, ਅਤੇ ਖ਼ਾਸਕਰ ਨਵੀਆਂ ਪੀੜ੍ਹੀਆਂ ਦੇ ਮੂੰਹ ਚੜ੍ਹ ਕੇ ਉਨ੍ਹਾਂ ਨੂੰ ਬੁੱਲੇ ਸ਼ਾਹ ਦੇ ਹੋਰ ਨੇੜੇ ਲਿਆ ਸਕਦੀ ਹੈ। ਅੱਨਲਾਈਨ ਹਾਸਿਲ। ਬਹੁਤ ਵਧਾਈ !

Released on: 2026-07-03
Composer: Neil Mukherjee
Lyricist: BABA BULLE SHAH
Music Publisher: Neil Mukherjee
Cover Art Designer: Gargi Sharma

# ਅਮੀਰਾਂ ਉੱਤੇ ਟੈਕਸ ਲਾਓ, ਅਤੇ ਧਰਤੀ ਨੂੰ ਬਚਾਓ –ਐਸਥਰ ਡਫ਼ਲੋ

*ਇਸ ਵਿਸ਼ੇ, ਇਸ ਮਾਹਿਰ ਬਾਰੇ ਵਧੇਰੀ ਜਾਣਕਾਰੀ ਦਾ ਨਿਚੋੜ –*

2019 ਦੀ ਨੋਬੇਲ ਸਨਮਾਨਤ ਅਰਥਸ਼ਾਸਤ੍ਰੀ **ਐਸਥਰ ਡਫ਼ਲੋ** ਨੇ ਹਿਸਾਬ ਲਾ ਕੇ ਤਰਕ ਪੇਸ਼ ਕੀਤਾ ਕਿ ਬਹੁਤੇ ਅਮੀਰ ਦੇਸ਼ਾਂ ਦੇ ਸਿਰ ਗਰੀਬ ਦੇਸ਼ਾਂ ਵੱਲ ਕੋਈ 17 ਖਰਬ ਡਾਲਰਾਂ ਦਾ ਸਾਲਾਨਾ "ਇਖ਼ਲਾਕੀ-ਸਦਾਚਾਰਕ ਕਰਜ਼ਾ" ਬਣਦਾ ਹੈ- ਜਿਹੜੇ ਆਪਣੇ ਹਿੱਸੇ ਤੋਂ ਬਹੁਤ ਵਧ ਕੇ ਗ੍ਰੀਨਹਾਊਸ ਗੈਸਾਂ* (ਵੇਖੋ ਸਫ਼ਾ 22 -ਸੰ.) ਆਬੋ-ਹਵਾ ਵਿਚ ਛੱਡਦੇ ਆ ਰਹੇ ਹਨ। ਇਹ ਰਕਮ ਤਾਰਨ ਲਈ- ਖਰਬਪਤੀਆਂ ਉੱਤੇ ਵਿਸ਼ਵੀ ਤੌਰ 'ਤੇ 2% ਦੌਲਤ ਟੈਕਸ ਅਤੇ ਘੱਟੋ-ਘੱਟ 15% ਕਾਰਪੋਰੇਟ ਟੈਕਸ ਲਾਉਣ ਦੀ ਸਲਾਹ ਦਿੰਦੀ ਹਨ, ਜਿਸ ਨਾਲ ਕਿ ਮੌਸਮਾਂ ਦੀ ਤਬਦੀਲੀ ਮੁਤਾਬਕ ਲਾਜ਼ਮੀ ਢੁਕਵੇਂਕਰਨ ਲਈ ਅਤੇ ਮਰਨ-ਕਿਨਾਰੇ ਹੋਈਆਂ ਅਬਾਦੀਆਂ ਨੂੰ ਆਮਦਨ-ਸਹਾਇਤਾ ਲਈ ਫ਼ੰਡ ਮਿਲ ਸਕੇਗਾ-ਸਿੱਧਾ ਹੀ। "ਆਬੋ-ਹਵਾ ਵਿਚ ਕਾਰਬਨ ਸੁੱਟਣ ਦਾ ਇਖ਼ਲਾਕੀ-ਸਦਾਚਾਰਕ ਕਰਜ਼ਾ"- ਡਫ਼ਲੋ ਨੇਨਾਂ ਦਿੱਤਾ ਹੈ। ਡਫ਼ਲੋ ਕਹਿੰਦੀ ਹਨ ਕਿ – "ਓਧਰ ਵਿਸ਼ਵੀ ਆਗੂ ਮੌਸਮਾਂ ਸੰਬੰਧੀ ਪੈਸਾ ਲੱਭਣ ਉੱਤੇ ਬਹਿਸ-ਭਾਅਬਾਜ਼ੀ ਕਰਦੇ ਰਹਿੰਦੇ ਹਨ ਅਤੇ ਏਧਰ-ਵਧਦੇ ਜਾਂਦੇ ਵਿਸ਼ਵੀ ਤਾਪਮਾਨ ਨੇ ਇਸ ਸਦੀ ਦੇ ਅੰਤ ਤੱਕ ਤਾਂ ਸਭ ਤੋਂ ਗਰੀਬ, ਸਭ ਤੋਂ ਵੱਧ ਮਰਨ-ਕੰਢੇ ਦੇਸ਼ਾਂ ਦੇ ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਖੋਹਣ ਲਈ ਤਿਆਰੀ ਕੱਸੀ ਹੋਈ ਹੈ।"

**ਹਵਾ ਵਿਚ ਗੈਸਾਂ ਛੱਡਣ ਦੀ ਕੀਮਤ:** ਅਮੀਰ ਦੇਸ਼ ਆਬੋ-ਹਵਾ ਵਿਚ ਬਹੁਤ ਹੀ ਵੱਡੀ ਤਾਦਾਦ ਵਿਚ ਗ੍ਰੀਨਹਾਊਸ ਗੈਸਾਂ ਛੱਡਦੇ ਹਨ- ਉਹ ਨੁਕਸਾਨ ਕਰਦੇ-ਥੋਪਦੇ ਜਿਹੜੇ ਅਜੇ-ਤਰੱਕੀ-ਕਰ-ਰਹੇ ਦੇਸ਼ਾਂ 'ਤੇ ਹਿੱਸੇ ਨਾਲੋਂ ਵੱਧ ਮਾੜਾ ਅਸਰ ਪਾ ਰਹੇ ਹਨ।

**ਜ਼ਿੰਦਗੀ ਦੀ ਕੀਮਤ ਮਿੱਥਣੀ:** ਸਮਾਜ, ਅਮਲੀ ਤੌਰ 'ਤੇ ਵੇਖਿਆ ਜਾਏ ਤਾਂ, ਇਨਸਾਨੀ ਜ਼ਿੰਦਗੀ ਦਾ ਡਾਲਰਾਂ ਦੀ ਕੀਮਤ ਨਾਲ ਅਤੇ ਜਣੇ ਨੂੰ ਦਰਪੇਸ਼ ਖ਼ਤਰੇ ਮੁਤਾਬਕ ਹਿਸਾਬ ਲਾ ਰਿਹਾ ਹੈ- ਕਿ ਖ਼ਤਰਾ ਕਿੰਨਾ ਹੈ ਅਤੇ ਖ਼ਰਚ ਕਿੰਨਾ (ਜਿਵੇਂ, ਮੈਕਸਿਕੋ ਵਿਚ ਇਨਸਾਨੀ ਜ਼ਿੰਦਗੀ ਦੀ ਕੀਮਤ 20 ਲੱਖ ਡਾਲਰ ਮਿੱਥੀ ਗਈ ਹੈ।) ਇਹ ਮਾਪਦੰਡ ਵਰਤ, ਅਮੀਰ ਦੇਸ਼ਾਂ ਵਿਚ ਇਹ ਗੈਸਾਂ ਸੁੱਟੇ ਜਾਣ ਨਾਲ ਹੋਣ ਵਾਲੀਆਂ ਮੌਤਾਂ ਦੀ ਲਾਈ ਕੀਮਤ ਓਹੀ ਬਹੁਤ, ਬਹੁਤ ਵੱਡੀ ਰਕਮ ਹੈ -ਜੋ ਅਸਲ ਵਿਚ ਬਹੁਤ ਵੱਧ ਗਰੀਬ ਦੇਸ਼ਾਂ ਨੂੰ ਸਾਲਾਨਾ ਮਿਲਣੀ ਚਾਹੀਦੀ ਸੀ।

**ਟੈਕਸਾਂ ਵਾਲਾ ਰਾਹ:** ਇਸ ਹੱਦੋਂ-ਵੱਧ ਵੱਡੇ ਮਾਇਕ ਪਾੜੇ ਨੂੰ ਪੂਰਨ ਵਾਲਾ ਇੱਕ ਪੁਲ ਬਨਾਉਣ ਲਈ, ਡਫ਼ਲੋ ਨੇ ਇਹ ਇਲਾਜ ਦੱਸਿਆ ਹੈ ਕਿ ਦੁਨੀਆ ਦੇ ਸਭ ਤੋਂ ਹੀ ਵੱਡੇ ਅਮੀਰ ਜਣਿਆਂ ਅਤੇ ਕਾਰਪੋਰੇਸ਼ਨਾਂ ਦੀਆਂ ਜੇਬਾਂ ਵਿਚ ਹੱਥ ਪਾਇਆ ਜਾਏ: **ਖਰਬਪਤੀ ਖਰਬਪਤੀ ਦੌਲਤ ਟੈਕਸ:** 2% ਸਾਲਾਨਾ ਟੈਕਸ ਲੱਗੇ- ਦੁਨੀਆ ਦੇ ਕੋਈ 3000 ਖਰਬਪਤੀਆਂ ਉੱਤੇ। **ਕਾਰਪੋਰੇਟ ਟੈਕਸ:** ਵੱਡੀਆਂ ਬਹੁ-ਦੇਸ਼ੀ ਕੰਪਨੀਆਂ ਦਿਆਂ ਮੁਨਾਫ਼ਿਆਂ ਉੱਤੇ ਵਿਸ਼ਵੀ 15% ਘੱਟੋਘੱਟ-ਟੈਕਸ ਲੱਗੇ।

**ਸਿੱਧਾ ਹੱਥ ਵਿਚ ਦੇਣਾ:** ਮੌਸਮਾਂ ਲਈ ਫ਼ੰਡ ਵੱਖਰੇ ਰੱਖਣ ਦੇ ਰਾਹ ਵਿਚ ਇੱਕ ਬਹੁਤ ਵੱਡਾ ਅੜਿੱਕਾ ਸਿਆਸਤ ਪਾਉਂਦੀ ਹੈ- ਇਹ ਫ਼ਿਕਰ ਜਤਾਏ ਜਾਂਦੇ ਹਨ ਕਿ ਅੰਤਰਾਸ਼ਟਰੀ ਸੰਸਥਾਵਾਂ ਇਹ ਫ਼ੰਡ ਮੱਲ ਲੈਣਗੀਆਂ ਅਤੇ ਜਾਂ ਫੇਰ ਇਹ ਸਰਕਾਰਾਂ ਦੀ ਬਦਇੰਤਜ਼ਾਮੀ ਦਾ ਸ਼ਿਕਾਰ ਹੋ ਜਾਏਗਾ। ਪਰ ਡਫ਼ਲੋ ਦੇ ਦੱਸੇ ਰਾਹ ਨੂੰ ਅੱਜ ਮੌਜੂਦ ਬੁਨਿਆਦੀ-ਢਾਂਚੇ ਉੱਤੇ ਵੀ ਏਨਾ ਵਿਸ਼ਵਾਸ ਹੈ ਕਿ ਇਹ ਜ਼ਰੂਰ ਸਭ ਤੋਂ ਵੱਧ ਜ਼ਰੂਰਤਮੰਦਾਂ ਤੱਕ ਇਹ ਰਕਮ ਸਿੱਧੀ ਪਹੁੰਚਾਏਗਾ ਹੀ ਪਹੁੰਚਾਏਗਾ:

**ਸਿੱਧੀ ਨਕਦੀ ਮਦਦ ਦਾ ਫ਼ਾਇਦਾ:** ਅਫ਼ਰੀਕਾ ਦੇ ਜ਼ਾਂਬੀਆ ਵਰਗੇ ਦੇਸ਼ਾਂ ਵਿਚ, ਸਿੱਧੇ ਆਮਦਨ ਸਮਰਥਨ ਨੇ ਖਪਤ ਵਧਾਈ ਹੈ ਅਤੇ ਸੋਕਿਆਂ ਅਤੇ ਹੜ੍ਹਾਂ ਤੋਂ ਪੈਣ ਵਾਲੀ ਮਾਰ ਤੋਂ ਇਨਸਾਨਾਂ ਨੂੰ ਬਚਾਇਆ ਹੈ।

**ਦਮ ਬਣਾਇਆ:** ਕੈਨਿਆ ਵਿਚ, ਸਭ ਨੂੰ ਮਿਲਦੀ ਇੱਕ ਬੁਨਿਆਦੀ ਆਮਦਨੀ ਨੇ ਨਾਗਰਿਕਾਂ ਨੂੰ ਬਿਹਤਰ ਰਿਹਾਇਸ਼ੀ ਪ੍ਰਬੰਧ ਅਤੇ ਸੂਰਜੀ-ਸ਼ਕਤੀ ਵਰਤਣ ਲਈ ਮਦਦ ਕੀਤੀ – ਉਨ੍ਹਾਂ ਦੀ ਸਮੁੱਚੀ ਪੈਦਾਵਾਰੀ-ਸ਼ਕਤੀ ਅਤੇ ਸਿਰੇ ਦੇ ਮੌਸਮਾਂ ਨਾਲ ਸਿੱਝਣ ਦੀ ਸਮਰੱਥਾ ਵਧ ਗਈ ਹੈ।

**ਆਮਦਨ ਬੇਫ਼ਿਕਰੀ-ਬੀਮਾ:** (ਯਾਨੀ ਤਨਖ਼ਾਹ / ਆਮਦਨ ਨਾ ਮਿਲਣ ਦੀ ਹਾਲਤ ਵਿਚ ਆਮ ਖਰਚੇ, ਕਰਜ਼ੇ ਦੀਆਂ ਕਿਸ਼ਤਾਂ, ਜ਼ਰੂਰੀ ਇਲਾਜ ਜੋਗੀ ਇੱਕ ਰਕਮ ਦਾ ਲਾਜ਼ਮੀ ਮਿਲਣਾ): ਜ਼ਰਾ ਵੱਧ ਸੌਖੇ ਦਰਮਿਆਨੀ-ਆਮਦਨ-ਦੇਸ਼ਾਂ ਨੂੰ ਵਿਸ਼ਵੀ ਟੈਕਸਾਂ ਤੋਂ ਮਿਲਣ ਵਾਲਾ ਪੈਸਾ ਇੱਕ ਅਜਿਹਾ ਢਾਂਚਾ ਖੜ੍ਹਾ ਕਰ ਸਕਦਾ ਹੈ ਜਿੱਥੇ ਵਿਅਕਤੀਆਂ-ਜਣਿਆਂ ਨੂੰ ਅਤਿ, ਖਤਰਨਾਕ ਗਰਮੀ ਦੇ ਅਰਸਿਆਂ ਵਿਚ ਕੰਮ 'ਤੇ ਨਾ ਜਾ ਸਕਣ ਦਾ ਇਵਜ਼ਾਨਾ ਮਿਲੇ।



ਇਸ ਵਿਸ਼ੇ 'ਤੇ TED Talk ਦਿੰਦਿਆਂ।

*ਐਸਥਰ ਡਫ਼ਲੋ (ਜਨਮ 25 ਅਕਤੂਬਰ, 1972), ਬਰਤਾਨਵੀ ਅਕਾਦਮੀ ਦੀ ਫ਼ੈਲੋ (ਗਰੀਬੀ ਦੂਰ ਕਰਨ ਲਈ ਕੀਤੀ ਖੋਜ ਕਰਕੇ)। ਐਸਥਰ ਡਫ਼ਲੋ ਫ਼ਰਾਂਸੀਸੀ-ਅਮਰੀਕੀ ਅਰਥਸ਼ਾਸਤ੍ਰੀ। 2019 ਵਿਚ ਪਤੀ ਅਭਿਜੀਤ ਬੈਨਰਜੀ, ਅਤੇ ਮਾਈਕਲ ਕ੍ਰੇਮਰ ਨਾਲ ਅਰਥਸ਼ਾਸਤਰ ਵਿਚ ਨੋਬੇਲ ਸਨਮਾਨ ਮਿਲਿਆ। ਡਫ਼ਲੋ, ਨੀਤੀਆਂ ਨੂੰ ਤੋਲਣ-ਸੁਝਾਉਣ ਵਾਲੇ "ਅਬਦੁਲ ਲਤੀਫ਼ ਜਮੀਲ ਗਰੀਬੀ ਲਈ ਸਰਗਰਮੀ ਨਾਲ ਕੁਝ ਕਰਨ ਵਾਲੀ ਲੈਬ (J-PAL) ਦੀ MIT-ਅਧਾਰਤ ਕੇਂਦਰ ਦੀ ਸਹਿ-ਬਾਨੀ ਅਤੇ ਸਹਿ-ਨਿਰਦੇਸ਼ਕਾ ਹਨ। 2020 ਤੋਂ ਇਸ ਕੇਂਦਰ ਵੱਲੋਂ ਅਜ਼ਮਾਏ ਪ੍ਰੋਗਰਾਮਾਂ ਕਰਕੇ 40 ਕਰੋੜ ਤੋਂ ਵੱਧ ਲੋਕਾਂ ਉੱਤੇ ਅਸਰ ਪਿਆ ਹੈ। MIT ਵਿਚ ਨਿਯੁਕਤੀ ਦੇ ਨਾਲ ਨਾਲ ਪੈਰਿਸ ਸਕੂਲ ਆਫ਼ ਇਕਨੌਮਿਕਸ ਦੀ ਪ੍ਰਧਾਨ ਹਨ। 2026 ਤੋਂ ਪਤੀ ਪਤਨੀ ਜ਼ਿਊਰਿਕ, UZN ਵਿਚ ਹਨ।*

**ਬਚਪਨ, ਜਵਾਨੀ-**ਪਿਤਾ ਹਿਸਾਬ ਦੇ ਪ੍ਰੋਫ਼ੈਸਰ, ਮਾਂ ਬਾਲ ਡਾਕਟਰ। ਜਦੋਂ ਛੋਟੀ ਸੀ, ਐਸਥਰ ਦੀ ਮਾਂ ਅਕਸਰ ਸਫ਼ਰ 'ਤੇ ਰਹਿਣਾ-ਜੰਗ ਦੇ ਸ਼ਿਕਾਰ ਬੱਚਿਆਂ ਲਈ ਵਲੰਟੀਅਰ। ਐਸਥਰ ਨੇ 1993-94 ਵਿਚ ਮਾਸਕੋ ਵਿਚ ਫ੍ਰੈਂਚ ਪੜ੍ਹਾਉਣ ਦੀ ਅਸਿਸਟੈਂਟ ਦਾ ਕੰਮ ਕੀਤਾ, ਇਤਿਹਾਸ ਦੀ ਐਮ ਏ ਲਈ ਖੋਜ-ਲੇਖ ਲਿਖਿਆ। ਅਰਥਸ਼ਾਸਤਰ ਦੀ ਪੜ੍ਹਾਈ ਲਈ ਪ੍ਰੇਰਨਾ ਮਿਲੀ। ਮਾਸਕੋ ਵਿਚ, ਸੈਂਟ੍ਰਲ ਬੈਂਕ ਆਫ਼ ਰਸ਼ੀਆ ਵਿਚ ਜੈਫ਼ਰੀ ਸਾਕਸ,ਅਮਰੀਕੀ ਅਰਥਸ਼ਾਸਤ੍ਰੀ, ਦੀ ਖੋਜ ਸਹਾਇਕ ਰਹੀ -ਜਿਨ੍ਹਾਂ ਨੂੰ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਰੂਸ ਦੇ ਵਿੱਤ ਮੰਤਰਾਲੇ ਨੇ ਸਲਾਹ ਲਈ ਸੱਦਿਆ ਸੀ। ਇਸ ਤਜਰਬੇ ਤੋਂ ਐਸਥਰ ਨੇ ਇਹ ਨਤੀਜਾ ਕੱਢਿਆ ਕਿ "ਅਰਥਸ਼ਾਸਤਰ ਵਿਚ ਦੁਨੀਆ ਦੀ ਲੋੜ ਲਈ ਅਸਰਦਾਰ ਸੰਦ ਬਨਣ ਦੀ ਸਮਰੱਥਾ ਹੈ" ਅਤੇ, ਉਹ ਅਕਾਦਮਕ ਪੜ੍ਹਾਈ ਵਿਚ ਅੱਗੇ ਵਧਣ ਦੇ ਨਾਲ ਨਾਲ "ਕੁਝ ਜ਼ਰੂਰੀ ਕਰਨ ਵਾਲੇ ਕੰਮ" ਵੀ ਕਰ ਸਕੇਗੀ।

**ਪੂਨਮ ਸਿੰਘ**

YS DYS DYS RFJ KFLI inR pisrmOr

ਪ੍ਰੀਤ ਲੜੀ

THE OLDEST
LITERARY
PUNJABI MAGAZINE
IN THE WORLD

ਅੰਕ # 8
ਕੁਲ ਅੰਕ 945
ਜੁਲਾਈ 2026

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ
ਵਿਚ ਅਤੇ ਸ੍ਰੀ
ਪੀ ਐੱਚ ਵੈਸ਼ਨਵ
(IAS) ਮਰਹੂਮ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੋਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT,
NON-PROFIT PUBLICATION. WE RELY ON THE
SUPPORT OF OUR READERS AND PATRONS.
TO ENQUIRE ABOUT WAYS YOU CAN
COLLABORATE AND SUPPORT PREET LARI,
PLEASE CONTACT PREETLARHI@GMAIL.COM

| | |
|---|---|
| ₹ 50 | ਮੁੱਲ |
| ₹ 600 | ਸਾਲਾਨਾ ਚੰਦਾ |
| ₹ 25,000 | ਜੀਵਨ ਸਾਥ (ਭਾਰਤ) |
| ₹ 4,000 | ਵਿਦੇਸ਼ ਸਲਾਨਾ |
| ₹ 8,000 | ਵਿਦੇਸ਼ ਸੰਸਥਾਵਾਂ ਸਲਾਨਾ |

https://preetlari.in
Preet Lari's Blog

@preetlarimagazine on
Instagram

facebook.com/groups/
preetlari magazine

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

CONTACT:
PREET LARI,
VILLAGE PREET NAGAR
(DISTT AMRITSAR ) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

**FOR BANK TRANSFER,**
**OUR BANK ACCOUNT :**
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
*FOR UPI/GOOGLEPAY*
*9876263725*

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉੱਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ।"

**79ਵੇਂ ਅਜ਼ਾਦੀ ਦਿਵਸ ਦੀਆਂ ਮੁਬਾਰਕਾਂ!**

ਮੁੱਖ ਸਫ਼ਾ: "Enjoying My Morning Cuppa" (Bandana Kumari) 48x36"-Rs.1.92 L. Acrylic & Ink on canvas- '26
courtesy: http://www.verandahart.com/


ਸੰਪਾਦਕਾ, ਪ੍ਰੀਤ ਲੜੀ

| | | | | | | | |
|---|---|---|---|---|---|---|---|
| ਸ | ਸੰਪਾਦਕੀ | ਕ | ਕਹਾਣੀ | ਦ | ਦਾਰ ਜੀ ਨੂੰ ਯਾਦ ਕਰਦਿਆਂ | ਬ | ਬਾਲਾਂ ਲਈ |
| ਭ | ਭਖਦਾ | ਯ | ਯਾਦ | ਨ | ਨਵੀਂ ਕਿਤਾਬ | ਹੁੰ | ਹੁੰਗਾਰੇ |
| ਕਿ | ਕਵਿਤਾ | ਜ | ਜਾਣਕਾਰੀ | ਲ | ਲੜੀਵਾਰ | E | English Matter |
| ਨਾ | ਨਾਟਕ | ਹ | ਹਾਸ ਰਸ | ਮੁ | ਮੁਲਾਕਾਤ | | |


03 ਸੰ ਅਮੀਰਾਂ ਉੱਤੇ ਟੈਕਸ ਲਾਓ, ਅਤੇ ਧਰਤੀ ਨੂੰ ਬਚਾਓ ਐਸਥਰ ਡਫ਼ਲੋ
43 ਭ ਨਵ-ਜਵਾਨਾਂ ਦਾ ਰੋਸ ਪੂਨਮ ਸਿੰਘ
06 ਖ ਜਸਵੀਰ ਤਿਆਗੀ- ਪਿਤਾ ਉੱਤੇ ਅਤੇ ਹੋਰ ਕਵਿਤਾਵਾਂ
11 ਭ ਇਤਿਹਾਸ ਦੀ ਅਵਾਜ਼ ਸੁਣੀਏ, ਗੂੰਜਾਂ ਪਿੱਛੇ ਨਾ ਦੌੜੀਏ
ਰੱਤੀ ਕੰਤ ਸਿੰਘ, ਸੰਚਾਲਕ, ਪ੍ਰੀਤ ਲੜੀ
24 ਭ ਮਾਰਕਸ ਦੇ "ਕਮਿਊਨਿਸਟਵਾਦ" ਬਾਰੇ ਅਕਸਰ ਲੱਗਦੀ ਗ਼ਲਤੀ
35 ਜ ਗੁਰਬਖ਼ਸ਼ ਸਿੰਘ ਦੀ ਪੰਜਾਬ ਨੂੰ ਦੇਣ (48ਵੀਂ ਬਰਸੀ 'ਤੇ)
ਗੁਰਚਰਨ ਸਿੰਘ ਸਹਿੰਸਰਾ
38 ਖ ਗੁਰਦਵਾਰਾ ਸੁਧਾਰਾਂ ਪਿਛਲੀ ਇਖ਼ਲਾਕੀ ਤਾਕਤ ਤਰਨਜੀਤ ਸਿੰਘ ਸੰਧੂ
44 ਦ ਜੀਵਨ ਦੇ ਤਿੰਨ ਵਖਰੇ ਮਾਰਗ ਗੁਰਬਖ਼ਸ਼ ਸਿੰਘ

07 ਕ ਖਿਮਾਂ ਮੁਨਸ਼ੀ ਪ੍ਰੇਮ ਚੰਦ
12 ਕ ਕੈਟਾਗਰੀ ਮੋਹਨ ਲਾਲ ਫ਼ਲੌਰੀਆ
13 ਕ ਮੇਰੇ ਅਗਲੇ ਵੀ ਨਹੀਂ ਲਿਖਣਗੇ ਗੁਰਚਰਨ ਸਿੰਘ ਸਹਿੰਸਰਾ
("ਕਿਰਤੀ" ਅਖ਼ਬਾਰ ਦਾ100ਵਾਂ ਸਾਲ)
18 ਕ ਇੱਕ ਧੀ... ਤੇ ਸੈਂਕੜੇ ਬੱਚਿਆਂ ਦੀਆਂ ਦੁਆਵਾਂ ਡਾ. ਵਿਜੈ ਗਰਗ
19 ਕ ਅਨਾਮ ਰਿਸ਼ਤਾ ਡਾ.ਰਾਜਿੰਦਰ ਸਿੰਘ ਕਨੌਜੀਆ

30 ਕਿ ਦੋ ਕਵਿਤਾਵਾਂ ਪਰਵੀਨ ਕੌਰ, ਕੈਨੇਡਾ


23 ਯ ਹਿਜੜੇ ਮਨਮੋਹਨ ਸਿੰਘ
29 ਯ ਸਾਉਣ ਮਹੀਨੇ ਦੀ ਆਮਦ ਤਰਸੇਮ ਬਸ਼ਰ
31 ਜ ਨਾਉ ਦਮੋਦਰ ਜਾਤ ਗਲਹਾਟੀ... ਪ੍ਰੇਮਲਤਾ
42 ਜ ਘਰੇਲੂ ਮਿਹਨਤ ਨੂੰ ਸਲਾਮ ਡਾ. ਵਿਜੇ ਗਰਗ


## *25-28 ਨਿੱਕਿਆਂ ਦੀ ਨੁੱਕਰ*


25 ਕਿ ਦੋ ਕਵਿਤਾਵਾਂ
26 ਜ ਕਵਿਤਾ ਅਨੋਖੀ ਕਲਾਕਾਰ* ਮੇਅ ਸਾਰਟੋਨ; ਸਿਰੀ ਹਥਣੀ
27 ਜ ਵਿਸ਼ਵ ਹਾੱਕੀ ਕੱਪ ਦੀ ਟਰਾਫ਼ੀ ਇਕਬਾਲ ਸਿੰਘ ਸਰੋਆ
28 ਯ ਮੈਂ ਕਦੇ.. ਧੀਆਂ ਨੂੰ ਨਹੀਂ ਸੀ ਦੱਸਿਆ ਕਿ ਮੈਂ ਕੀ ਕੰਮ ਕਰਦਾ ਹਾਂ

40 ਲ ਰੇਡੀਓ ਦੀਆਂ ਯਾਦਾਂ -30 ਦੇਵਿੰਦਰ ਮਹਿੰਦਰੂ
41 ਲ ਰੌਸ਼ਨ ਅੱਖਰ - "ਸੁਣ ਸਖੀਏ" ਡਾ. ਨਵਦੀਪ ਕੌਰ

47 E Capt. Amarinder Singh on Operation Blue Star,
KPS Gill, Bhai Khalra... Satluj....
KBS Sidhu IAS Retd.
48 E Happiest Moment of Ratan Tata's Life!
49 E How to Be More Alive : The Samurai Guide to
Dying Every Day Maria Popova



ਗੁਰਬਖ਼ਸ਼ ਸਿੰਘ, ਨਵਤੇਜ ਸਿੰਘ

# ਜਸਵੀਰ ਤਿਆਗੀ-
## ਕੁਝ ਕਵਿਤਾਵਾਂ



## ਪਿਤਾ ਜੀ

ਮੇਰੇ ਪਿਤਾਜੀ ਘੱਟ ਬੋਲਦੇ ਹਨ
ਉਨ੍ਹਾਂ ਨੂੰ ਕਦੇ ਖੁੱਲ੍ਹ ਕੇ ਹੱਸਦਿਆਂ
ਨਹੀਂ ਵੇਖਿਆ
ਅਕਸਰ ਉਹ ਧੁੱਪ ਤੇ ਮੀਂਹ 'ਚ
ਬਾਹਰ ਹੁੰਦੇ ਹਨ

ਮੈਂ ਕਈ ਵੇਰ ਮਨ ਹੀ ਮਨ ਸੋਚਦਾਂ
ਪਿਤਾਜੀ 'ਕੱਲਿਆਂ ਹੀ
ਧੁੱਪ ਤੇ ਮੀਂਹ ਨਾਲ ਲੜ ਰਹੇ ਹੋਣਗੇ

ਘਰ ਆ ਕੇ ਉਹ ਚੁੱਪ ਰਹਿੰਦੇ ਹਨ
ਤੇ ਇੱਕੋ ਕੁਰਸੀ ਉੱਤੇ ਬੈਠੇ ਬੈਠੇ,
ਕਈ ਕਈ ਘੰਟੇ ਕਿਤਾਬਾਂ ਵਾਚਦੇ ਰਹਿੰਦੇ ਨੇ
ਓਸ ਵੇਲੇ ਜਿਵੇਂ ਕੋਈ ਪੁਜਾਰੀ ਹੋਣ
ਬਾਹਰ ਜਾਣ ਵੇਲੇ
ਉਨ੍ਹਾਂ ਦਾ ਧਿਆਨ ਵਾਰ ਵਾਰ ਘੜੀ
'ਤੇ ਹੀ ਰਹਿੰਦਾ ਹੈ
ਸ਼ਾਮੀਂ ਵੇਖਦਾਂ ਉਨ੍ਹਾਂ ਦੀਆਂ ਅੱਖਾਂ 'ਤੇ
ਸਾਰੇ ਦਿਨ ਦਾ ਘੱਟਾ ਘਰ ਪਾਈ ਬੈਠਾ ਹੈ

ਮੈਨੂੰ ਰੋਜ਼ ਪੁੱਛਦੇ ਨੇ
ਅੱਜ ਪੜ੍ਹਾਈ ਕੀਤੀ ਸੀ...?
ਮੈਂ ਕਹਿੰਦਾਂ ..ਹਾਂ ਜੀ

ਉਨ੍ਹਾਂ ਦਾ ਘੱਟ ਬੋਲਣਾ
ਮੈਨੂੰ ਬਹੁਤ ਔਖਿਆਂ ਕਰਦਾ ਹੈ

ਫੇਰ ਇੱਕ ਦਿਨ ਮੈਂ ਮਾਂ ਨੂੰ ਪੁੱਛਿਆ ਸੀ
ਪਿਤਾਜੀ ਹੱਸਦੇ ਕਿਉਂ ਨਹੀਂ
ਮਾਂ ਨੇ ਦੱਸਿਆ- ਪਿਤਾ ਅਜਿਹੇ ਹੀ ਹੁੰਦੇ ਨੇ

ਇਹੋ ਜਿਹੇ ਹੀ ਕਿਉਂ..?
ਇਹੀ ਸਭ ਤਾਂ ਮੈਂ ਜਾਨਣਾ ਚਾਹੁੰਦਾ ਹਾਂ

ਚਾਣਚੱਕ ਮੈਨੂੰ ਫੁਰਨਾ ਫੁਰਿਆ
ਆਪਣੇ ਜਨਮਦਿਨ 'ਤੇ ਪਿਤਾਜੀ ਨਾਲ
ਚਾਰਲੀ ਚੈਪਲਿਨ ਦੀ ਫ਼ਿਲਮ ਵੇਖਾਂਗਾ
ਓਦੋਂ ਉਹ ਜ਼ਰੂਰ ਹੱਸਣਗੇ
ਪਰ! ਨਹੀਂ!
ਓਦਨ ਵੀ ਆਮ ਸਨ -ਹਰ ਰੋਜ਼ ਵਾਂਗ

ਆਖਿਰਕਾਰ ਇੱਕ ਦਿਨ
ਮਨ ਬੰਨ੍ਹ ਕੇ ਪੁੱਛ ਹੀ ਲਿਆ
ਪਿਤਾਜੀ ਤੁਸੀਂ ਹੱਸਦੇ ਕਿਉਂ ਨਹੀਂ?
ਮੇਰੀ ਗੱਲ ਸੁਣ ਕੇ ਪਿਤਾ ਜੀ ਹੱਸੇ ਸਨ
ਤੇ ਮੇਰੀ ਪਿੱਠ ਥਾਪੜ ਕੇ ਕਿਹਾ ਸੀ

ਬਰਖੁਰਦਾਰ ਵਕਤ ਪਛਾਨਣਾ ਸਿੱਖੋ
ਮੈਂ ਰਾਤੀਂ ਕਿੰਨਾ ਹੀ ਚਿਰ, ਵਕਤ
ਪਛਾਨਣ ਦਾ ਮਤਲਬ ਲੱਭਦਾ ਰਿਹਾ

ਕੁਝ ਹੱਥ ਨਾ ਲੱਗਾ
ਓਸ ਵੇਲੇ ਨਿਰਾ ਬਾਲਕ ਸੀ
ਬਾਹਰ ਦੀ ਧੁੱਪ ਤੇ ਮੀਂਹ ਤੋਂ ਬੇਧਿਆਨ

ਜਦੋਂ ਆਪ ਪਿਓ ਬਣਿਆ
ਹੁਣ ਸਮਝ ਸਕਿਆ ਹਾਂ
ਪਿਤਾਜੀ ਦੇ ਚੁੱਪ ਰਹਿਣ ਦੀ ਵਜ੍ਹਾ
ਅਤੇ ਵਕਤ ਨੂੰ ਪਛਾਨਣ ਦਾ ਮਤਲਬ।

## ਪਹਾੜ ਬਣਦੇ ਪਿਤਾ

ਜਦੋਂ ਕਦੇ ਜੀਵਨ ਵਿਚ
ਸੁੱਖ-ਦੁੱਖ ਆਉਂਦਾ ਹੈ

ਵਰ੍ਹਿਆਂ ਪਹਿਲਾਂ ਗਏ ਪਿਤਾ
ਚੇਤੇ ਆਉਣ ਲੱਗਦੇ ਨੇ ਸਹਿਜੇ-ਹੀ

ਉਨ੍ਹਾਂ ਦੇ ਅਨੇਕਾਂ ਅਕਸ
ਅੱਖਾਂ ਦੇ ਸ਼ੀਸ਼ੇ 'ਚ ਜਿਊਂਦੇ ਹੋ ਜਾਂਦੇ ਨੇ
ਚੇਤਿਆਂ ਦਾ ਕਾਰਵਾਂ
ਬਹੁਤ ਅੱਗੇ ਨਿੱਕਲ ਜਾਂਦਾ ਹੈ

ਅਤੇ ਵੇਖਦੇ ਹੀ ਵੇਖਦੇ
ਪਿਤਾ ਇੱਕ ਪਹਾੜ ਵਿਚ
ਬਦਲਦੇ ਹੋਏ ਵਿਖਣ ਲੱਗਦੇ ਨੇ

ਮੈਨੂੰ ਆਪਣਾ ਆਪ
ਪਹਾੜ ਦੀ ਗੋਦੀਓਂ ਨਿੱਕਲਦਾ
ਕਿਸੇ ਝਰਨੇ ਵਾਂਗੂੰ ਲੱਗਣ ਲੱਗਦਾ ਹੈ

## ਨੇਹੁ ਦੀ ਨਦੀ

ਕਦੇ-ਕਦੇ
ਮੈਂ ਉਨ੍ਹਾਂ ਨਾਲ ਕੋਈ ਮਖੌਲ
ਜਾਂ ਚੁਹਲਬਾਜ਼ੀ ਕਰ ਲੈਂਦਾ ਹਾਂ
ਜਿਸ ਨਾਲ ਉਨ੍ਹਾਂ ਦੇ ਚਿਹਰੇ 'ਤੇ
ਮੁਸਕਰਾਹਟ ਦਾ ਕੋਈ ਮੋਤੀ
ਚਮਕਣ ਲੱਗਦਾ ਹੈ
ਖੁਸ਼ੀ ਦੀ ਪਤੰਗ
ਅਪਣੱਤ ਦੇ ਅਸਮਾਨ 'ਚ ਉੱਡਣ
ਲੱਗਦੀ ਹੈ
ਜ਼ਿੰਦਗੀ ਦੇ ਦੁੱਖਾਂ ਦੇ ਦਰਿਆ ਵਿਚ
ਜਿਵੇਂ ਕੋਈ ਤੈਰਦਾ ਹੋਇਆ ਫੁੱਲ
ਦਿਸ ਪੈਂਦਾ ਹੋਏ
ਬੱਸ ਏਨੇ ਨਾਲ ਹੀ ਇੱਕ ਉਦਾਸ ਦਿਨ
ਉਮੰਗ ਦੀ ਉਡਾਨ 'ਚ ਬਦਲ ਜਾਂਦਾ ਹੈ
ਚਾਹੁੰਦਾ ਹਾਂ, ਇਸ ਸੰਸਾਰ ਵਿਚ
ਸਰਲਤਾ, ਨਿਰਮਲਤਾ ਬਚੀ ਰਹੇ
ਇਨਸਾਨ ਦੇ ਚਿੱਤ ਵਿਚ
ਦੂਸਰੇ ਇਨਸਾਨ ਦੇ ਲਈ
ਨੇਹੁੰ ਦੀ ਇੱਕ ਨਦੀ ਵਹਿੰਦੀ ਰਹੇ

## ਭਿੱਜਣਾ

ਘਣਾ ਮੀਂਹ ਹੈ
ਲੋਕ ਬਚ ਰਹੇ ਨੇ
ਡਰ ਰਹੇ ਨੇ
ਕਿਤੇ ਭਿੱਜ ਨਾ ਜਾਈਏ
ਭਿੱਜਣਾ ਹਰੇਕ ਦੇ ਹਿੱਸੇ ਨਹੀਂ ਹੁੰਦਾ
ਜੋ ਭਿੱਜ ਨਹੀਂ ਪਾਉਂਦੇ
ਉਹ ਸੁੱਕੇ ਹੀ ਛੁੱਟ ਜਾਂਦੇ ਨੇ
ਭਿੱਜਣਾ ਮਨੁੱਖ ਹੋਣਾ ਹੈ।

## ਲੋੜ

ਸਕੂਲੋਂ ਘਰ ਪਰਤਦਿਆਂ
ਬੇਟੀ ਨੇ ਕਿਹਾ -
ਪਾਪਾ, ਕਿਸੇ ਬੁੱਢੇ ਆਦਮੀ ਦੇ ਰਿਕਸ਼ੇ
ਵਿਚ ਹੀ ਬੈਠਣਾ
ਮੈਂ ਪੁੱਛਿਆ- ਕਿਉਂ?
ਉਹ ਕਹਿੰਦੀ- ਹਰੇਕ ਨੂੰ ਕਾਹਲੀ ਹੈ
ਟਿਕਾਣੇ ਪਹੁੰਚਣ ਦੀ
ਜਵਾਨ ਦੇ ਰਿਕਸ਼ੇ ਬੈਠਦੇ ਨੇ ਬਹੁਤੇ ਲੋਕ
ਬੁੱਢੇ ਰਿਕਸ਼ਾ ਹੌਲੀ ਖਿੱਚਦੇ ਨੇ
ਘੱਟ ਮਿਲਦੀ ਐ ਸਵਾਰੀ
ਉਨ੍ਹਾਂ ਨੂੰ ਵੀ ਪੈਸੇ ਦੀ ਲੋੜ ਹੁੰਦੀ ਹੋਏਗੀ
ਨਹੀਂ ਤਾਂ ਕਿਸਨੂੰ ਚੰਗਾ ਲੱਗਦੈ
ਅਰਾਮ ਕਰਨ ਦੀ ਉਮਰੇ ਕੰਮ ਕਰਨਾ?

## ਤੇਰੇ ਚਲੇ ਜਾਣੋਂ ਬਾਅਦ

ਤੇਰੇ ਚਲੇ ਜਾਣੋਂ ਬਾਅਦ
ਮੈਂ ਮਰਿਆ ਨਹੀਂ
ਤੇ ਨਾ ਹੀ
ਆਪਣੇ ਰਾਹੋਂ ਵੱਖ ਜਾ ਡਿੱਗਾ

ਤੇਰੇ ਚਲੇ ਜਾਣੋਂ ਬਾਅਦ
ਮੈਂ ਕਿਸੇ ਵੀ ਦਿਨ
ਨਹੀਂ ਹੋਇਆ ਉਦਾਸ

ਆਪਣੀ ਡਾਇਰੀ ਵਿਚ
ਇਹੀ ਲਿਖਦਾ ਹਾਂ ਹਰ ਰੋਜ਼

ਵੇਖ, ਮੈਂ ਤੈਨੂੰ
ਅੱਜ ਫੇਰ ਨਹੀਂ ਕੀਤਾ
ਪਹਿਲਾਂ ਵਾਂਗੂੰ ਚੇਤੇ
ਤੇਰੇ ਚਲੇ ਜਾਣੋਂ ਬਾਅਦ

ਅਨੁਵਾਦ: ਪੂਨਮ ਸਿੰਘ। ਲੇਖਕ ਦਿੱਲੀ ਯੂਨੀਵਰਸਿਟੀ ਦੇ ਰਾਜਧਾਨੀ ਕਾਲਜ ਵਿਚ ਹਿੰਦੀ ਦੇ ਪ੍ਰੋਫੈਸਰ ਹਨ। ਦਿੱਲੀ - 98183-89571

# ਖਿਮਾਂ
## ਮੁਨਸ਼ੀ ਪ੍ਰੇਮ ਚੰਦ

1

**ਮੁਸਲਮਾਨਾਂ** ਨੂੰ ਸਪੇਨ-ਦੇਸ਼ 'ਤੇ ਰਾਜ ਕਰਦਿਆਂ ਕਈ ਸਦੀਆਂ ਬੀਤ ਚੁੱਕੀਆਂ ਸਨ। ਗਿਰਜਿਆਂ ਦੀ ਥਾਂ ਮਸਜਿਦਾਂ ਉਸਰਦੀਆਂ ਜਾ ਰਹੀਆਂ ਸਨ, ਟੱਲਾਂ ਦੀ ਥਾਂ ਅਜ਼ਾਨ ਦੀਆਂ ਅਵਾਜ਼ਾਂ ਆਉਂਦੀਆਂ ਸਨ। ਗਰਨਾਤਾ ਅਤੇ ਅਲਹਮਰਾ ਵਿੱਚ ਪ੍ਰਾਰਥਣਾਘਰ ਸਮੇਂ ਦੀ ਫ਼ਾਨੀ ਹਾਲਤ 'ਤੇ ਹੱਸਣ ਵਾਲੇ ਬਣ ਚੁੱਕੇ ਸਨ, ਜਿਨ੍ਹਾਂ ਦੇ ਖੰਡਰ ਹੁਣ ਤੱਕ ਦੇਖਣਵਾਲ਼ਿਆਂ ਨੂੰ ਆਪਣੀ ਪਹਿਲੜੀ ਸ਼ਾਨੋ-ਸ਼ੌਕਤ ਦੀ ਝਲਕ ਦਿਖਾਉਂਦੇ ਹਨ। ਇਸਾਈਆਂ ਦੇ ਪਤਵੰਤੇ ਤੀਵੀਆਂ-ਮਰਦ ਮਸੀਹ ਦੀ ਸ਼ਰਨ ਛੱਡ, ਇਸਲਾਮੀ ਭਾਈਚਾਰੇ ਵਿੱਚ ਸ਼ਾਮਲ ਹੁੰਦੇ ਜਾਂਦੇ ਸਨ, ਅਤੇ ਅੱਜ ਤੱਕ ਇਤਿਹਾਸਕਾਰਾਂ ਨੂੰ ਇਹ ਹੈਰਾਨੀ ਹੈ ਕਿ ਇਸਾਈਆਂ ਦਾ ਨਾਂ-ਨਿਸ਼ਾਨ ਓਥੇ ਬਚਿਆ ਕਿਵੇਂ ਰਿਹਾ! ਜਿਹੜੇ ਈਸਾਈ-ਆਗੂ ਅਜੇ ਤੱਕ ਮੁਸਲਮਾਨਾਂ ਅੱਗੇ ਸਿਰ ਨਹੀਂ ਸਨ ਝੁਕਾਉਂਦੇ, ਅਤੇ ਆਪਣੇ ਦੇਸ਼ ਵਿੱਚ ਆਪਣਾ-ਰਾਜ ਖੜ੍ਹਾ ਕਰਨ ਦਾ ਸੁਫ਼ਨਾ ਵੇਖ ਰਹੇ ਸਨ, ਉਨ੍ਹਾਂ ਵਿੱਚ ਇੱਕ ਵਪਾਰੀ ਦਾਊਦ ਵੀ ਸੀ। ਦਾਊਦ ਵਿਦਵਾਨ ਅਤੇ ਹੌਸਲੇ ਵਾਲ਼ਾ ਸੀ। ਉਹ ਆਪਣੇ ਇਲਾਕੇ ਵਿੱਚ ਇਸਲਾਮ ਨੂੰ ਪੈਰ ਨਹੀਂ ਸੀ ਲਾਉਣ ਦਿੰਦਾ। ਲਚਾਰ ਅਤੇ ਗ਼ਰੀਬ ਇਸਾਈ ਬਾਗ਼ੀ, ਦੇਸ਼ ਦੇ ਹੋਰ ਸੂਬਿਆਂ ਤੋਂ ਆ ਉਸਦੀ ਸ਼ਰਨ ਲੈ ਲੈਂਦੇ ਸਨ ਅਤੇ ਉਹ ਬੜੀ ਫ਼ਰਾਖ਼ਦਿਲੀ ਨਾਲ਼ ਉਨ੍ਹਾਂ ਦਾ ਪਾਲਣ-ਪੋਸਣ ਕਰਦਾ ਸੀ। ਮੁਸਲਮਾਨ ਦਾਊਦ ਤੋਂ ਘਬਰਾਉਂਦੇ ਸਨ। ਉਹ ਮਜ਼੍ਹਬੀ-ਤਾਕਤ ਨਾਲ਼ ਉਸਨੂੰ ਜਿੱਤ ਨਾ ਸਕਣ ਕਰਕੇ ਹਥਿਆਰ-ਬਲ ਨਾਲ ਹਰਾਉਣਾ ਚਾਹੁੰਦੇ ਸਨ; ਪਰ ਦਾਊਦ ਕਦੇ ਉਨ੍ਹਾਂ ਨਾਲ ਭਿੜਦਾ ਨਾ। ਹਾਂ, ਜਿੱਥੇ ਕਿਤੇ ਇਸਾਈਆਂ ਦੇ ਮੁਸਲਮਾਨ ਹੋਣ ਦੀ ਸੂਹ ਮਿਲਦੀ, ਹਵਾ ਵਾਂਗ ਪੁੱਜ ਜਾਂਦਾ ਅਤੇ ਤਰਕ ਜਾਂ ਬੇਨਤੀ ਨਾਲ ਉਨ੍ਹਾਂ ਨੂੰ ਆਪਣੇ ਧਰਮ 'ਤੇ ਅਟੱਲ ਰਹਿਣ ਦੀ ਪ੍ਰੇਰਣਾ ਦਿੰਦਾ। ਅਖੀਰ ਮੁਸਲਮਾਨਾਂ ਉਸਨੂੰ ਚਾਰੇ ਪਾਸਿਓਂ ਘੇਰ ਕੇ ਗ੍ਰਿਫਤਾਰ ਕਰਨ ਦੀ ਤਿਆਰੀ ਕੀਤੀ। ਫ਼ੌਜਾਂ ਉਸਦੇ ਇਲਾਕੇ ਨੂੰ ਘੇਰਾ ਪਾ ਲਿਆ। ਦਾਊਦ ਨੂੰ ਜਾਨ ਬਚਾਉਣ ਲਈ ਆਪਣੇ ਰਿਸ਼ਤੇਦਾਰਾਂ ਸੰਗ ਨੱਸਣਾ ਪਿਆ। ਉਹ ਘਰੋਂ ਭੱਜ ਗਰਨਾਤਾ ਸ਼ਹਿਰ ਆਇਆ, ਜਿੱਥੇ ਉਨ੍ਹੀਂ ਦਿਨੀਂ ਇਸਲਾਮੀ ਰਾਜਧਾਨੀ ਸੀ। ਉੱਥੇ ਸਾਰਿਆਂ ਤੋਂ ਵੱਖਰਾ ਰਹਿ ਕੇ ਉਹ ਚੰਗੇ ਦਿਨਾਂ ਦੀ ਉਡੀਕ ਵਿੱਚ ਦਿਨ ਕੱਢਣ ਲੱਗਾ। ਮੁਸਲਮਾਨਾਂ ਦੇ ਸੂਹੀਏ ਉਸਦੀ ਪੈੜ ਨੱਪਣ ਲਈ ਬੜਾ ਸਿਰ ਖਪਾਉਂਦੇ ਸੀ, ਉਸਨੂੰ ਫੜ ਲਿਆਉਣ ਲਈ ਵੱਡੇ-ਵੱਡੇ ਇਨਾਮਾਂ ਦੇ ਹੁਕਮ ਕੱਢੇ ਜਾਂਦੇ, ਪਰ ਦਾਊਦ ਦੀ ਟੋਹ ਨਹੀਂ ਮਿਲਦੀ ਸੀ।



ਮੁਸਲਮਾਨਾਂ ਹੇਠ ਸਪੇਨ -ਮੱਧ ਯੁਗ

2


ਇੱਕ ਦਿਨ ਇਕੱਲਾ ਰਹਿ ਰਹਿ ਕੇ ਅੱਕਿਆ ਦਾਊਦ ਗਰਨਾਤਾ ਦੇ ਇੱਕ ਬਾਗ ਵਿੱਚ ਸੈਰ ਕਰਨ ਚਲਾ ਗਿਆ। ਸ਼ਾਮ ਪੈ ਗਈ ਸੀ। ਮੁਸਲਮਾਨ ਆਪਣੇ ਢਿੱਲੇ-ਲੰਮੇ ਚੋਗੇ (ਅਬਾਇਆ-ਅਨੁ.) ਪਹਿਨੀਂ, ਵੱਡੇ-ਵੱਡੇ ਅਮਾਮੇ (ਪੱਗੜ-ਅਨੁ.) ਸਿਰਾਂ 'ਤੇ ਬੰਨ੍ਹੀਂ, ਲੱਕ ਨਾਲ਼ ਤਲਵਾਰਾਂ ਟੰਗੀ ਕਿਆਰੀਆਂ ਦੇ ਨਾਲ ਨਾਲ ਟਹਿਲ ਰਹੇ ਸਨ। ਤੀਵੀਆਂ ਚਿੱਟੇ ਬੁਰਕਿਆਂ ਵਿਚ, ਜ਼ਰੀ ਦੀਆਂ ਜੁੱਤੀਆਂ ਪਹਿਨੀਂ ਬੈਂਚਾਂ ਅਤੇ ਕੁਰਸੀਆਂ 'ਤੇ ਬੈਠੀਆਂ ਹੋਈਆਂ ਸਨ। ਦਾਊਦ ਸਾਰਿਆਂ ਤੋਂ ਵੱਖ ਹਰੀ-ਹਰੀ ਘਾਹ ਉੱਤੇ ਲੰਮਾ ਪਿਆ ਸੋਚ ਰਿਹਾ ਸੀ ਕਿ ਉਹ ਦਿਨ ਕਦੋਂ ਆਏਗਾ, ਜਦੋਂ ਸਾਡੀ ਜਨਮਭੂਮੀ ਇਨ੍ਹਾਂ ਜ਼ਾਲਮਾਂ ਦੇ ਪੰਜਿਓਂ ਛੁੱਟੇਗੀ! ਉਹ ਓਸ ਬੀਤ ਚੁੱਕੇ ਸਮੇਂ ਦੀ ਕਲਪਨਾ ਕਰ ਰਿਹਾ ਸੀ, ਜਦੋਂ ਇਸਾਈ ਤੀਵੀਆਂ ਅਤੇ ਮਰਦ ਬਾਗ ਦੀਆਂ ਇਨ੍ਹਾਂ ਕਿਆਰੀਆਂ ਦੇ ਆਸੇ ਪਾਸੇ ਟਹਿਲਦੇ ਰਹੇ ਹੋਣਗੇ, ਅਤੇ ਜਦੋਂ ਇਹ ਥਾਂ ਇਸਾਈਆਂ ਦੀ ਆਪਸੀ ਸੁਖਾਵੀਂ ਗੱਲਬਾਤ ਨਾਲ ਬਾਗੋ ਬਾਗ ਹੁੰਦੀ ਰਹੀ ਹੋਏਗੀ।

ਚਾਣਚੱਕ ਇੱਕ ਮੁਸਲਮਾਨ ਨੌਜਵਾਨ ਆ ਕੇ ਦਾਊਦ ਕੋਲ਼ ਬਹਿ ਗਿਆ। ਉਹ ਉਸਨੂੰ ਸਿਰ ਤੋਂ ਪੈਰ ਤੱਕ ਬੇਇਜ਼ਤੀ ਦੇ ਲਹਿਜ਼ੇ ਨਾਲ਼ ਤੱਕਦਾ ਬੋਲਿਆ, "ਤਾਂ ਅਜੇ ਤੱਕ ਤੇਰਾ ਦਿਲ ਇਸਲਾਮ ਦੇ ਚਾਨਣੇ ਨਾਲ਼ ਰੌਸ਼ਨ ਨਹੀਂ ਹੋਇਆ?"

ਦਾਊਦ ਨੇ ਗੰਭੀਰਤਾ ਨਾਲ ਕਿਹਾ, "ਇਸਲਾਮ ਦੀ ਰੌਸ਼ਨੀ ਪਹਾੜਾਂ ਦੀਆਂ ਚੋਟੀਆਂ ਰੁਸ਼ਨਾਅ ਸਕਦੀ ਹੈ। ਹਨੇਰੀਆਂ ਘਾਟੀਆਂ 'ਚ ਨਹੀਂ ਵੜ ਸਕਦੀ।"

ਓਸ ਮੁਸਲਮਾਨ ਅਰਬ ਦਾ ਨਾਂ ਜਮਾਲ ਸੀ। ਉਹ ਇਹ ਨਘੋਚ ਸੁਣ ਤਿੱਖੀ ਅਵਾਜ਼ ਵਿੱਚ ਬੋਲਿਆ, "ਇਹ ਕਹਿਣ ਤੋਂ ਤੇਰਾ ਮਤਲਬ ਕੀ ਹੈ ?"

ਦਾਊਦ- "ਇਸ ਤੋਂ ਮੇਰਾ ਮਤਲਬ ਇਹੀ ਹੈ ਕਿ ਇਸਾਈਆਂ ਵਿੱਚੋਂ ਜਿਹੜੇ ਉੱਚੇ-ਤਬਕੇ ਦੇ ਹਨ, ਉਹ, ਜਗੀਰਾਂ ਅਤੇ ਸਰਕਾਰੀ-ਅਖ਼ਤਿਆਰਾਂ ਦੇ ਲਾਲਚ ਵਿਚ ਅਤੇ ਸਰਕਾਰੀ-ਸਜ਼ਾ ਦੇ ਡਰੋਂ ਇਸਲਾਮ ਦੀ ਸ਼ਰਨ ਵਿੱਚ ਆ ਸਕਦੇ ਹਨ; ਪਰ ਕਮਜ਼ੋਰ ਅਤੇ ਗ਼ਰੀਬ ਇਸਾਈਆਂ ਨੂੰ ਇਸਲਾਮ ਵਿੱਚ ਉਹ ਅਸਮਾਨ ਦੀ ਬਾਦਸ਼ਾਹਤ ਕਿੱਥੇ ਦਿਸਦੀ ਹੈ ਜੋ ਹਜ਼ਰਤ ਮਸੀਹ ਦੇ ਦਾਮਨ ਤੋਂ ਉਨ੍ਹਾਂ ਨੂੰ ਨਸੀਬ ਹੋਏਗੀ! ਇਸਲਾਮ



ਮੁਨਸ਼ੀ ਪ੍ਰੇਮ ਚੰਦ

ਦਾ ਪ੍ਰਚਾਰ ਤਲਵਾਰ ਦੇ ਜ਼ੋਰ ਨਾਲ਼ ਹੋਇਆ ਹੈ, ਸੇਵਾ ਨਾਲ਼ ਨਹੀਂ।''

ਜਮਾਲ ਨੂੰ ਆਪਣੇ ਧਰਮ ਵੱਲ ਉਂਗਲ ਕੀਤੀ ਜਾਣ ਤੋਂ ਸੱਤੀਂ ਕੱਪੜੀਂ ਅੱਗ ਲੱਗ ਗਈ। ਗਰਮ ਹੁੰਦਾ ਬੋਲਿਆ, ''ਇਹ ਸਰਾਸਰ ਝੂਠ ਹੈ। ਇਸਲਾਮ ਦੀ ਤਾਕਤ ਹੈ ਉਸਦੇ ਅੰਦਰਲਾ ਭਰੱਪਣ ਅਤੇ ਬਰਾਬਰੀ, ਤਲਵਾਰ ਨਹੀਂ।''

ਦਾਊਦ ਨੇ ਜਵਾਬ ਦਿੱਤਾ,

''ਇਸਲਾਮ ਨੇ ਮਜ਼ਹਬ ਦੇ ਨਾਂ 'ਤੇ ਜਿੰਨਾ ਖ਼ੂਨ ਵਹਾਇਆ ਹੈ, ਓਸ ਵਿੱਚ ਉਸਦੀਆਂ ਸਾਰੀਆਂ ਮਸਜਿਦਾਂ ਡੁੱਬ ਜਾਣਗੀਆਂ।''

ਜਮਾਲ ਬੋਲਿਆ, ''ਤਲਵਾਰ ਨੇ ਹਮੇਸ਼ਾ ਸੱਚ ਦੀ ਰਾਖੀ ਕੀਤੀ ਹੈ।''

ਦਾਊਦ ਨੇ ਅਡੋਲ ਭਾਵ ਨਾਲ ਕਿਹਾ, ''ਜਿਸਨੂੰ ਤਲਵਾਰ ਦਾ ਆਸਰਾ ਲੈਣਾ ਪਏ, ਉਹ ਸੱਚ ਹੀ ਨਹੀਂ।''

ਜਮਾਲ ਨੇ ਆਪਣੇ ਕੌਮੀ-ਖ਼ਾਸੇ ਉੱਤੇ ਗ਼ਰੂਰ ਕਰਦਿਆਂ ਕਿਹਾ, ''ਜਦੋਂ ਤੱਕ ਝੂਠ ਦੇ ਚੇਲੇ ਰਹਿਣਗੇ, ਉਦੋਂ ਤੱਕ ਤਲਵਾਰ ਦੀ ਲੋੜ ਵੀ ਰਹੇਗੀ।''

ਦਾਊਦ ਬੋਲਿਆ, ''ਤਲਵਾਰ ਦਾ ਮੂੰਹ ਤੱਕਣ ਵਾਲਾ ਸੱਚ ਹੀ (ਤਾਂ) ਝੂਠ ਹੈ।''

ਅਰਬ ਨੇ ਤਲਵਾਰ ਦੇ ਮੁੱਠੇ 'ਤੇ ਹੱਥ ਰੱਖਦਿਆਂ ਕਿਹਾ, ''ਖ਼ੁਦਾ ਦੀ ਕਸਮ, ਜੇ ਤੂੰ ਨਿਹੱਥਾ ਨਾ ਹੁੰਦਾ, ਤੈਨੂੰ ਇਸਲਾਮ ਦੀ ਤੌਹੀਨ ਕਰਨ ਦਾ ਮਜ਼ਾ ਚਖ਼ਾਅ ਦਿੰਦਾ।''

ਦਾਊਦ ਨੇ ਆਪਣੀ ਛਾਤੀ ਵਿੱਚ ਲੁਕਾਈ ਕਟਾਰ ਕੱਢਦਿਆਂ ਕਿਹਾ, ''ਨਹੀਂ, ਮੈਂ ਨਿਹੱਥਾ ਨਹੀਂ। ਮੁਸਲਮਾਨਾਂ 'ਤੇ ਜਿਸ ਦਿਨ ਏਨਾ ਵਿਸ਼ਵਾਸ ਕਰਾਂਗਾ, ਓਸ ਦਿਨ ਈਸਾਈ ਨਹੀਂ ਰਹਾਂਗਾ। ਤੂੰ ਆਪਣੇ ਦਿਲ ਦੇ ਅਰਮਾਨ ਪੂਰੇ ਕਰ ਲੈ।''

ਦੋਹਾਂ ਤਲਵਾਰਾਂ ਖਿੱਚ ਲਈਆਂ। ਇੱਕ-ਦੂਜੇ 'ਤੇ ਟੁੱਟ ਕੈ ਪੈ ਗਏ। ਅਰਬ ਦੀ ਭਾਰੀ ਤਲਵਾਰ ਇਸਾਈ ਦੀ ਹਲਕੀ ਕਟਾਰ ਅੱਗੇ ਢਿੱਲੀ ਰਹਿ ਗਈ। ਇੱਕ ਸੱਪ ਵਾਂਗ ਫਣ ਨਾਲ਼ ਵਾਰ ਕਰਦੀ ਸੀ, ਦੂਜੀ ਨਾਗਣ ਵਾਂਗ ਉੱਠਦੀ ਸੀ। ਇੱਕ ਲਹਿਰਾਂ ਵਾਂਗ ਭੱਜ ਕੇ ਉੱਛਲਦੀ ਸੀ, ਦੂਜੀ ਜਲ ਦੀਆਂ ਮੱਛੀਆਂ ਵਾਂਗ ਚਮਕਦੀ ਸੀ। ਦੋਹਾਂ ਯੋਧਿਆਂ ਵਿੱਚ ਕੁਝ ਚਿਰ ਵਾਰ ਚੱਲਦੇ ਰਹੇ। ਚਾਣਚੱਕ ਇੱਕ ਵਾਰ ਨਾਗਣ ਉੱਛਲ਼ ਕੇ ਅਰਬ ਦੇ ਅੰਦਰਵਾਰ ਜਾ ਪੁੱਜੀ। ਉਹ ਜ਼ਮੀਨ 'ਤੇ ਢੇਰੀ ਹੋ ਗਿਆ।

ਜਮਾਲ ਦੇ ਡਿਗਦਿਆਂ ਹੀ ਚਾਰੇ ਪਾਸਿਓਂ ਲੋਕ ਦੌੜੇ ਆਏ। ਉਹ ਦਾਊਦ ਨੂੰ ਘੇਰਨ ਦੀ ਕੋਸ਼ਿਸ਼ ਕਰਨ ਲੱਗੇ। ਦਾਊਦ ਨੇ ਵੇਖਿਆ, ਲੋਕ ਤਲਵਾਰਾਂ ਚੁੱਕੀ ਭੱਜੀ ਹੀ ਆ ਰਹੇ ਹਨ। ਜਾਨ ਬਚਾਉਣ ਨੂੰ ਦੌੜਿਆ, ਪਰ ਜਿੱਧਰ ਵੀ ਜਾਂਦਾ, ਸਾਮ੍ਹਣੇ ਬਾਗ ਦੀ ਉੱਚੀ ਕੰਧ ਰਾਹ ਰੋਕ ਲੈਂਦੀ ਸੀ। ਕੰਧ ਉੱਚੀ ਸੀ, ਉਸਨੂੰ ਟੱਪਣਾ ਮੁਸ਼ਕਲ ਸੀ। ਇਹ ਜੀਵਨ ਅਤੇ ਮੌਤ ਦੀ ਲੜਾਈ ਸੀ। ਕਿਤੇ ਆਸਰੇ ਦੀ ਆਸ ਨਹੀਂ, ਕਿਤੇ ਲੁਕਣ ਦੀ ਥਾਂ ਨਹੀਂ। ਓਧਰ ਅਰਬਾਂ ਦੀ ਲਹੂ ਦੀ ਤੇਹ ਹਰ ਛਿਣ ਤੇਜ਼ ਹੁੰਦੀ ਜਾ ਰਹੀ ਸੀ। ਇਹ ਸਿਰਫ਼ ਇੱਕ ਮੁਜਰਮ ਨੂੰ ਸਜ਼ਾ ਦੇਣ ਦੀ ਕੋਸ਼ਿਸ਼ ਨਹੀਂ ਸੀ। ਕੌਮ ਦੀ ਹੇਠੀ ਦਾ ਬਦਲਾ ਸੀ। ਇੱਕ ਹਰਾਏ ਇਸਾਈ ਦੀ ਇਹ ਹਿੰਮਤ ਕਿ ਅਰਬ ਉੱਤੇ ਹੱਥ ਚੁੱਕੇ! ਅਜਿਹਾ ਅਨਰਥ!

ਜਿਵੇਂ ਮਗਰ ਪਏ ਕੁੱਤਿਆਂ ਅੱਗੇ ਕਾਟੋ ਇੱਧਰ-ਓਧਰ ਦੌੜਦੀ ਹੈ, ਕਿਸੇ ਰੁੱਖ 'ਤੇ ਚੜ੍ਹਨ ਦੀ ਵਾਰ-ਵਾਰ ਕੋਸ਼ਿਸ਼ ਕਰਦੀ ਹੈ, ਪਰ ਹੱਥ-ਪੈਰ ਫੁੱਲ ਜਾਣ ਕਰਕੇ ਵਾਰ-ਵਾਰ ਡਿਗ ਪੈਂਦੀ ਹੈ, ਓਹੀ ਹਾਲਤ ਦਾਊਦ ਦੀ ਸੀ।

ਭੱਜ-ਭੱਜ ਉਸ ਦਾ ਸਾਹ ਫੁੱਲ ਗਿਆ; ਪੈਰ ਮਣ-ਮਣ ਦੇ ਹੋ ਗਏ। ਕਈ ਵਾਰ ਮਨ ਵਿੱਚ ਆਇਆ ਇਨ੍ਹਾਂ ਸਾਰਿਆਂ 'ਤੇ ਟੁੱਟ ਪਵੇ ਅਤੇ ਜਿੰਨੇ ਮਹਿੰਗੇ ਪ੍ਰਾਣ ਵਿਕ ਸਕਣ, ਓਨੇ ਮਹਿੰਗੇ ਵੇਚੇ; ਪਰ ਦੁਸ਼ਮਣਾਂ ਦੀ ਗਿਣਤੀ ਵੇਖ ਹੌਸਲਾ ਟੁੱਟ ਜਾਂਦਾ ਸੀ।

ਲੈ, ਦੌੜ, ਫੜ ਦਾ ਰੌਲ਼ਾ ਪਿਆ ਹੋਇਆ ਸੀ। ਕਈ ਵਾਰ ਮਗਰ ਪਏ ਏਨੀ ਨੇੜੇ ਆ ਜਾਂਦੇ ਕਿ ਲੱਗਦਾ ਹੁਣ ਜੰਗ ਮੁੱਕੀ, ਅਹੁ ਤਲਵਾਰ ਵੱਜੀ; ਪਰ ਪੈਰਾਂ ਦੀ ਇੱਕ ਹਰਕਤ, ਇੱਕ ਖਿੱਚ, ਇੱਕ ਕੰਨੀ ਲਹੂ ਦੀ ਤਿਹਾਈ ਤਲਵਾਰ ਤੋਂ ਉਸ ਨੂੰ ਵਾਲ ਵਾਲ ਬਚਾਅ ਲੈਂਦੀ ਸੀ।

ਦਾਊਦ ਨੂੰ ਹੁਣ ਇਸ ਸੰਗਰਾਮ ਵਿੱਚ ਖਿਡਾਰੀਆਂ ਵਰਗਾ ਅਨੰਦ ਆਉਣ ਲੱਗਾ। ਇਹ ਤੈਅ ਸੀ ਕਿ ਉਸਦੇ ਪ੍ਰਾਣ ਨਹੀਂ ਬਚ ਸਕਦੇ, ਮੁਸਲਮਾਨ ਤਰਸ ਕਰਨਾ ਨਹੀਂ ਜਾਣਦੇ, ਇਸ ਲਈ ਉਸਨੂੰ ਆਪਣੇ ਦਾਅ-ਪੇਚਾਂ ਵਿੱਚੋਂ ਸੁਆਦ ਆ ਰਿਹਾ ਸੀ। ਕਿਸੇ ਵਾਰ ਤੋਂ ਬਚ ਕੇ ਹੁਣ ਉਸਨੂੰ ਇਸਦੀ ਖ਼ੁਸ਼ੀ ਨਹੀਂ ਸੀ ਹੁੰਦੀ ਕਿ ਉਸਦੇ ਪ੍ਰਾਣ ਬਚ ਗਏ, ਸਗੋਂ ਇਸ ਵਿਚ ਅਨੰਦ ਆਉਂਦਾ ਸੀ ਕਿ ਉਸਨੇ ਕਾਤਿਲ ਨੂੰ ਕਿਵੇਂ ਜਿੱਚ ਕੀਤਾ।

ਚਾਣਚੱਕ ਉਸਨੂੰ ਆਪਣੇ ਸੱਜੇ ਪਾਸੇ ਬਾਗ ਦੀ ਕੰਧ ਕੁਝ ਨੀਵੀਂ ਦਿਸੀ। ਆਹ! ਇਹ ਵੇਖਦਿਆਂ ਹੀ ਉਸਦੇ ਪੈਰਾਂ ਵਿੱਚ ਇੱਕ ਨਵੀਂ ਤਾਕਤ ਭਰ ਗਈ, ਨਾੜਾਂ ਵਿੱਚ ਨਵਾਂ ਖ਼ੂਨ ਦੌੜਨ ਲੱਗਾ। ਉਹ ਹਿਰਨ ਵਾਂਗ ਉਸ ਪਾਸੇ ਭੱਜਿਆ ਅਤੇ ਇੱਕ ਛਾਲ਼ ਵਿਚ ਬਾਗ ਦੇ ਓਸ ਪਾਰ ਪੁੱਜ ਗਿਆ।

ਜ਼ਿੰਦਗੀ ਅਤੇ ਮੌਤ ਵਿੱਚ ਸਿਰਫ਼ ਇੱਕ ਕਦਮ ਦਾ ਫ਼ਾਸਲਾ ਸੀ। ਪਿੱਛੇ ਮੌਤ ਸੀ ਅਤੇ ਅੱਗੇ ਜ਼ਿੰਦਗੀ ਦਾ ਫੈਲਿਆ ਖੇਤਰ। ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਝਾੜੀਆਂ ਹੀ ਝਾੜੀਆਂ ਦਿਸਦੀਆਂ ਸਨ। ਜ਼ਮੀਨ ਪਥਰੀਲੀ ਸੀ, ਕਿਤੇ ਉੱਚੀ, ਕਿਤੇ ਨੀਵੀਂ। ਥਾਂ-ਥਾਂ ਪੱਥਰਾਂ ਦੀਆਂ ਸਿੱਲਾਂ ਪਈਆਂ ਸਨ। ਦਾਊਦ ਇਕ ਸਿੱਲ ਹੇਠਾਂ ਲੁਕ ਕੇ ਬੈਠ ਗਿਆ। ਝੱਟ ਹੀ ਪਿੱਛਾ ਕਰਨ ਵਾਲੇ ਵੀ ਉਥੇ ਆ ਪੁੱਜੇ ਅਤੇ ਏਧਰ-ਓਧਰ ਝਾੜੀਆਂ ਵਿਚ, ਰੁੱਖਾਂ 'ਤੇ, ਟੋਇਆਂ ਵਿਚ, ਸਿੱਲਾਂ ਹੇਠਾਂ ਉਸਦੀ ਭਾਲ਼ ਕਰਨ ਲੱਗੇ। ਇੱਕ ਅਰਬ ਉਸ ਚੱਟਾਨ 'ਤੇ ਆ ਕੇ ਖੜ੍ਹ ਗਿਆ, ਜਿਸ ਹੇਠਾਂ ਦਾਊਦ ਲੁਕਿਆ ਸੀ। ਦਾਊਦ ਦਾ ਕਲੇਜਾ ਧੱਕ-ਧੱਕ ਕਰ ਰਿਹਾ ਸੀ। ਹੁਣ ਜਾਨ ਗਈ! ਅਰਬ ਨੇ ਰਤਾ ਹੇਠਾਂ ਝਾਕਿਆ ਅਤੇ ਪ੍ਰਾਣਾਂ ਦਾ ਅੰਤ? ਸੰਜੋਗ- ਸਿਰਫ਼ ਸੰਜੋਗ ਉੱਤੇ ਹੁਣ ਉਸਦਾ ਜੀਵਨ ਟਿਕਿਆ ਸੀ। ਦਾਊਦ ਨੇ ਸਾਹ ਰੋਕ ਲਿਆ, ਸੰਨਾਟਾ ਕਰ ਲਿਆ। ਇੱਕ ਨਜ਼ਰ 'ਤੇ ਉਸਦੀ ਜ਼ਿੰਦਗੀ ਦਾ ਫ਼ੈਸਲਾ ਸੀ, ਜ਼ਿੰਦਗੀ ਅਤੇ ਮੌਤ ਵਿਚ ਕਿੰਨੀ ਨੇੜਤਾ ਹੈ!

## 4

ਪਰ ਅਰਬਾਂ ਕੋਲ਼ ਏਨਾ ਸਮਾਂ ਅਤੇ ਸੂਝ ਕਿੱਥੇ ਸੀ ਕਿ ਪੂਰੇ ਤਾਕ ਰਹਿ ਕੇ ਸਾਰੀਆਂ ਸਿੱਲਾਂ ਹੇਠ ਝਾਤੀਆਂ ਮਾਰਦੇ ਫਿਰਦੇ। ਉਨ੍ਹਾਂ ਨੂੰ ਤਾਂ ਕਾਤਿਲ ਨੂੰ ਫੜ ਲੈਣ ਦੀ ਕਾਹਲ਼ ਸੀ। ਦਾਊਦ ਦੇ ਸਿਰੋਂ ਬਲਾਅ ਟਲ਼ ਗਈ। ਉਹ ਏਧਰ-ਓਧਰ ਦੇਖਦੇ ਦੇਖਦੇ ਅੱਗੇ ਚਲੇ ਗਏ।

ਹਨੇਰਾ ਹੋ ਗਿਆ। ਅਸਮਾਨ ਵਿੱਚ ਤਾਰੇ ਨਿੱਕਲ ਆਏ ਅਤੇ ਤਾਰਿਆਂ ਨਾਲ ਦਾਊਦ ਵੀ ਸਿੱਲ ਹੇਠੋਂ ਨਿੱਕਲਿਆ। ਪਰ ਵੇਖਿਆ, ਓਸ ਵੇਲੇ ਵੀ ਚਾਰੇ ਪਾਸੇ ਹਲਚਲ ਮਚੀ ਹੋਈ ਹੈ, ਦੁਸ਼ਮਣਾਂ ਦਾ ਟੋਲਾ ਮਸ਼ਾਲਾਂ ਚੁੱਕੀ ਝਾੜੀਆਂ ਵਿਚ ਘੁੰਮ ਰਿਹਾ ਹੈ; ਨਾਕਿਆਂ 'ਤੇ ਵੀ ਪਹਿਰਾ ਹੈ, ਕਿਤੇ ਨਿੱਕਲ ਭੱਜਣ ਦਾ ਰਾਹ ਨਹੀਂ। ਦਾਊਦ ਇੱਕ ਰੁੱਖ ਥੱਲੇ ਖੜ ਸੋਚਣ ਲੱਗਾ ਕਿ ਹੁਣ ਕਿਵੇਂ ਜਾਨ ਬਚੇ। ਉਸਨੂੰ ਆਪਣੀ ਜਾਨ ਦੀ ਉੱਕ ਪਰਵਾਹ ਨਹੀਂ ਸੀ। ਉਹ ਜ਼ਿੰਦਗੀ ਦੇ ਸੁੱਖ-ਦੁੱਖ ਸਾਰੇ ਭੋਗ ਚੁੱਕਾ ਸੀ। ਜੇ ਉਸਨੂੰ ਜਿਉਣ ਦਾ ਲਾਲਚ ਸੀ, ਤਾਂ ਸਿਰਫ਼ ਇਹ ਵੇਖਣ ਲਈ ਕਿ ਇਸ ਜੰਗ ਦਾ ਅਖੀਰ ਕੀ ਹੋਏਗਾ? ਮੇਰੇ ਦੇਸ਼ਵਾਸੀ ਢੇਰੀ ਢਾਅ ਬੈਠਣਗੇ, ਜਾਂ ਹਮੇਸ਼-ਅਜ਼ਾਦ ਹੌਂਸਲੇ ਨਾਲ ਰਣ-ਖੇਤਰ ਵਿੱਚ ਅਟੱਲ ਰਹਿਣਗੇ।

ਰਾਤ ਜਦੋਂ ਬਹੁਤੀ ਲੰਘ ਗਈ ਅਤੇ ਦੁਸ਼ਮਣਾਂ ਦੀ ਮਾਰੂ ਕੋਸ਼ਿਸ਼ ਰਤਾ ਘੱਟ ਹੁੰਦੀ ਨਾ ਦਿਸੀ ਤਾਂ ਦਾਊਦ ਖ਼ੁਦਾ ਦਾ ਨਾਂ ਲੈ ਝਾੜੀਆਂ ਵਿੱਚੋਂ ਨਿੱਕਲਿਆ ਅਤੇ ਪੋਲੇ ਪੈਰੀਂ, ਰੁੱਖਾਂ ਦੀ ਆੜ ਵਿਚ, ਆਦਮੀਆਂ ਦੀ ਨਜ਼ਰ ਤੋਂ ਬਚਦਾ ਬਚਾਉਂਦਾ, ਇੱਕ ਪਾਸੇ ਨੂੰ ਤੁਰ ਪਿਆ। ਉਹ ਇਨ੍ਹਾਂ ਝਾੜੀਆਂ ਵਿਚੋਂ ਨਿੱਕਲ ਬਸਤੀ ਵਿਚ ਪਹੁੰਚ ਜਾਣਾ ਚਾਹੁੰਦਾ ਸੀ। ਬੇ-ਅਬਾਦ ਕਿਸੇ ਨੂੰ ਓਹਲਾ ਨਹੀਂ ਦੇ ਸਕਦਾ। ਬਸਤੀ ਦੀ ਵਾਹਵਾ ਅਬਾਦੀ ਆਪ ਓਹਲਾ ਹੈ।

ਕੁਝ ਦੂਰੀ ਤੱਕ ਤਾਂ ਦਾਊਦ ਦੇ ਰਾਹ ਵਿਚ ਕੋਈ ਅੜਿੱਕਾ ਨਾ ਪੇਸ਼ ਹੋਇਆ। ਜੰਗਲ ਦੇ ਰੁੱਖਾਂ ਨੇ ਉਸ ਦੀ ਰਾਖੀ ਕੀਤੀ, ਪਰ ਜਦੋਂ ਉਹ ਉੱਬੜ ਖਾਬੜ ਧਰਤੀ ਤੋਂ ਨਿੱਕਲ ਸਪਾਟ ਥਾਈਂ ਆਇਆ, ਇਕ ਅਰਬਾ ਦੀ ਨਜ਼ਰ ਉਸ ਉੱਤੇ ਪੈ ਗਈ। ਉਸ ਨੇ ਲਲਕਾਰਾ ਮਾਰਿਆ। ਦਾਊਦ ਭੱਜਿਆ। 'ਕਾਤਲ ਭੱਜੀ ਜਾਂਦਾ ਐ!' ਇਹ ਅਵਾਜ਼ ਹਵਾ ਵਿੱਚ ਇੱਕੋ ਵਾਰ ਗੂੰਜੀ ਅਤੇ ਛਿਣ ਕੁ ਵਿੱਚ ਹੀ ਚਾਰੇ ਪਾਸਿਓਂ ਅਰਬਾਂ ਉਸ ਦਾ ਪਿੱਛਾ ਕੀਤਾ। ਅੱਗੇ ਬੜੀ ਦੂਰ ਤੱਕ ਆਦਮੀ ਦਾ ਨਾਂ-ਨਿਸ਼ਾਨ ਨਹੀਂ ਸੀ। ਬੜੀ ਦੂਰ ਇੱਕ ਧੁੰਦਲਾ-ਜਿਹਾ ਦੀਵਾ ਟਿਮ ਟਿਮ ਕਰ ਰਿਹਾ ਸੀ। ਕਿਸੇ ਤਰ੍ਹਾਂ ਉਥੋਂ ਤੱਕ ਪਹੁੰਚ ਜਾਵਾਂ। ਉਹ ਉਸ ਦੀਵੇ ਵੱਲ ਏਨੀ ਤੇਜ਼ੀ ਨਾਲ ਭੱਜ ਰਿਹਾ ਸੀ, ਕਿ ਜਿਵੇਂ ਉੱਥੇ ਪੁੱਜਦਿਆਂ ਹੀ ਬੇਖ਼ੌਫ਼ੀ ਹਾਸਿਲ ਕਰ ਲਏਗਾ। ਆਸ ਉਸਨੂੰ ਉਡਾਈ ਲਿਜਾਂਦੀ ਸੀ। ਅਰਬਾਂ ਦਾ ਟੋਲਾ ਪਿੱਛੇ ਰਹਿ ਗਿਆ; ਮਸ਼ਾਲਾਂ ਦੀ ਰੋਸ਼ਨੀ ਮੱਠੀ ਹੋ ਗਈ। ਸਿਰਫ਼ ਤਾਰੇ ਉਹਦੇ ਨਾਲ ਨਾਲ ਭੱਜੀ ਤੁਰੇ ਆਉਂਦੇ ਸਨ। ਅਖੀਰ ਉਹ ਆਸ-ਦੇਣੇ ਦੀਵੇ ਸਾਹਮਣੇ ਆ ਪੁੱਜਾ। ਇੱਕ ਨਿੱਕਾ ਜਿਹਾ ਫੂਸ ਦਾ ਘਰ ਸੀ। ਇੱਕ ਬੁੱਢਾ ਅਰਬ ਭੁੰਝੇ ਬੈਠਾ ਰੇਹਲ ਉੱਤੇ ਕੁਰਆਨ ਰੱਖੀ ਓਸੇ ਦੀਵੇ ਦੀ ਪੋਲੀ ਜਿਹੀ ਲੋਅ ਵਿੱਚ ਪੜ੍ਹ ਰਿਹਾ ਸੀ। ਦਾਊਦ ਅੱਗੇ ਨਾ ਜਾ ਸਕਿਆ। ਉਸਦੀ ਹਿੰਮਤ ਨੇ ਜਵਾਬ ਦੇ ਦਿੱਤਾ। ਉਹ ਉੱਥੇ ਹੀ ਨਿੰਸਲ ਹੋ ਕੇ ਡਿੱਗ ਪਿਆ। ਰਾਹ ਦੀ ਥਕਾਵਟ ਘਰ ਪੁੱਜਣ 'ਤੇ ਹੀ ਪਤਾ ਲੱਗਦੀ ਹੈ। ਅਰਬ ਨੇ ਉੱਠ ਕੇ ਕਿਹਾ- ਤੂੰ ਕੌਣ ਹੈਂ?

ਦਾਊਦ- ਇੱਕ ਗਰੀਬ ਇਸਾਈ। ਮੁਸੀਬਤ ਵਿੱਚ ਫਸ ਗਿਆ ਹਾਂ। ਹੁਣ ਤੁਸੀਂ ਹੀ ਆਸਰਾ ਦਿਓ, ਤਾਂ ਮੇਰੀ ਜਾਨ ਬਚ ਸਕਦੀ ਹੈ।

ਅਰਬ- ਖ਼ੁਦਾ-ਪਾਕ ਤੇਰੀ ਮਦਦ ਕਰੇਗਾ। ਤੇਰੇ 'ਤੇ ਕੀ ਮੁਸੀਬਤ ਹੈ?

ਦਾਊਦ- ਡਰਦਾ ਹਾਂ ਕਿ ਕਿਤੇ ਦੱਸ ਦਿੱਤਾ ਤਾਂ ਤੁਸੀਂ ਵੀ ਮੇਰੇ ਖ਼ੂਨ ਦੇ ਪਿਆਸੇ ਨਾ ਹੋ ਜਾਓ।

ਅਰਬ- ਹੁਣ ਤੂੰ ਮੇਰੀ ਓਟ ਵਿੱਚ ਆ ਗਿਆ, ਤਾਂ ਤੈਨੂੰ ਮੇਰੇ ਵੱਲੋਂ ਕੋਈ ਡਰ ਨਹੀਂ ਹੋਣਾ ਚਾਹੀਦਾ। ਅਸੀਂ ਮੁਸਲਮਾਨ ਹਾਂ, ਜਿਸਨੂੰ ਇੱਕ ਵਾਰ ਆਪਣੀ ਓਟ ਵਿੱਚ ਲੈ ਲੈਂਦੇ ਹਾਂ ਉਸਦੀ ਤਾ-ਜ਼ਿੰਦਗੀ ਰੱਖਿਆ ਕਰਦੇ ਹਾਂ।

ਦਾਊਦ- ਮੈਂ ਇੱਕ ਮੁਸਲਮਾਨ ਨੌਜਵਾਨ ਨੂੰ ਮਾਰ ਸੁੱਟਿਆ ਹੈ।

ਬਿਰਧ ਅਰਬ ਦਾ ਚਿਹਰਾ ਗੁੱਸੇ ਨਾਲ਼ ਕੋਝਾ-ਭੈੜਾ ਹੋ ਗਿਆ।

ਕਹਿੰਦਾ- ਉਸ ਦਾ ਨਾਂ?

ਦਾਊਦ- ਉਸ ਦਾ ਨਾਂ ਜਮਾਲ ਸੀ।

ਅਰਬ ਸਿਰ ਫੜ ਕੇ ਥਾਏਂ ਬੈਠ ਗਿਆ। ਉਸਦੀਆਂ ਅੱਖਾਂ ਸੁਰਖ਼ ਹੋ ਗਈਆਂ; ਧੌਣ ਦੀਆਂ ਨਸਾਂ ਤਣ ਗਈਆਂ; ਮੂੰਹ 'ਤੇ ਇਸ ਦੁਨੀਆ ਤੋਂ ਅਗਾਂਹ ਦੇ ਕਿਸੇ ਤੇਜ ਦੀ ਲੋਅ ਵਿਖੀ, ਨਾਸਾਂ ਫਰਕਣ ਲੱਗੀਆਂ। ਇਓਂ ਲੱਗਦਾ ਸੀ ਕਿ ਉਸਦੇ ਮਨ ਵਿੱਚ ਭਿਆਕ ਘੋਲ ਚੱਲ ਰਿਹਾ ਹੈ ਅਤੇ ਉਹ ਸਮੁੱਚੀ ਸੋਚ ਦੀ ਤਾਕਤ ਨਾਲ਼ ਆਪਣੇ ਦਿਲ ਦੇ ਵਲਵਲਿਆਂ ਨੂੰ ਨੱਪ-ਘੁੱਟ ਰਿਹਾ ਹੈ। ਦੋ-ਤਿੰਨ ਮਿਨਟਾਂ ਲਈ ਉਹ ਏਸੇ ਅਤਿ-ਔਖੀ ਹਾਲਤ ਵਿੱਚ ਬੈਠਾ ਧਰਤੀ ਵੱਲ ਵੇਖਦਾ ਰਿਹਾ। ਅਖੀਰ ਭਰੇ ਗੱਚ ਨਾਲ਼ ਬੋਲਿਆ-

ਨਹੀਂ, ਨਹੀਂ, ਸ਼ਰਨ ਆਏ ਦੀ ਰਾਖੀ ਕਰਨੀ ਹੀ ਪਏਗੀ। ਆਹ! ਜ਼ਾਲਮਾ! ਤੂੰ ਜਾਣਦਾ ਹੈਂ, ਮੈਂ ਕੌਣ ਹਾਂ? ਮੈਂ ਓਸੇ ਜਵਾਨ ਦਾ ਅਭਾਗਾ ਪਿਓ ਹਾਂ, ਜਿਸਨੂੰ ਅੱਜ ਤੂੰ ਏਨੀ ਬੇਰਹਿਮੀ ਨਾਲ਼ ਕਤਲ ਕਰ ਦਿੱਤਾ ਹੈ। ਤੈਨੂੰ ਪਤਾ ਹੈ ਤੂੰ ਮੇਰੇ ਨਾਲ ਕਿੰਨਾ ਵੱਡਾ ਜ਼ੁਲਮ ਕੀਤਾ ਹੈ? ਤੂੰ ਮੇਰੇ ਖ਼ਾਨਦਾਨ ਦਾ ਨਾਂ-ਨਿਸ਼ਾਨ ਮਿਟਾਅ ਦਿੱਤਾ ਹੈ! ਮੇਰਾ ਚਿਰਾਗ ਗੁਲ ਕਰ ਦਿੱਤਾ! ਆਹ, ਜਮਾਲ ਮੇਰਾ ਇਕਲੌਤਾ ਬੇਟਾ ਸੀ। ਮੇਰੇ ਸਾਰੇ ਅਰਮਾਨ ਓਸੇ 'ਤੇ ਟਿਕੇ ਸਨ। ਉਹ ਮੇਰੀਆਂ ਅੱਖਾਂ ਦਾ ਉਜਾਲ਼ਾ, ਮੈਂ ਅੰਨ੍ਹੇ ਦਾ ਸਹਾਰਾ, ਮੇਰੇ ਜੀਵਨ ਦੀ ਟੇਕ, ਮੇਰੇ ਜਰਜਰ ਹੋਏ ਸਰੀਰ ਦੇ ਪ੍ਰਾਣ ਸੀ। ਹੁਣੇ-ਹੁਣੇ ਉਸਨੂੰ ਕਬਰ ਦੀ ਗੋਦ ਵਿੱਚ ਲਿਟਾਅ ਕੇ ਆਇਆ ਹਾਂ। ਆਹ! ਮੇਰਾ ਸ਼ੇਰ, ਅੱਜ ਮਿੱਟੀ ਹੇਠਾਂ ਸੁੱਤਾ ਹੈ। ਅਜਿਹਾ ਦਲੇਰ, ਅਜਿਹਾ ਦੀਨ-ਧਰਮ ਦਾ ਪੱਕਾ, ਅਜਿਹਾ ਬਣਿਆ-ਫਬਿਆ ਗੱਭਰੂ ਮੇਰੀ ਕੌਮ ਵਿਚ ਕੋਈ ਹੋਰ ਨਹੀਂ ਸੀ। ਜ਼ਾਲਮਾਂ, ਤੈਨੂੰ ਉਸ ਉੱਤੇ ਤਲਵਾਰ ਚਲਾਉਂਦਿਆਂ ਜ਼ਰਾ ਵੀ ਤਰਸ ਨਾ ਆਇਆ। ਤੇਰਾ ਪੱਥਰ ਦਾ ਕਲੇਜਾ ਰਤਾ ਵੀ ਨਾ ਪਸੀਜਿਆ! ਤੂੰ ਜਾਣਦਾ ਹੈਂ, ਮੈਨੂੰ ਏਸ ਵੇਲ਼ੇ ਤੇਰੇ 'ਤੇ ਕਿੰਨਾ ਗੁੱਸਾ ਆ ਰਿਹਾ ਹੈ? ਮੇਰਾ ਦਿਲ ਚਾਹੁੰਦਾ ਹੈ ਆਪਣੇ ਦੋਹਾਂ ਹੱਥਾਂ ਨਾਲ਼ ਤੇਰੀ ਧੌਣ ਫੜ ਕੇ ਇਓਂ ਘੁੱਟਾਂ ਕਿ ਤੇਰੀ ਜੀਭ ਬਾਹਰ ਨਿੱਕਲ ਆਏ, ਤੇਰੀਆਂ ਅੱਖਾਂ ਕੌਡੀਆਂ ਵਾਂਗ ਬਾਹਰ ਨਿੱਕਲ ਜਾਣ। ਪਰ ਨਹੀਂ, ਤੂੰ ਮੇਰੀ ਓਟ ਲਈ ਹੈ, ਫ਼ਰਜ਼ ਨੇ ਮੇਰੇ ਹੱਥ ਬੰਨ੍ਹੇ ਹੋਏ ਹਨ, ਕਿਉਂਕਿ ਸਾਡੇ ਰਸੂਲ-ਪਾਕ ਨੇ ਹਦਾਇਤ ਕੀਤੀ ਹੈ, ਕਿ ਜੋ ਆਪਣੀ ਪਨਾਹ ਵਿੱਚ ਆਏ, ਉਸ ਉੱਤੇ ਹੱਥ ਨਾ ਚੁੱਕੋ। ਮੈਂ ਨਹੀਂ ਚਾਹੁੰਦਾ ਕਿ ਨਬੀ ਦੇ ਹੁਕਮ ਨੂੰ ਤੋੜ, ਲੋਕ ਨਾਲ ਆਪਣਾ ਪਰਲੋਕ ਵੀ ਵਿਗਾੜ ਲਵਾਂ। ਦੁਨੀਆ ਤੂੰ ਵਿਗਾੜੀ, ਦੀਨ-ਮਜ਼ਹਬ ਆਪਣੇ ਹੱਥੀਂ ਵਿਗਾੜ ਲਵਾਂ? ਨਹੀਂ। ਸਬਰ ਕਰਨਾ ਮੁਸ਼ਕਲ ਹੈ; ਪਰ ਸਭ ਕਰਾਂਗਾ ਤਾਂ ਜੋ ਨਬੀ ਦੇ ਅੱਗੇ ਅੱਖਾਂ ਨੀਵੀਆਂ ਨਾ ਕਰਨੀਆਂ ਪੈਣ। ਆ, ਘਰ ਵਿੱਚ ਆ। ਤੇਰਾ ਪਿੱਛਾ ਕਰਨ ਵਾਲੇ ਭੱਜੇ ਆ

ਰਹੇ ਹਨ। ਤੈਨੂੰ ਵੇਖ ਲੈਣਗੇ, ਤਾਂ ਮੇਰੀਆਂ ਸਾਰੀਆਂ ਮਿੰਨਤਾਂ-ਤਰਲੇ ਤੇਰੀ ਜਾਨ ਨਹੀਂ ਬਚਾਅ ਸਕਣੀ। ਤੂੰ ਨਹੀਂ ਜਾਣਦਾ ਕਿ ਅਰਬ ਲੋਕ ਖ਼ੂਨ ਕਦੇ ਮਾਫ਼ ਨਹੀਂ ਕਰਦੇ।

ਇਹ ਕਹਿ ਅਰਬ ਨੇ ਦਾਊਦ ਦਾ ਹੱਥ ਫੜ ਲਿਆ, ਅਤੇ ਉਸਨੂੰ ਘਰ ਵਿਚ ਲਿਜਾਅ ਕੇ ਇੱਕ ਕੋਠੜੀ ਵਿੱਚ ਲੁਕਾਅ ਦਿੱਤਾ। ਉਹ ਘਰੋਂ ਬਾਹਰ ਨਿੱਕਲਿਆ ਹੀ ਸੀ ਕਿ ਅਰਬਾਂ ਦਾ ਇੱਕ ਟੋਲਾ ਬੂਹੇ 'ਤੇ ਆ ਪੁੱਜਾ। ਇੱਕ ਆਦਮੀ ਨੇ ਪੁੱਛਿਆ- ਕਿਉਂ ਸ਼ੇਖ ਹਸਨ, ਤੁਸੀਂ ਇੱਧਰੋਂ ਕਿਸੇ ਨੂੰ ਭੱਜਦਿਆਂ ਵੇਖਿਆ ਹੈ?

'ਹਾਂ ਵੇਖਿਆ ਹੈ।'

'ਉਸ ਨੂੰ ਫੜਿਆ ਕਿਉਂ ਨਾ? ਓਹੀ ਤਾਂ ਤੇਰੇ ਜਮਾਲ ਦਾ ਕਾਤਲ ਸੀ!'

'ਇਹ ਪਤਾ ਹੋਣ 'ਤੇ ਵੀ ਮੈਂ ਉਸਨੂੰ ਛੱਡ ਦਿੱਤਾ।'

'ਹੈਂ! ਗ਼ਜ਼ਬ ਖ਼ੁਦਾ ਦਾ! ਇਹ ਤੁਸੀਂ ਕੀ ਕੀਤਾ? ਜਮਾਲ ਹਿਸਾਬ ਦੇ ਦਿਨ ਸਾਡਾ ਦਾਮਨ (ਅੰਗਰਖੇ ਦਾ ਧੁਰ ਹੇਠਲਾ ਸਿਰਾ- ਅਨੁ.) ਫੜੇਗਾ ਤਾਂ ਅਸੀਂ ਕੀ ਜਵਾਬ ਦਿਆਂਗੇ?'

'ਤੁਸੀਂ ਆਖ ਦੇਣਾ ਕਿ ਤੇਰੇ ਬਾਪ ਨੇ ਤੇਰੇ ਕਾਤਲ ਨੂੰ ਮਾਫ਼ ਕਰ ਦਿੱਤਾ।'

'ਅਰਬਾਂ ਨੇ ਕਦੇ ਕਾਤਲ ਦਾ ਖ਼ੂਨ ਨਹੀਂ ਮਾਫ਼ ਕੀਤਾ।'

'ਇਹ ਤੁਹਾਡੀ ਜ਼ਿੰਮੇਵਾਰੀ ਹੈ, ਮੈਂ ਉਹ ਆਪਣੇ ਸਿਰ ਕਿਉਂ ਲਵਾਂ?'

ਅਰਬਾਂ ਨੇ ਸ਼ੇਖ ਹਸਨ ਨਾਲ਼ ਬਹੁਤੀ ਬਹਿਸਬਾਜ਼ੀ ਨਾ ਕੀਤੀ, ਕਾਤਲ ਦੀ ਤਲਾਸ਼ ਵਿੱਚ ਭੱਜੇ। ਸ਼ੇਖ ਹਸਨ ਮੁੜ ਚਟਾਈ 'ਤੇ ਬਹਿ ਕੁਰਆਨ ਪੜ੍ਹਨ ਲੱਗਾ, ਪਰ ਉਸਦਾ ਮਨ ਪੜ੍ਹਨ ਵਿਚ ਨਹੀਂ ਲੱਗ ਰਿਹਾ ਸੀ। ਦੁਸ਼ਮਣ ਤੋਂ ਬਦਲਾ ਲੈਣ ਦੀ ਬਿਰਤੀ ਅਰਬਾਂ ਵਿੱਚ ਅੰਦਰ ਤੱਕ ਧਸੀ ਹੁੰਦੀ ਹੈ। ਖ਼ੂਨ ਦਾ ਬਦਲਾ ਖ਼ੂਨ ਸੀ। ਏਸ ਵਾਸਤੇ ਖ਼ੂਨ ਦੀਆਂ ਨਦੀਆਂ ਵਹਿ ਜਾਂਦੀਆਂ ਸਨ, ਕਬੀਲਿਆਂ ਦੇ ਕਬੀਲੇ ਤਬਾਹ ਹੋ ਜਾਂਦੇ ਸਨ, ਸ਼ਹਿਰ ਦਰ ਸ਼ਹਿਰ ਵਿਰਾਨ ਹੋ ਜਾਂਦੇ ਸਨ। ਇਸ ਜਨਮਜਾਤ ਬਿਰਤੀ 'ਤੇ ਕਾਬੂ ਪਾਉਣਾ ਸ਼ੇਖ ਹਸਨ ਨੂੰ ਅਸੰਭਵ-ਜਿਹਾ ਲੱਗ ਰਿਹਾ ਸੀ। ਵਾਰ-ਵਾਰ ਪਿਆਰੇ ਪੁੱਤਰ ਦੀ ਸੂਰਤ ਉਸਦੀਆਂ ਅੱਖਾਂ ਅੱਗੇ ਫਿਰੀ ਜਾਂਦੀ ਸੀ, ਵਾਰ-ਵਾਰ ਉਸਦੇ ਮਨ ਵਿੱਚ ਪਰਬਲ ਭੜਕਾਅ ਪੈਂਦਾ ਸੀ ਕਿ ਜਾ ਕੇ ਦਾਊਦ ਦੇ ਖ਼ੂਨ ਨਾਲ ਆਪਣੇ ਰੋਹ ਦੀ ਅੱਗ ਬੁਝਾਏ। ਅਰਬ ਬਹਾਦਰ ਹੁੰਦੇ ਸਨ। ਵੱਢਣਾ-ਮਰਨਾ ਉਨ੍ਹਾਂ ਲਈ ਕੋਈ ਵੱਖਰੀ ਹੀ ਗੱਲ ਨਹੀਂ ਹੁੰਦੀ। ਮਰਨ ਵਾਲੇ ਲਈ ਉਹ ਹੰਝੂਆਂ ਦੀਆਂ ਕੁਝ ਬੂੰਦਾਂ ਵਹਾਅ ਮੁੜ ਆਪਣੇ ਕੰਮ-ਧੰਦਿਆਂ ਵਿੱਚ ਲੱਗ ਜਾਂਦੇ ਸਨ। ਉਹ ਮੋਏ ਦੀ ਯਾਦ ਨੂੰ ਸਿਰਫ਼ ਓਸ ਹਾਲਤ ਵਿਚ ਆਪਣੇ ਮਨ ਵਿੱਚ ਜਿਉਂਦੀ ਰੱਖਦੇ, ਜਦੋਂ ਤੱਕ ਉਸਦੇ ਖ਼ੂਨ ਦਾ ਬਦਲਾ ਲੈਣਾ ਹੁੰਦਾ।

ਅਖੀਰ ਸ਼ੇਖ ਹਸਨ ਬੇਚੈਨ ਹੋ ਗਿਆ। ਉਸਨੂੰ ਡਰ ਆਇਆ ਕਿ ਹੁਣ ਮੈਂ ਆਪਣੇ-ਆਪ 'ਤੇ ਕਾਬੂ ਨਹੀਂ ਰੱਖ ਸਕਣਾ। ਉਸ ਨੇ ਤਲਵਾਰ ਮਿਆਨ ਵਿੱਚੋਂ ਕੱਢੀ ਅਤੇ ਚੋਰ-ਪੈਰੀਂ ਉਸ ਕੋਠੜੀ ਦੇ ਦਰ 'ਤੇ ਆ ਕੇ ਖੜ੍ਹ ਗਿਆ, ਜਿਸ ਵਿਚ ਦਾਊਦ ਲੁਕਿਆ ਸੀ। ਤਲਵਾਰ ਨੂੰ ਚੋਗੇ ਵਿੱਚ ਲੁਕਾਅ ਉਸ ਹੌਲੀ ਦੇਣੀ ਦਰ ਖੋਲ੍ਹਿਆ। ਦਾਊਦ ਟਹਿਲ ਰਿਹਾ ਸੀ। ਬੁੱਢੇ ਅਰਬ ਦਾ ਰੋਹਵਾਨ ਰੂਪ ਵੇਖ ਦਾਊਦ ਉਸਦਾ ਵਲਵਲਾ ਤਾੜ ਗਿਆ। ਉਸਨੂੰ ਬੁੱਢੇ ਨਾਲ਼ ਹਮਦਰਦੀ ਹੋ ਗਈ। ਉਸ ਸੋਚਿਆ, ਇਹ ਧਰਮ ਦਾ ਕਸੂਰ ਨਹੀਂ, ਇਹ ਕੌਮ ਦਾ ਕਸੂਰ ਨਹੀਂ। ਮੇਰੇ ਪੁੱਤਰ ਨੂੰ ਕਿਸੇ ਨੇ ਕਤਲ ਕੀਤਾ ਹੁੰਦਾ, ਤਾਂ ਸ਼ਾਇਦ ਮੈਂ ਵੀ ਉਸਦੇ ਖ਼ੂਨ ਦਾ ਪਿਆਸਾ ਹੋ ਜਾਂਦਾ। ਇਹੀ ਮਨੁੱਖੀ ਸੁਭਾਅ ਹੈ।

ਅਰਬ ਨੇ ਕਿਹਾ- ਦਾਊਦ, ਤੈਨੂੰ ਪਤਾ ਹੈ ਬੇਟੇ ਦੀ ਮੌਤ ਦਾ ਕਿੰਨਾ ਗ਼ਮ ਹੁੰਦਾ ਹੈ।

ਦਾਊਦ - ਇਸਦਾ ਤਜਰਬਾ ਤਾਂ ਨਹੀਂ, ਪਰ ਅੰਦਾਜ਼ਾ ਲਾ ਸਕਦਾ ਹਾਂ। ਜੇ ਮੇਰੀ ਜਾਨ ਨਾਲ ਤੁਹਾਡੇ ਉਸ ਗ਼ਮ ਦਾ ਇੱਕ ਹਿੱਸਾ ਵੀ ਮਿਟ ਸਕੇ, ਤਾਂ ਲਓ, ਇਹ ਸਿਰ ਹਾਜ਼ਰ ਹੈ। ਮੈਂ ਇਸ ਨੂੰ ਸ਼ੌਕ ਨਾਲ਼ ਤੁਹਾਨੂੰ ਭੇਂਟ ਕਰਦਾ ਹਾਂ। ਤੁਸੀਂ ਦਾਊਦ ਦਾ ਨਾਂ ਸੁਣਿਆ ਹੋਵੇਗਾ।

ਅਰਬੀ- ਪੀਟਰ ਦਾ ਪੁੱਤਰ?

ਦਾਊਦ ਬੋਲਿਆ- ਜੀ ਹਾਂ, ਮੈਂ ਉਹੀ ਬਦਨਸੀਬ ਦਾਊਦ ਹਾਂ। ਮੈਂ ਸਿਰਫ਼ ਤੁਹਾਡੇ ਬੇਟੇ ਦਾ ਕਾਤਲ ਹੀ ਨਹੀਂ, ਇਸਲਾਮ ਦਾ ਦੁਸ਼ਮਣ ਹਾਂ। ਮੇਰੀ ਜਾਨ ਲੈ ਕੇ ਤੁਸੀਂ ਜਮਾਲ ਦੇ ਖ਼ੂਨ



ਫ਼ੌਜੀ ਮਕਸਦ ਲਈ ਸਪੇਨ ਵਿਚ ਅਰਬੀਆਂ ਵੱਲੋਂ ਲਿਆਂਦੇ ਗਏ ਸੀ ਊਂਠ

ਦਾ ਬਦਲਾ ਹੀ ਨਹੀਂ ਲਓਗੇ, ਸਗੋਂ ਆਪਣੀ ਕੌਮ ਅਤੇ ਮਜ਼ਹਬ ਦੀ ਸੱਚੀ ਸੇਵਾ ਵੀ ਕਰੋਗੇ।

ਸ਼ੇਖ ਹਸਨ ਨੇ ਗੰਭੀਰਤਾ ਨਾਲ ਕਿਹਾ- ਦਾਊਦ, ਮੈਂ ਤੈਨੂੰ ਮੁਆਫ਼ ਕੀਤਾ। ਮੈਨੂੰ ਪਤਾ ਹੈ, ਮੁਸਲਮਾਨਾਂ ਦੇ ਹੱਥੋਂ ਇਸਾਈਆਂ ਨੂੰ ਬਹੁਤ ਤਕਲੀਫ਼ਾਂ ਪਹੁੰਚੀਆਂ ਹਨ, ਮੁਸਲਮਾਨਾਂ ਉਨ੍ਹਾਂ ਉੱਤੇ ਬੜੇ-ਬੜੇ ਜ਼ੁਲਮ ਕੀਤੇ ਹਨ, ਉਨ੍ਹਾਂ ਦੀ ਅਜ਼ਾਦੀ ਖੋਹ ਲਈ ਹੈ! ਪਰ ਇਹ ਇਸਲਾਮ ਦਾ ਨਹੀਂ, ਮੁਸਲਮਾਨਾਂ ਦਾ ਕਸੂਰ ਹੈ। ਜਿੱਤ ਦੇ ਗ਼ਰੂਰ ਨੇ ਮੁਸਲਮਾਨਾਂ ਦੀ ਮੱਤ ਖੋਹ ਲਈ ਹੈ। ਸਾਡੇ ਪਾਕ ਨਬੀ ਨੇ ਇਹ ਸਿੱਖਿਆ ਨਹੀਂ ਦਿੱਤੀ ਸੀ, ਜਿਸ ਉੱਤੇ ਅਸੀਂ ਅੱਜ ਚੱਲ ਰਹੇ ਹਾਂ। ਉਹ ਆਪ ਖਿਮਾਂ ਅਤੇ ਤਰਸ ਦਾ ਸਭ ਤੋਂ ਉੱਚਾ ਆਦਰਸ਼ ਹਨ। ਮੈਂ ਇਸਲਾਮ ਦੇ ਨਾਂ ਨੂੰ ਵੱਟਾ ਨਹੀਂ ਲਾਵਾਂਗਾ। ਮੇਰੀ ਊਂਠਣੀ ਲੈ ਜਾ ਅਤੇ ਰਾਤੋ-ਰਾਤ ਜਿੱਥੋਂ ਤੱਕ ਭੱਜਿਆ ਜਾ ਸਕੇ, ਭੱਜ। ਕਿਤੇ ਇੱਕ ਛਿਣ ਲਈ ਵੀ ਨਾ ਰੁਕੀਂ। ਅਰਬਾਂ ਨੂੰ ਤੇਰੀ ਬੋਅ ਵੀ ਆ ਗਈ, ਤਾਂ ਤੇਰੀ ਜਾਨ ਦੀ ਖ਼ੈਰ ਨਹੀਂ। ਜਾ, ਤੈਨੂੰ ਖ਼ੁਦਾ-ਏ-ਪਾਕ ਘਰ ਪਹੁੰਚਾਵੇ। ਬੁੱਢੇ ਸ਼ੇਖ ਹਸਨ ਅਤੇ ਉਸਦੇ ਬੇਟੇ ਜਮਾਲ ਲਈ ਖ਼ੁਦਾ ਕੋਲ਼ ਦੁਆ ਕਰਿਆ ਕਰੀਂ।

ਦਾਊਦ ਖ਼ੈਰੀਅਤ ਨਾਲ਼ ਘਰ ਪੁੱਜ ਗਿਆ; ਪਰ ਹੁਣ ਉਹ ਉਹ ਦਾਊਦ ਨਹੀਂ ਸੀ, ਜਿਹੜਾ ਇਸਲਾਮ ਨੂੰ ਜੜ੍ਹੋਂ ਪੁੱਟ ਕੇ ਸੁੱਟ ਦੇਣਾ ਚਾਹੁੰਦਾ ਸੀ। ਉਸਦੀਆਂ ਸੋਚਾਂ ਵਿੱਚ ਡੂੰਘੀ ਤਬਦੀਲੀ ਆ ਗਈ ਸੀ। ਹੁਣ ਉਹ ਮੁਸਲਮਾਨਾਂ ਦਾ ਆਦਰ ਕਰਦਾ ਅਤੇ ਇਸਲਾਮ ਦਾ ਨਾਂ ਇੱਜ਼ਤ ਨਾਲ਼ ਲੈਂਦਾ ਸੀ।

ਅਨੁ: ਗੁਰਦਿਆਲ ਦਲਾਲ (9814185363); ਪੂਨਮ ਸਿੰਘ



# ਇਤਿਹਾਸ ਦੀ ਅਵਾਜ਼ ਸੁਣੀਏ, ਇਸਦੀਆਂ ਗੂੰਜਾਂ ਪਿੱਛੇ ਨਾ ਦੌੜੀਏ ਮਹੌਲ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਤੋਂ ਬਚ ਕੇ ਰਹੀਏ

ਰੱਤੀ ਕੰਤ ਸਿੰਘ

**ਪੰਜਾਬ** ਨੇ ਆਪਣੀ ਹੁਣ ਤੱਕ ਦੀ ਯਾਤਰਾ ਵਿੱਚ ਬਹੁਤ ਰੌਸ਼ਨ ਸਵੇਰਾਂ ਵੀ ਵੇਖੀਆਂ ਹਨ ਅਤੇ ਬਹੁਤ ਹਨੇਰੀਆਂ ਰਾਤਾਂ ਵੀ। ਕੁਝ ਅਜਿਹੇ ਦੌਰ ਵੀ ਆਏ ਜਦੋਂ ਡਰ ਆਮ ਜ਼ਿੰਦਗੀ ਦਾ ਹਿੱਸਾ ਬਣ ਗਿਆ ਸੀ। ਉਸ ਸਮੇਂ ਹਰ ਘਰ, ਹਰ ਪਰਿਵਾਰ ਅਤੇ ਹਰ ਸੰਸਥਾ ਕਿਸੇ ਨਾ ਕਿਸੇ ਰੂਪ ਵਿੱਚ ਉਸ ਅੱਗ ਦੀ ਤਪਸ਼ ਮਹਿਸੂਸ ਕਰ ਰਹੀ ਸੀ।

1984 ਦੇ ਸ਼ੁਰੂ ਵਿਚ ਹੀ ਮੇਰੇ ਆਪਣੇ ਪਰਿਵਾਰ ਨੇ ਵੀ ਉਸ ਬਦਕਿਸਮਤੀ ਦੇ ਦੌਰ ਦੀ ਕੀਮਤ ਚੁਕਾਈ। ਮੇਰੇ ਵੱਡੇ ਭਰਾ ਸੁਮੀਤ ਸਿੰਘ ਦੀ ਹੱਤਿਆ ਉਸ ਸਮੇਂ ਹੋਈ ਜਦੋਂ ਉਹ ਮੇਰੇ ਪਿੱਛੇ ਹੀ ਸਕੂਟਰ ’ਤੇ ਸਵਾਰੀ ਕਰ ਰਹੇ ਸਨ। ਇੱਕ ਪਲ ਵਿੱਚ ਜ਼ਿੰਦਗੀ ਬਦਲ ਗਈ। ਇਹ ਯਾਦ ਅੱਜ ਵੀ ਦਿਲ ਨੂੰ ਛੂੰਹਦੀ ਹੈ। ਪਰ ਸਮੇਂ ਨੇ ਇੱਕ ਗੱਲ ਜ਼ਰੂਰ ਸਿਖਾਈ- ਦੁੱਖ ਨੂੰ ਨਫ਼ਰਤ ਵਿੱਚ ਬਦਲਣਾ ਅਸਾਨ ਹੈ, ਪਰ ਉਸ ਨੂੰ ਸਮਝ ਅਤੇ ਮਨੁੱਖਤਾ ਵਿੱਚ ਬਦਲਣਾ ਹੀ ਸਮਾਜ ਦੀ ਅਸਲ ਤਾਕਤ ਹੈ।

ਅੱਜ ਜਦੋਂ, ਕਦੇ-ਕਦੇ, ਕਿਸੇ ਨਾ ਕਿਸੇ ਬਹਾਨੇ, ਪੰਜਾਬ ਦਾ ਮਹੌਲ ਇੱਕ ਵਾਰ ਫਿਰ ਬੇਚੈਨ ਜਿਹਾ ਮਹਿਸੂਸ ਹੋ ਰਿਹਾ ਹੈ, ਤਾਂ ਓਹੀ ਅਤਿਵਾਦ ਦੇ ਸਮੇਂ ਦੇ ਪੁਰਾਣੇ ਦਿਨ ਯਾਦ ਆ ਜਾਂਦੇ ਹਨ। ਪਰ ਇਤਿਹਾਸ ਸਾਨੂੰ ਡਰਾਉਣ ਲਈ ਨਹੀਂ, ਜਗਾਉਣ ਲਈ ਹੁੰਦਾ ਹੈ। ਜੇ ਅਸੀਂ ਉਸ ਤੋਂ ਸਿੱਖ ਲਵਾਂਗੇ ਤਾਂ ਉਹ ਭਵਿੱਖ ਦਾ ਰਸਤਾ ਰੌਸ਼ਨ ਕਰ ਸਕਦਾ ਹੈ।

ਉਸ ਔਖੇ ਦੌਰ ਵਿੱਚ ਬਹੁਤ ਸਾਰੇ ਲੋਕ ਸਨ ਜਿਨ੍ਹਾਂ ਨੇ ਡਰ ਦੇ ਬਾਵਜੂਦ ਸੱਚ, ਇਨਸਾਨੀਅਤ ਅਤੇ ਸਮਾਜਕ ਸਾਂਝ ਦਾ ਪੱਖ ਨਹੀਂ ਛੱਡਿਆ। ਪੱਤਰਕਾਰ, ਲੇਖਕ, ਅਧਿਆਪਕ, ਕਲਾਕਾਰ, ਕਿਸਾਨ ਅਤੇ ਆਮ ਨਾਗਰਿਕ- ਕਈ ਲੋਕਾਂ ਨੇ ਆਪਣੇ-ਆਪਣੇ ਢੰਗ ਨਾਲ ਹਿੰਮਤ ਦਿਖਾਈ। ਜੇ ਉਹ ਹਿੰਮਤ ਨਾ ਦਿਖਾਉਂਦੇ, ਤਾਂ ਸ਼ਾਇਦ ਅੱਜ ਦਾ ਪੰਜਾਬ ਅਤੇ ਅੱਜ ਦੀ ਸਾਡੀ ਖੁੱਲ੍ਹੀ ਜ਼ਿੰਦਗੀ ਏਨੀ ਅਸਾਨੀ ਨਾਲ ਚੱਲਣੀ ਸੰਭਵ ਨਾ ਹੁੰਦੀ।

ਅੱਜ ਦੀ ਪੀੜ੍ਹੀ ਉਸ ਦੌਰ ਦੀਆਂ ਸਿਰਫ਼ ਕਹਾਣੀਆਂ ਸੁਣਦੀ ਹੈ। ਪਰ ਹਰ ਕਹਾਣੀ ਪੂਰੀ ਨਹੀਂ ਹੁੰਦੀ। ਸੋਸ਼ਲ ਮੀਡੀਆ ਦੇ ਇਸ ਸਮੇਂ ਵਿੱਚ ਅੱਧੀ ਸੱਚਾਈ ਅਤੇ ਅੱਧੀ ਅਫ਼ਵਾਹ ਮਿਲ ਕੇ ਪੂਰਾ ਝੂਠ ਵੀ ਬਣ ਸਕਦੀ ਹੈ। ਇਸ ਲਈ ਹਰ ਸੁਣੀ-ਸੁਣਾਈ ਗੱਲ ਨੂੰ ਸੱਚ ਮੰਨ ਲੈਣਾ ਸਮਝਦਾਰੀ ਨਹੀਂ।

ਸੋਚਣਾ, ਪੜ੍ਹਨਾ, ਸਵਾਲ ਪੁੱਛਣਾ ਅਤੇ ਵੱਖ-ਵੱਖ ਨਜ਼ਰੀਏ ਸਮਝਣੇ ਹੀ ਇੱਕ ਜ਼ਿੰਮੇਵਾਰ ਨਾਗਰਿਕ ਦੀ ਪਹਿਚਾਨ ਹੈ।

ਪੰਜਾਬ ਨੂੰ ਅੱਜ ਗੁੱਸੇ ਨਾਲੋਂ ਵੱਧ ਸੰਜਮ ਦੀ ਲੋੜ ਹੈ। ਨਿਰਾਸ਼ਾ ਨਾਲੋਂ ਵੱਧ ਆਸ ਦੀ ਲੋੜ ਹੈ। ਵੰਡ ਨਾਲੋਂ ਵੱਧ ਆਪਸੀ ਗੱਲਬਾਤ ਦੀ ਲੋੜ ਹੈ। ਸਾਡੇ ਸਾਹਮਣੇ ਬੇਰੁਜ਼ਗਾਰੀ, ਨਸ਼ਿਆਂ, ਸਿੱਖਿਆ, ਖੇਤੀਬਾੜੀ ਅਤੇ ਨੌਜਵਾਨਾਂ ਦੇ ਭਵਿੱਖ ਵਰਗੇ ਵੱਡੇ ਸਵਾਲ ਖੜ੍ਹੇ ਹਨ। ਜੇ ਸਾਡੀ ਸ਼ਕਤੀ, ਊਰਜਾ ਆਪਸੀ ਟਕਰਾਅ ਵਿੱਚ ਲੱਗ ਗਈ, ਤਾਂ ਇਹਨਾਂ ਸਮੱਸਿਆਵਾਂ ਦਾ ਹੱਲ ਹੋਰ ਦੂਰ ਚਲਾ ਜਾਵੇਗਾ।

‘ਪ੍ਰੀਤ ਲੜੀ’ ਦੀ ਪਰੰਪਰਾ ਹਮੇਸ਼ਾਂ ਮਨੁੱਖਤਾ, ਤਰਕ ਅਤੇ ਆਪਸ ਵਿਚ ਗੱਲਬਾਤ ਦੀ ਰਹੀ ਹੈ। ਅਸੀਂ ਕਿਸੇ ਨਾਲ ਨਫ਼ਰਤ ਦਾ ਸੱਦਾ ਨਹੀਂ ਦੇ ਸਕਦੇ। ਅਸੀਂ ਸਿਰਫ਼ ਇਹ ਕਹਿ ਸਕਦੇ ਹਾਂ ਕਿ ਇਤਿਹਾਸ ਤੋਂ ਸਿੱਖੀਏ, ਪਰ ਇਤਿਹਾਸ ਦੇ ਕੈਦੀ ਨਾ ਬਣੀਏ। ਯਾਦਾਂ ਨੂੰ ਸੰਭਾਲੀਏ, ਪਰ ਉਹਨਾਂ ਨੂੰ ਭਵਿੱਖ ਦੇ ਰਾਹ ਵਿੱਚ ਕੰਧ ਨਾ ਬਣਨ ਦਈਏ।

ਨੌਜਵਾਨਾਂ ਲਈ ਮੇਰੀ ਸਿਰਫ਼ ਇੱਕ ਅਪੀਲ ਹੈ- ਆਪਣੀ ਤਾਕਤ ਨੂੰ ਉਸਾਰੂ ਕੰਮਾਂ ਵਿੱਚ ਲਾਓ। ਕਿਤਾਬਾਂ ਨਾਲ ਦੋਸਤੀ ਕਰੋ, ਵਿਚਾਰਾਂ ਨਾਲ ਸੰਵਾਦ ਕਰੋ, ਹੁਨਰ ਸਿੱਖੋ ਅਤੇ ਪੰਜਾਬ ਨੂੰ ਨਵੀਆਂ ਉਚਾਈਆਂ ਵੱਲ ਲਿਜਾਣ ਦਾ ਸੁਫ਼ਨਾ ਵੇਖੋ। ਕਿਸੇ ਵੀ ਨਕਾਰਾਤਮਕ ਸੋਚ ਨੂੰ ਆਪਣੀ ਪਛਾਣ ਨਾ ਬਣਨ ਦਿਓ।

ਹਰ ਪੀੜ੍ਹੀ ਦੇ ਸਾਹਮਣੇ ਆਪਣੀ ਅਜ਼ਮਾਇਸ਼ ਹੁੰਦੀ ਹੈ। ਸਾਡੀ ਪੀੜ੍ਹੀ ਨੇ ਇੱਕ ਔਖਾ ਦੌਰ ਵੇਖਿਆ ਅਤੇ ਉਸ ਤੋਂ ਬਚ ਕੇ ਨਿਕਲੀ। ਅੱਜ ਦੀ ਪੀੜ੍ਹੀ ਦੀ ਅਜ਼ਮਾਇਸ਼ ਇਹ ਹੈ ਕਿ ਉਹ ਉਸ ਇਤਿਹਾਸ ਨੂੰ ਦੁਹਰਾਉਣ ਦੀ ਬਜਾਏ ਉਸ ਤੋਂ ਸਿੱਖ ਕੇ ਇੱਕ ਹੋਰ ਸ਼ਾਂਤ, ਹੋਰ ਸਮਝਦਾਰ ਅਤੇ ਹੋਰ ਖੁਸ਼ਹਾਲ ਪੰਜਾਬ ਬਣਾਏ।

ਇਹੀ ਉਹ ਰਸਤਾ ਹੈ ਜੋ ਸਾਡੇ ਸ਼ਹੀਦਾਂ, ਸਾਡੇ ਬਜ਼ੁਰਗਾਂ ਅਤੇ ਸਾਡੇ ਬੱਚਿਆਂ - ਤਿੰਨਾਂ ਨਾਲ ਇਨਸਾਫ਼ ਕਰੇਗਾ।

# ਕੈਟਾਗਰੀ

## ਮੋਹਨ ਲਾਲ ਫ਼ਲੋਰੀਆ ਐਡਵੋਕੇਟ

**ਜਨਗਣਨਾ** ਵਾਲੇ ...... ਉਹ ਦੋ ਜਣੇ ਸਨ, ਇੱਕ ਪਗੜੀ ਵਾਲਾ ਤੇ ਦੂਸਰਾ ਪਗੜੀ ਤੋਂ ਬਿਨਾਂ। ਉਹਨਾਂ ਗਲੀ ਵਿੱਚ ਐਂਟਰ ਹੁੰਦਿਆਂ ਪਹਿਲੇ ਘਰ ਦਾ ਦਰਵਾਜ਼ਾ ਖੜਕਾਇਆ। ਇੱਕ ਨੰਬਰ ਵਾਲੇ ਬਾਹਰ ਨਿੱਕਲੇ ਤੇ ਉਹਨਾਂ ਗਲ਼ਾਂ ਵਿੱਚ ਲਟਕਾਏ ਆਈਡੈਂਟਿਟੀ ਕਾਰਡ ਦਿਖਾਏ। "ਅਸੀਂ ਜਨਗਣਨਾ ਵਾਲੇ ਹਾਂ, ਘਰ ਘਰ ਜਾ ਕੇ ਡਾਟਾ ਇਕੱਠਾ ਕਰਨਾ ਹੈ- ਸਾਡਾ ਸਾਥ ਦਿਓ। ਗਲੀ ਵਾਲਿਆਂ ਨੂੰ ਮਿਲਵਾਅ ਦਿਓ।"

ਇੱਕ ਨੰਬਰ ਵਾਲਾ ਕਿਤੇ ਜਾਣ ਲਈ ਤਿਆਰ ਸੀ, ਉਸ ਨੇ ਘੜੀ ਵੱਲ ਦੇਖਿਆ। ਉਹ ਜਾਣ ਦੀ ਬਜਾਏ ਜਨਗਣਨਾ ਵਾਲਿਆਂ ਨਾਲ ਤੁਰ ਪਿਆ। ਇੱਕ ਨੰਬਰ ਵਾਲਾ ਇੱਕ ਇੱਕ ਕਰਕੇ ਘਰਾਂ ਦੀਆਂ ਘੰਟੀਆਂ ਦੱਬਦਾ ਰਿਹਾ। ਕਈ ਘਰਾਂ 'ਚੋਂ ਕੋਈ ਨਾ ਕੋਈ ਛੇਤੀ ਬਾਹਰ ਆ ਜਾਂਦਾ ਤੇ ਕਈ ਘਰਾਂ 'ਚੋਂ ਥੋੜ੍ਹੀ ਦੇਰ ਲੱਗ ਜਾਂਦੀ। ਉਹ ਅੱਗੇ ਤੁਰ ਜਾਂਦੇ।

ਜਨਗਣਨਾ ਵਾਲਿਆਂ ਦੇ ਥੋੜ੍ਹੇ ਹੀ ਸਵਾਲ ਸਨ, ਜਿਨ੍ਹਾਂ ਦੇ ਜਵਾਬ ਪੁੱਛ ਕੇ, ਮਕਾਨ ਨੰਬਰ ਲਿਖ ਕੇ ਉਹ ਅੱਗੇ ਤੁਰ ਜਾਂਦੇ। ਕੁਝ ਜਾਣਕਾਰੀਆਂ ਇੱਕ ਨੰਬਰ ਵਾਲਾ ਦੇਈ ਜਾਂਦਾ ਸੀ।

ਸਵਾਲ ਪਹਿਲਾ ਸੀ- ਘਰ ਦਾ ਮੁਖੀਆ, ਘਰ ਦੇ ਕਮਰੇ, ਘਰ 'ਚ ਕਿੰਨੇ ਜੀਅ ਰਹਿੰਦੇ ਨੇ ਤੇ ਕੀ ਕਰਦੇ ਹਨ? ਉਨ੍ਹਾਂ ਦਾ ਆਖਰੀ ਸਵਾਲ ਸੀ...ਕੈਟਾਗਰੀ?

ਸਾਡੀ ਇਸ ਦੋ ਨੰਬਰ ਗਲੀ, ਸਾਫ਼-ਸੁਥਰੀ, ਦੇ ਕੁੱਲ ਬਾਈ ਘਰ ਹਨ, ਗਿਆਰਾਂ ਇਕ ਪਾਸੇ ਤੇ ਗਿਆਰਾਂ ਦੂਜੇ ਪਾਸੇ। ਘੰਟੀ ਵੱਜੀ ਤਾਂ ਮੈਂ ਬਾਹਰ ਨਿਕਲਿਆ- ਇੱਕ ਨੰਬਰ ਵਾਲੇ ਨੇ ਜਾਣੂ ਕਰਵਾਇਆ-"ਜਨਗਣਨਾ ਵਾਲੇ.."

ਮੈਂ ਮੁਸਕ੍ਰਾਇਆ।

ਘਰ ਦੇ ਮੁਖੀਏ ਦਾ ਨਾਂ? ਪਹਿਲਾ ਸਵਾਲ। ਮੈਂ ਅਜੇ ਜਵਾਬ ਦੇਣਾ ਹੀ ਸੀ, ਕਿ ਮੇਰਾ ਨਾਂ ਇੱਕ ਨੰਬਰ ਵਾਲੇ ਨੇ ਹੀ ਦੱਸ ਦਿੱਤਾ।

"ਕੀ ਕਰਦੇ ਹੋ?" ਅਗਲਾ ਸਵਾਲ ਸੀ।

"ਇਹ ਐਡਵੋਕੇਟ ਹਨ," ਇੱਕ ਨੰਬਰ ਵਾਲਾ ਫਿਰ ਪਹਿਲਾਂ ਹੀ ਬੋਲ ਗਿਆ।

"ਇਨ੍ਹਾਂ ਨੂੰ ਬੋਲਣ ਦਿਓ," ਜਨਗਨਣਾ ਵਾਲੇ ਨੇ ਅਗਲਾ ਸਵਾਲ ਕੀਤਾ- "ਘਰ ਦੇ ਕਿੰਨੇ ਕਮਰੇ ਹਨ?" ਉਸ ਨੇ ਘਰ ਵੱਲ ਨਜ਼ਰ ਮਾਰੀ। ਮੈਂ ਵੀ ਘਰ ਵੱਲ ਨਜ਼ਰ ਮਾਰੀ। ਮੋਟਾ ਮੋਟਾ ਕਿਹਾ- "ਚਾਰ ਕਮਰੇ ਥੱਲੇ ਤੇ ਤਿੰਨ ਉੱਪਰ ਹਨ।"

"ਘਰ ਵਿੱਚ ਰਹਿਣ ਵਾਲੇ ਕਿੰਨੇ ਹਨ ਤੇ ਕੀ ਕਰਦੇ ਹਨ?" ਅਗਲਾ ਸਵਾਲ ਸੀ। ਇੱਕ ਨੰਬਰ ਵਾਲਾ ਫਿਰ ਬੋਲਿਆ, "ਜੀ, ਇਹ ਖੁਦ ਐਡਵੋਕੇਟ ਨੇ, ਲੜਕਾ ਡਾਕਟਰ ਹੈ, ਲੜਕੇ ਦੀ ਵਾਈਫ਼ ਬੈਂਕ ਮੈਨੇਜਰ ਹੈ। ਇਨ੍ਹਾਂ ਦੀ ਵਾਈਫ਼ ਹਾਊਸ ਵਾਈਫ਼ ਹੈ।"

ਆਖਰੀ ਸਵਾਲ- "ਤੁਹਾਡੀ ਕੈਟਾਗਰੀ?"

"ਕੈਟਾਗਰੀ ਰਿਜ਼ਰਵ-ਸ਼ਡਿਊਲਡ ਕਾਸਟ, ਆਦਿਧਰਮੀ ਚਮਾਰ।" ਮੈਂ ਆਪਣੀ ਕੈਟਾਗਰੀ ਲਿਖਾਅ ਦਿੱਤੀ।

ਇੱਕ ਨੰਬਰ ਵਾਲਾ ਤੇ ਜਨਗਣਨਾ ਵਾਲੇ ਮੇਰੇ ਮੂੰਹ ਵੱਲ ਦੇਖਣ ਲੱਗੇ। ਜਨਗਣਨਾ ਵਾਲਾ ਥੋੜ੍ਹਾ ਜਿਹਾ ਪਿੱਛੇ ਹਟ ਕੇ ਗੇਟ 'ਤੇ ਲੱਗੀ ਨੇਮ ਪਲੇਟ ਲੱਭਣ ਲੱਗਾ। ਉਸਨੇ ਪਿਛਲੇ ਘਰਾਂ 'ਤੇ ਬਾਹਰ ਲੱਗੀਆਂ ਨੇਮ ਪਲੇਟਾਂ ਵੱਲ ਫਿਰ ਨਜ਼ਰ ਮਾਰੀ। ਘਰਾਂ ਦੇ ਬਾਹਰ ਆਮ ਤੌਰ 'ਤੇ ਸ਼ਰਮਾ, ਵਰਮਾ, ਗੁਪਤਾ, ਗਰਗ, ਸਿੰਗਲਾ, ਸਿੱਧੂ, ਸੰਧੂ, ਗਿੱਲ ਨਾਂ ਦੀਆਂ ਨੇਮ ਪਲੇਟਾਂ ਲੱਗੀਆਂ ਹੋਈਆਂ ਸਨ। ਉਥੇ ਸ਼ਾਇਦ ਉਨ੍ਹਾਂ ਕੈਟਾਗਰੀ ਵੀ ਨਾ ਪੁੱਛੀ ਹੋਏ?

ਮੇਰੀ ਕੈਟਾਗਰੀ ਪੁੱਛ ਕੇ ਉਹ ਸਾਹਮਣੇ ਵਾਲੇ ਘਰ ਚਲੇ ਗਏ। ਸਾਹਮਣੇ ਵਾਲਾ ਰਿਟਾਇਰਡ ਕਮਾਂਡਰ ਹੈ। ਵੱਡਾ ਘਰ ਹੈ। ਪੰਜ ਕਮਰੇ ਹੇਠਾਂ, ਚਾਰ ਉੱਪਰ। ਲੜਕਾ ਇੱਕ ਅਸਟਰੇਲੀਆ, ਇੱਕ ਅਮਰੀਕਾ। ਨੱਬੇ ਸਾਲ ਦੇ ਉਨ੍ਹਾਂ ਦੇ ਪਿਤਾ ਜੀ ਘਰ ਸਨ। ਜਨਗਣਨਾ ਵਾਲੇ ਨੇ ਪਿਤਾ ਜੀ ਨੂੰ ਪੁੱਛਿਆ, "ਪਿਤਾ ਜੀ, ਤੁਹਾਡੀ ਕੈਟਾਗਰੀ ਕੀ ਹੈ?"

"ਇਹ ਕੈਟਾਗਰੀ ਕੀ ਬਲਾਅ ਹੁੰਦੀ ਹੈ, ਮੈਨੂੰ ਨਹੀਂ ਪਤਾ ਕੈਟਾਗਰੀ -ਮੇਰੇ ਪੁੱਤ ਨੂੰ ਪਤਾ ਹੋਊ। ਸ਼ਾਮ ਨੂੰ ਮੁੜਨਾ ਓਹਨੇ, ਉਦੋਂ ਪੁੱਛ ਲਿਓ।" ਜਨਗਨਣਾ ਵਾਲੇ ਗੇਟ ਤੋਂ ਬਾਹਰ ਆ ਗਏ।

ਇੱਕ ਜਨਗਨਣਾ ਵਾਲੇ ਨੇ ਮੇਰੇ ਕੰਨ ਵਿੱਚ ਨੇੜੇ ਹੋ ਕੇ ਕਿਹਾ, "ਤੁਹਾਨੂੰ ਪਤਾ ਇਨ੍ਹਾਂ ਦੀ ਕੈਟੇਗਰੀ, ਤੁਹਾਡੇ ਸਾਹਮਣੇ ਵਾਲਿਆਂ ਦੀ?"

"ਹਾਂ ਪਤਾ, ਇਹਨਾਂ ਦੀ ਕੈਟਾਗਰੀ ਵੀ ਮੇਰੇ ਵਾਲੀ ਹੈ," ਮੈਂ ਵਿਸ਼ਵਾਸ ਨਾਲ ਕਿਹਾ।

"ਰੀਅਲੀ!" ਉਹ ਵੱਡਾ ਮਕਾਨ ਦੇਖ ਕੇ



ਪੰਜਾਬ ਦੀ ਇਕ ਫੋਟੋ- ਦ ਹਿੰਦੂ ਤੋਂ ਲਈ

ਹੈਰਾਨ ਹੋਇਆ।

"ਅੱਛਾ ਜੀ, ਥੈਂਕਯੂ ਫ਼ਾਰ ਯੂਅਰ ਕੋ-ਅਪਰੇਸ਼ਨ।"

ਇੱਕ ਨੰਬਰ ਵਾਲੇ ਨੇ ਜਿੱਥੇ ਜਾਣਾ ਸੀ ਚਲੇ ਗਿਆ। ਜਨਗਣਨਾ ਵਾਲੇ ਨੇ ਨਾਲ ਆਏ ਜੂਨੀਅਰ ਨੂੰ ਕਿਹਾ, "ਸਾਹਮਣੇ ਵਾਲੇ ਦੀ ਕੈਟਾਗਰੀ ਲਿਖ ਲਈਂ ਇਨ੍ਹਾਂ ਵਾਲੀ।" ਉਹਨੇ ਹਾਂ ਵਿੱਚ ਸਿਰ ਹਿਲਾਇਆ।

ਜਨਗਣਨਾ ਵਾਲਾ ਫਿਰ ਮੇਰੇ ਨੇੜੇ ਹੋਇਆ। ਉਸ ਪੁੱਛਿਆ, "ਅੱਛਾ, ਇਹ ਦੱਸੋ, ਤੁਹਾਡੀ ਇਸ ਗਲੀ ਵਿੱਚ ਆਪਣੀ ਕੈਟਾਗਰੀ ਦੇ ਹੋਰ ਕਿਹੜੇ-ਕਿਹੜੇ ਘਰ ਨੇ?"

ਜਨਗਣਨਾ ਵਾਲੇ ਦਾ 'ਆਪਣੀ ਕੈਟਾਗਰੀ' ਕਹਿਣਾ ਬੜਾ ਅਪਣੱਤ ਭਰਿਆ ਲੱਗਾ।

"ਸਾਡੀ ਗਲੀ ਦੇ ਸ਼ੁਰੂ ਵਿੱਚ ਹੀ ਜਿਹੜੇ ਤਿੰਨ-ਚਾਰ ਘਰ ਨੇ, ਉਹ ਰਿਜ਼ਰਵ ਕੈਟਾਗਰੀ ਦੇ ਹਨ- ਇਹ ਇਹ ਨੰਬਰ ਹਨ ਉਨ੍ਹਾਂ ਦੇ।"

ਜਨਗਣਨਾ ਵਾਲੇ ਨੇ ਉਨ੍ਹਾਂ ਦੇ ਫ਼ਾਰਮ ਕੱਢ ਕੇ ਦੇਖੇ। ਉਨ੍ਹਾਂ ਆਪਣੀ ਕੈਟਾਗਰੀ 'ਜਨਰਲ' ਲਿਖਵਾਈ ਸੀ। ਉਨ੍ਹਾਂ ਦੇ ਘਰਾਂ ਬਾਹਰ 'ਸੰਧੂ ਨਿਵਾਸ', 'ਸਿੱਧੂ ਨਿਵਾਸ' ਤੇ 'ਸਹੋਤਾ ਹਾਊਸ' ਲਿਖਿਆ ਹੋਇਆ ਸੀ। ਜਾਂ ਹੋ ਸਕਦੈ ਜਨਗਣਨਾ ਵਾਲਿਆਂ ਕੈਟਾਗਰੀ ਪੁੱਛੀ ਨਾ ਹੋਵੇ, ਆਪ ਹੀ ਜਨਰਲ ਕਰ ਦਿੱਤੀ ਹੋਵੇ।

"ਹੁਣ ਦੁਬਾਰਾ ਜਾਂਦੇ ਚੰਗੇ ਨਹੀਂ ਲੱਗਦੇ। ਪਰ ਜੇ ਉਨ੍ਹਾਂ ਆਪਣੀ ਕੈਟਾਗਰੀ ਛੁਪਾਈ ਹੈ ਤਾਂ ਗ਼ਲਤ ਜਾਣਕਾਰੀ ਦੇਣੀ ਤਾਂ ਇੱਕ ਅਫ਼ੈਂਸ ਹੈ।" ਜਨਗਣਨਾ ਵਾਲੇ ਨੇ ਪੇਪਰ ਸੰਭਾਲੇ ਤੇ ਉੱਠ ਪਿਆ।

"ਠੀਕ ਹੈ, ਕੋਈ ਨਹੀਂ, ਮੇਰੇ ਪਾਸ ਉਨ੍ਹਾਂ ਦੇ ਫ਼ੋਨ ਨੰਬਰ ਹਨ- ਸ਼ਾਮ ਨੂੰ ਫ਼ੋਨ ਕਰ ਕੇ ਕਹਾਂਗਾ ਕੈਟਾਗਰੀ ਹੈ ਕੀ ਹੈ ਤੁਹਾਡੀ? ਗਲਤ ਜਾਣਕਾਰੀ ਦੇਣ 'ਤੇ ਕਾਰਵਾਈ ਹੋ ਸਕਦੀ ਹੈ।" ਕਹਿੰਦਾ, "ਬੜੇ ਕੇਸ ਨੇ ਇੰਦਾਂ ਦੇ, ਲੋਕ ਸੱਚ ਬੋਲਣ ਤੋਂ ਵੀ ਡਰਦੇ ਹਨ।"

98884-05888;
232-E-F Courts ਜਲੰਧਰ।

ਕਹਾਣੀ : # ਮੇਰੇ ਅਗਲੇ ਵੀ ਨਹੀਂ ਲਿਖਣਗੇ

"ਕਿਰਤੀ" 100 ਸਾਲ 'ਤੇ ਖਾਸ

## ਗੁਰਚਰਨ ਸਿੰਘ ਸਹਿੰਸਰਾ

**ਮਾਰਚ** 1934 ਦੇ ਆਖ਼ਰੀ ਦਿਨਾਂ ਦਾ ਲਹਡਾ ਵੇਲਾ ਸੀ, ਅੰਮ੍ਰਿਤਸਰ ਮਲਵਈ ਬੁੰਗੇ ਦੀ ਗੱਲ ਹੈ।

ਬੁੰਗੇ ਦੀਆਂ ਬਜ਼ਾਰ ਦੀਆਂ ਦੁਕਾਨਾਂ ਦੇ ਪਿੱਛੇ ਵਿਹੜੇ ਵਿੱਚ ਦੋਂਹ ਪਖਿਆਂ ਦੀ ਇੱਕ ਪੁਰਾਣੀ ਢੱਠਣ ਕਿਨਾਰੇ ਕੋਠੜੀ ਵਿੱਚ ਦੇਸ਼ ਭਗਤ ਪਰਵਾਰ-ਸਹਾਇਕ ਕਮੇਟੀ ਦਾ ਦਫ਼ਤਰ ਸੀ। ਮੀਹਾਂ ਨਾਲ਼ ਛੱਤ ਤੋਂ ਖੁਰ ਖੁਰ ਬਾਹਰ ਕੰਧਾਂ ਤੇ ਜੰਮੀ ਮਿੱਟੀ ਦੀ ਕਲਿਤਣ ਤੋਂ ਪਤਾ ਨਹੀਂ ਸੀ ਲੱਗਦਾ, ਕਿ ਪੁਰਾਣੀਆਂ ਤੇ ਬੋਦੀਆਂ ਪੈ ਚੁਕੀਆਂ ਇੱਟਾਂ ਚੂਨੇ ਨਾਲ਼ ਚਿਣੀਆਂ ਹੋਇਆਂ ਸਨ ਜਾਂ ਗਾਰੇ ਨਾਲ਼। ਨੀਂਹ ਲਾਗਿਉਂ ਤਿੰਨਾਂ ਚਹੁੰ ਵਾਰਾਂ ਦੀਆਂ ਇੱਟਾਂ ਦੇ ਪਿੰਡੇ ਕੱਲਰ ਨੇ ਖੋਰ ਛੱਡੇ ਸਨ। ਬੂਹੇ ਦੀ ਚੁਗਾਠ ਤੇ ਤਖਤੇ ਹਵਾ ਪਾਣੀ ਤੇ ਧੁੱਪ ਦੀ ਮਾਰ ਨਾਲ਼ ਮੈਲੇ ਤੇ ਖੱਖਰ ਖਾਧੇ ਹੋ ਕੇ ਕਾਲੇ ਹੋਏ ਸਨ।

ਅੰਦਰ ਕੱਚੇ ਫ਼ਰਸ਼ ਦੀ ਝਾੜੂ ਬਹਾਰੀ ਤੋਂ ਬਿਨਾਂ ਹੋਰ ਕੋਈ ਸਫ਼ਾਈ ਨਹੀਂ ਸੀ। ਕੰਧਾਂ ਉਤੇ ਬਹੁਤ ਸਾਲਾਂ ਤੋਂ ਨਾ ਹੋਈ ਕਲੀ ਦੀਆਂ ਕਈ ਥਾਵਾਂ ਤੋਂ ਟਾਕੀਆਂ ਪਾਈਆਂ ਹੋਈਆਂ ਸਨ ਤੇ ਗਾਰੇ ਦੀ ਲਿਪਾਈ ਦੀਆਂ ਟਾਕੀਆਂ ਦਿਸ ਰਹੀਆਂ ਸਨ। ਹੇਠਲੇ ਕੁਝ ਵਾਰ ਸਲ੍ਹਾਬ ਨਾਲ਼ ਖੁਰ ਕੇ ਇੱਟਾਂ ਦੀ ਸੁਰਖੀ ਡੋਗ ਰਹੇ ਸਨ। ਇੱਕ ਬੋਦੀ ਜਿਹੀ ਸਤੀਰੀ ਉੱਤੇ ਅਨਘੜਤ ਕੜੀਆਂ ਤੇ ਸਿਰਕੀਆਂ ਦੀ ਧੁਆਖੀ ਹੋਈ ਛੱਤ ਇਸ ਤਰ੍ਹਾਂ ਜਾਪਦੀ ਸੀ, ਜਿਵੇਂ ਕਾਲੋਂ ਦਾ ਲੇਪਣ ਫੇਰਿਆ ਹੋਵੇ। ਧੁਆਖੀਆਂ ਕੜੀਆਂ ਦੀਆਂ ਸਿਰਕੀਆਂ ਨਾਲ਼ ਲੱਗੀਆਂ ਵੱਖੀਆਂ ਤੇ ਕੰਧਾਂ ਦੀਆਂ ਨੁੱਕਰਾਂ ਵਿੱਚ ਥਾਂ ਥਾਂ ਕਕਹਿਣਿਆਂ ਦੇ ਬਣਾਏ ਹੋਏ ਚਿੱਟੇ ਚਿੱਟੇ ਘਰ ਕਾਲੀ ਪੈ ਚੁੱਕੀ ਛੱਤ 'ਤੇ ਕਮਰੇ ਦੇ ਹਨੇਰੇ ਵਿੱਚ ਰਾਤ ਦੇ ਤਾਰਿਆਂ ਵਾਂਗ ਚਮਕਦੇ ਨਜ਼ਰ ਆਉਂਦੇ ਸਨ।

ਪਿਛਲੀ ਕੰਧ ਨਾਲ਼ ਖੜੀ ਕੀਤੀ ਲਕੜ ਦੀ ਇਕ ਪੰਜ ਫੁੱਟੀ ਪੁਰਾਣੀ ਅਲਮਾਰੀ ਵਿੱਚ ਦਫ਼ਤਰ ਦੇ ਰਜਿਸਟਰ ਤੇ ਕਾਗਜ਼ ਪੱਤਰ ਸਨ, ਜਿਸ ਦੇ ਅੱਗੇ ਇਕ ਟੁੱਟਣ ਲਾਗੇ ਆਈ ਕੁਰਸੀ ਤੇ ਇੱਕ ਪੁਰਾਣਾ ਮੇਜ਼ ਰੱਖੇ ਸਨ। ਮੇਜ਼ ਉਤੇ ਲਾਲ ਨੀਤੀ ਦਵਾਤਾਂ ਵਾਲ਼ੇ ਲੱਕੜ ਦੇ ਕਲਮਦਾਨ ਵਿੱਚ ਦੋ ਨੀਲੇ ਤੇ ਇਕ ਲਾਲ ਡੰਕ ਪਏ ਸਨ। ਇਸ ਤੋਂ ਇਲਾਵਾ ਮੇਜ਼ ਉੱਤੇ ਰੱਖ ਕੇ ਲਿਖਣ ਵਾਲ਼ਾ ਸਿਆਹੀ ਚੂਸ ਲੱਗਾ ਇੱਕ ਵੱਡਾ ਸਾਰਾ ਗੱਤਾ, ਪਿੰਨਾਂ ਵਾਲ਼ੀ ਪੈਡ ਤੇ ਲੱਕੜ ਦਾ ਫੁੱਟਾ ਸੀ। ਮੈਂ ਮੇਜ਼ ਉੱਤੇ ਲੱਤਾਂ ਰੱਖੀ ਇਸ ਕੁਰਸੀ ਉੱਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸਾਂ। ਮੇਜ਼ ਦੇ ਪਰਲੇ ਪਾਸੇ ਬੂਹੇ ਤੋਂ ਥੋੜ੍ਹਾ ਹੀ ਅੱਗੇ ਇੱਕ ਹੋਰ ਟੁੱਟੀ ਜਿਹੀ ਕੁਰਸੀ ਪਈ ਸੀ, ਜੋ ਆਇਆਂ ਦੇ ਬੈਠਣ ਲਈ ਰੱਖੀ ਹੋਈ ਸੀ।

ਬਾਹਰ ਇੱਕ ਝੌਲਾ ਜਿਹਾ ਪਿਆ। ਵੇਖਿਆ ਤਾਂ ਇਕ ਸਮੱਧਰ ਜਿਹਾ ਬੰਦਾ ਬੂਹੇ ਅੱਗੇ ਖਲੋਤਾ ਸੀ।

'ਦੇਸ਼ ਭਗਤਾਂ ਦਾ ਦਫ਼ਤਰ ਇਹੀ ਹੈ? ਉਸ ਨੇ ਓਪਰੇ ਜਿਹੇ ਉਚਾਰਨ ਵਿੱਚ ਬਾਹਰੋਂ ਹੀ ਪੁਛਿਆ।

'ਹਾਂ', ਮੈਂ ਉਸ ਵੱਲ ਵੇਖੇ ਬਿਨਾਂ ਹੀ ਜੁਆਬ ਦਿੱਤਾ।

ਉਹ ਪਿਛਾਂਹ ਮੁੜਿਆ ਤੇ ਝਟ ਕੁ ਮਗਰੋਂ ਫੇਰ ਅੰਦਰ ਆ ਕੇ ਖਾਲੀ ਕੁਰਸੀ ਲਾਗੇ ਖਲੋ ਗਿਆ। ਉਹ ਬੜਾ ਸਹਿਮਿਆ ਤੇ ਡੌਰ ਭੌਰ ਜਿਹਾ ਜਾਪਦਾ ਸੀ। ਉਸ ਨੇ ਚੰਗੀਆਂ ਪੜ੍ਹਾਕੂ ਨਜ਼ਰਾਂ ਨਾਲ਼ ਕੋਠੜੀ ਦੀਆਂ ਚਾਰੇ ਨੁੱਕਰਾਂ ਵੇਖੀਆਂ। ਉਸ ਦੀ ਨਿਗਾਹ ਮੇਰੇ ਉਤੇ ਆ ਕੇ ਟਿਕ ਗਈ ਤੇ 'ਹਰਨਾਮ ਸਿੰਘ ਟੁੰਡੀਲਾਟ ਕਿੱਥੇ ਹੈ' ਪੁਛ ਕੇ ਉਸ ਨੇ ਆਪਣਾ ਆਉਣਾ ਦੱਸ ਦਿੱਤਾ।

'ਉਹ ਤਾਂ ਪਿੰਡ ਗਏ ਹੋਏ ਨੇ।'

ਇਹ ਸੁਣਦਿਆਂ ਹੀ ਉਸ ਦੇ ਚਿਹਰੇ ਤੇ ਨਿਰਾਸਤਾ ਦਾ ਲੇਪਣ ਫਿਰ ਗਿਆ। ਉਹ ਜ਼ਰਾ ਝੁਕਿਆ ਤੇ ਫੇਰ ਬੋਲਿਆ।

'ਤੁਹਾਡਾ ਨਾਂ।'

'ਗੁਰਚਰਨ ਸਿੰਘ।'

'ਮੇਰਾ ਨਾਂ ਸੁਣ ਕੇ ਉਹ ਸੋਚੀਂ ਪੈ ਗਿਆ, ਜਿਵੇਂ ਕੋਈ ਗੰਭੀਰ ਫੈਸਲਾ ਕਰਨ ਵਿੱਚ ਲੱਗ ਪਿਆ ਹੋਵੇ।

ਏਨੇ ਵਿਚ ਮੈਂ ਉਸ ਨੂੰ ਚੰਗੀ ਤਰ੍ਹਾਂ ਵੇਖ ਲਿਆ। ਉਹ ਰੰਗੋਂ ਸੌਣਾ ਤੇ ਕੱਦੋਂ ਮੱਧਰਾ ਪਰ ਗਠਵੇਂ ਸਰੀਰ ਦਾ ਕਾਬਲੀ ਬੰਦਾ ਸੀ। ਕੁੜਤਾ ਤੇ ਸਲਵਾਰ ਚਿੱਟੇ, ਸਿਰੇ 'ਤੇ ਨਸਵਾਰੀ ਮਸ਼ਕਦੀ ਲੁੰਗੀ ਜਾਕਟ ਦੇ ਪੇਸ਼ ਕਾਲੇ ਸੂਫ ਦੇ ਤੇ ਅੰਦਰਸ ਤੇ ਪਿੱਠ ਲੱਠੇ ਦੀ, ਉਸ ਦੇ ਮੈਲੇ ਤੇ ਮਧੋਲੇ ਹੋਏ ਕਪੜੇ ਦੱਸਦੇ ਸਨ ਕਿ ਉਹ ਕਈ ਦਿਨਾਂ ਤੋਂ ਸਾਫ਼ ਨਹੀਂ ਸਨ ਕੀਤੇ ਗਏ।




"ਕਿਰਤੀ" ਦਾ ਸਰਵਰਕ, ਸਹਿੰਸਰਾ ਇਸ ਦੇ ਸੰਪਾਦਕ ਵੀ ਰਹੇ।

### ਕਾਮਰੇਡ ਗੁਰਚਰਨ ਸਿੰਘ ਸਹਿੰਸਰਾ:

ਜਨਮ: 24 ਦਸੰਬਰ,1907-
7 ਮਈ, 1979[ ਤਰਨ ਤਾਰਨ ਦੀ ਪੱਟੀ ਤਹਿਸੀਲ ਦੇ ਪਿੰਡ ਚੂਸਲੇਵੜ, ਬਰਤਾਨੀਆ ਹੇਠਲੇ ਭਾਰਤ ਵਿਚ। 1930ਵਿਆਂ ਵਿਚਇਨਕਲਾਬੀ "ਕਿਰਤੀ ਪਾਰਟੀ" ਦੇ ਮੈਂਬਰ ਬਣੇ ਅਤੇ ਲਾਲ ਕਮਿਊਨਿਸਟ ਪਾਰਟੀ ਦੀ ਪ੍ਰਮੁੱਖ ਹਸਤੀ ਸਨ। 1940: ਕੁਲਵਕਤੀ ਅਜ਼ਾਦੀ ਸੰਗ੍ਰਾਮੀਏ ਅਤੇ ਸਿਆਸੀ ਸਰਗਰਮੀਏ ਬਣੇ, ਬਸਤੀਵਾਦ-ਵਿਰੋਧੀ ਲਿਖਤਾਂ ਲਈ ਲਗਾਤਾਰ ਬਰਤਾਨਵੀ ਪ੍ਰਸ਼ਾਸਨ ਦਾ ਨਿਸ਼ਾਨਾ ਬਣਦੇ। ਮੱਧ 1940ਵੇਂ: ਕਈ ਇਨਕਲਾਬੀ ਪ੍ਰਕਾਸ਼ਨਾਵਾਂ ਲਈ ਕੁੰਜੀਵਤ ਲੇਖਕ, "ਰਣਜੀਤ" ਦੇ ਪੰਜਾਬੀ ਹਿੱਸੇ ਦਾ ਸੰਪਾਦਨ ਵੀ ਕੀਤਾਅਤੇ "ਲਾਲ ਝੰਡਾ" ਵਿਚ ਵੀ ਕੰਮ। ਅਜ਼ਾਦੀ ਤੋਂ ਬਾਅਦ (ਮਗਰਲੇ 1940ਵੇਂ):ਨਕੋਦਰ ਕਾਨਫ੍ਰੰਸ ਵੇਲਲਾਲ ਕਮਿਊਨਿਸਟ ਪਾਰਟੀ ਹਿੰਦ ਯੂਨੀਅਨ ਦੀ ਕੇਂਦਰੀ ਕਮੇਟੀ ਲਈ ਚੁਣੇ ਗਏ। 1950–1960 ਵਿਆਂ ਵਿੱਚ: ਹੁਣ ਅੱਗੇ ਵਧੂ ਸਾਹਿਤ ਅਤੇ ਕਾਮਿਆਂ ਦੇ ਹੱਕਾਂ ਵੱਲ ਵੱਡਾ ਝੁਕਾਅ ਬਣ ਗਿਆ। "ਕਿਰਤੀ"; "ਲਾਲ ਝੰਡਾ", ਅਤੇ "ਪ੍ਰੀਤਮ" ਦੇ ਸੰਪਾਦਕ ਰਹੇ। 1970ਵੇਂ: ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਬਣੇ। ਮੱਧ 1970ਵਿਆਂ ਤੋਂ ਅਖੀਰ 70ਵਿਆਂ ਤੱਕ: ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਰਿਹਾਇਸ਼ ਰਹੀ ਜਿੱਥੇ ਆਪਣਾ ਸਮਾਂ ਜ਼ੁਬਾਨੀ ਇਤਿਹਾਸ ਅਤੇ ਸਾਥੀਆਂ ਵੱਲੋਂ ਦੱਸੀਆਂ ਅਣਲਿਖੀਆਂ ਗੱਲਾਂ ਨੂੰ ਰਿਕਾਰਡ ਕਰਨ ਉੱਤੇ ਵੱਡੀ ਤਰ੍ਹਾਂ ਲਾਇਆ, ਜਿਸ ਨਾਲ ਪੰਜਾਬ ਦੇ ਸਿਆਸੀ ਸਰਗਰਮੀਏਪੁਣੇ ਦੇ ਅਤੇ ਇਤਿਹਾਸਕ ਸਾਹਿਤ ਦੀ ਇੱਕ ਬਹੁਤ ਅਰਥਭਰੀ ਵਿਰਾਸਤ ਛੱਡ ਕੇ ਗਏ। ਉਨ੍ਹਾਂ ਦੀਆਂ ਆਪਣੀਆਂ ਸਾਹਿਤਕ ਲਿਖਤਾਂ (ਕਿਤਾਬਾਂ ਉਤੇ ਪੱਤਰਕਾਰੀ , ਲਾਲ ਪਾਰਟੀ ਵਿਚ ਨਿਭਾਈ ਭੂਮਿਕਾ ਬਾਰੇ ਵੀ ।

ਅਨਸਾਂਭੀ ਸੁਕਭੁਰਲੀ ਅੱਧੀ ਕੁ ਗਿੱਠ ਕੁ ਲੰਮੀ ਦਾਹੜੀ ਬੋਹੜ ਦੀਆਂ ਦਾਹੜਾਂ ਵਾਂਗ ਠੋਡੀ ਤੋਂ ਸਣ ਦੀਆਂ ਰੱਸੀਆਂ ਬਣ ਕੇ ਹੇਠਾਂ ਲਮਕੀ ਹੋਈ ਸੀ। ਵੱਟਾਂ ਵਾਲ਼ੀ ਬੱਧੀ ਲੁੰਗੀ ਵਿਚੋਂ ਧੌਣ ਉੱਤੇ ਕਾਲੇ ਵਾਲਾਂ ਦੀਆਂ ਮੈਲ ਜੰਮੀਆਂ ਬੂੰਦਾਂ ਨਿਕਲੀਆਂ ਹੋਈਆਂ ਸਨ। ਉਸ ਦੇ ਮੂੰਹ ਤੇ ਹੱਥਾਂ ਦੀ ਖੁਸ਼ਕੀ ਤੋਂ ਦਿਸਦਾ ਸੀ ਕਿ ਪਿਛਲੇ ਦਿਨਾਂ ਵਿੱਚ ਉਸ ਨੂੰ ਆਪਣੀ ਕਾਇਆ ਸਵਾਰਨ ਦਾ ਮੌਕਾ ਹੀ ਨਹੀਂ ਮਿਲ਼ਿਆ। ਉਸ ਦਾ ਜੁੱਸਾ ਥਕੇਵੇਂ ਤੇ ਨੀਂਦਰੇ ਦਾ ਭੰਨਿਆ ਹੋਇਆ ਮਾਲੂਮ ਹੁੰਦਾ ਸੀ।

ਉਹ ਸੋਚਦਾ ਸੋਚਦਾ ਖੱਬੇ ਹੱਥ ਨਾਲ਼ ਆਪਣੇ ਕੰਨ ਦੇ ਪਿਛਾੜੀ ਖੁਰਕਣ ਲੱਗ ਪਿਆ। ਫੇਰ ਇਕ ਦਮ ਪਿਛਾਂਹ ਹੱਟ ਕੇ ਉਸ ਨੇ ਅੰਦਰੋਂ ਬੂਹਾ ਬੰਦ ਕਰ ਲਿਆ ਤੇ ਮੁੜ ਆਪਣੀ ਥਾਂ ਆ ਖਲੋਤਾ। ਉਸ ਦਾ ਚਿਹਰਾ ਕੁਝ ਕਰ ਲੈਣ ਲਈ ਰੁਮਕਣ ਲੱਗ ਪਿਆ ਸੀ।

ਮੈਂ ਡਰ ਗਿਆ, 'ਮਤਾ ਮੈਨੂੰ ਮਾਰੇ?'

ਮੈਂ ਵੀ ਅੱਗੋਂ ਸਾਵਧਾਨ ਹੋ ਗਿਆ। ਅਖ਼ਬਾਰ ਮੇਜ਼ ਉਤੇ ਰੱਖ ਕੇ ਲੱਤਾਂ ਹੇਠਾਂ ਕਰ ਲਈਆਂ ਤੇ ਹਰ ਆਈ ਦਾ ਮੁਕਾਬਲਾ ਕਰਨ ਲਈ ਬੰਦਿਆਂ ਵਾਂਗ ਹੋ ਬੈਠਾ।

ਉਸ ਨੇ ਨਿਉਂ ਕੇ ਆਪਣੇ ਸੱਜੇ ਪੈਰ ਦੇ ਬੂਟ ਨੂੰ ਹੱਥ ਪਾਇਆ। ਮੈਂ ਜਾਤਾ ਲੱਗੀਆਂ ਪੈਣ। ਮੈਂ ਵੀ ਇਕ ਦਮ ਉਠ ਕੇ ਕੁਰਸੀ ਪਿਛੇ ਹੋ ਖਲੋਤਾ ਤੇ ਅੱਗੋਂ ਚੁੱਕ ਕੇ ਮਾਰਨ ਲਈ ਦੋਵੇਂ ਹੱਥ ਕੁਰਸੀ ਦੀਆਂ ਬਾਹੀਆਂ ਨੂੰ ਪਾ ਲਏ।

ਪਰ ਲੜਾਈ ਦੀ ਨੌਬਤ ਨ ਆਈ। ਉਸ ਨੇ ਬੂਟ ਲਾਹ ਕੇ ਮੇਜ਼ ਤੇ ਰੱਖ ਦਿੱਤਾ, ਉਸ ਦਾ ਪਤਾਵਾ ਪੁੱਟਿਆ ਤੇ ਵਿਚੋਂ ਇਕ ਤਹਿ ਕੀਤਾ ਹੋਇਆ ਕਾਗਜ਼ ਖਿੱਚ ਕੇ ਮੈਨੂੰ ਫੜਾ ਦਿੱਤਾ। ਇਹ ਇਕ ਚਿੱਠੀ ਸੀ।

ਮੇਰਾ ਧੜਕੂ ਦੂਰ ਹੋਇਆ ਤੇ ਮੇਰੇ ਲੂੰ ਲੂੰ ਵਿੱਚ ਖੁਸ਼ੀ ਦੀ ਲਹਿਰ ਫਿਰ ਗਈ ਤੇ ਲੜਾਈ ਵਾਸਤੇ ਤਿਆਰ ਵੱਟਿਆ ਹੋਇਆ ਚਿਹਰਾ ਖੁਲ੍ਹ ਗਿਆ।

ਫੇਰ ਉਸ ਨੇ ਦੂਸਰੇ ਬੂਟ ਵਿੱਚੋਂ ਵੀ ਇਸ ਤਰ੍ਹਾਂ ਦੀ ਇਕ ਹੋਰ ਚਿੱਠੀ ਕੱਢੀ। ਉਪਰੰਤ ਉਸ ਨੇ ਜਾਕਟ ਲਾਹੀ ਤੇ ਉਸ ਦੀ ਗਰਦਨ ਦੇ ਅੰਦਰਸ ਨੂੰ ਉਧੇੜ ਕੇ ਇਕ ਹੋਰ ਕਾਗਜ਼ ਖਿੱਚ ਲਿਆ।

ਮੈਨੂੰ ਤਾਂ ਖੁਸ਼ੀਆਂ ਚੜ੍ਹ ਗਈਆਂ ਤੇ ਉਸ ਬੰਦੇ ਦੇ, ਜਿਸ ਤੋਂ ਪਹਿਲਾਂ ਮੈਨੂੰ ਬਹੁਤ ਡਰ ਗਿਆ ਸਾਂ, ਮੈਂ ਦਿਲ ਹੀ ਦਿਲ ਵਿੱਚ ਵਾਰੇ ਵਾਰੇ ਜਾਣ ਲੱਗ ਪਿਆ।

'ਇਹ ਕਾਬਲੋਂ ਲਿਆਇਆ ਹਾਂ' ਉਸ ਨੇ ਪਸ਼ਤੋ ਤਰਜ਼ ਦੀ ਪੰਜਾਬੀ ਬੋਲਦਿਆਂ ਇਨ੍ਹਾਂ ਨੂੰ ਲਿਆਉਣ ਦੀ ਸਾਰੀ ਵਿਥਿਆ ਦਸ ਦਿੱਤੀ।

ਮੈਂ ਉਸ ਦਾ ਬਹੁਤ ਹੀ ਬੜਾ ਧੰਨਵਾਦ ਕੀਤਾ ਤੇ ਉਸ ਨੂੰ ਬੈਠਣ ਲਈ ਤੇ ਪਾਣੀ ਧਾਣੀ ਪੀਣ ਲਈ ਬੜਾ ਜ਼ੋਰ ਲਾਇਆ ਪਰ ਉਹ ਨਾ ਮੰਨਿਆ ਤੇ ਫੋਕਾ ਹੀ ਚਲਿਆ ਗਿਆ।

ਮੇਰੇ ਧੰਨ ਧੰਨ ਹੋ ਗਈ। ਬਲਿਹਾਰ ਜਾਈਏ, ਉਸ ਸਾਧਾਰਣ ਜਿਹੇ ਅਫਗਾਨੀ ਦੇ ਜੋ ਆਪਣੇ ਜਾਮੇ ਅੰਦਰ ਸਾਡੀ ਇਨਕਲਾਬੀ ਲਹਿਰ ਦਾ ਬਹੁਤ ਕੁਝ ਲੁਕਾ ਕੇ ਲਿਆਇਆ ਸੀ।

ਮੈਂ ਚਿੱਠੀਆਂ ਵੇਖੀਆਂ, ਇਕ ਉਰਦੂ ਵਿਚ ਸਾਡੇ ਨਾਂ ਸੀ, ਦੂਸਰੀਆਂ ਅੰਗਰੇਜ਼ੀ ਦੀਆਂ ਮਦਰਾਸ ਤੇ ਇੰਦੌਰ ਦੇ ਸਾਡੇ ਕਮਿਊਨਿਸਟ ਅੱਡਿਆਂ ਵੱਲ ਲਿਖੀਆਂ ਹੋਈਆਂ ਸਨ। ਦੂਸਰੀਆਂ ਚਿੱਠੀਆਂ ਨੂੰ ਡਾਕ ਰਾਹੀਂ ਭੇਜਣ ਵੇਲੇ ਸੀ.ਆਈ.ਡੀ. ਦੇ ਸੈਂਸਰ ਤੋਂ ਬਚਾਉਣ ਲਈ ਸਾਡੀ ਚਿੱਠੀ ਵਿੱਚ ਉਨ੍ਹਾਂ ਦੇ ਝੂਠੇ ਪਤੇ ਲਿਖੇ ਹੋਏ ਸਨ। ਮੈਂ ਤਿੰਨੇ ਚਿੱਠੀਆਂ ਪੜ੍ਹੀਆਂ, ਮਦਰਾਸ ਵਾਲੀ ਚਿੱਠੀ ਉਥੋਂ ਅਗਾਂਹ ਪੈਰਿਸ ਨੂੰ ਫਰਾਂਸ ਦੀ ਕਮਿਊਨਿਸਟ ਪਾਰਟੀ ਦੇ ਲੁਕਵੇਂ ਪਤੇ ਉਤੇ ਸੀ, ਜਿਸ ਨੇ ਉਸਨੂੰ ਕਮਿਊਨਿਸਟ ਕੌਮਾਂਤਰੀ ਪਾਸ ਪੁਚਾਉਣਾ ਸੀ। ਤੇ ਇੰਦੌਰ ਵਾਲ਼ੀ ਹਿੰਦੋਸਤਾਨ ਗ਼ਦਰ ਪਾਰਟੀ ਦੇ ਕੈਲੇਫੋਰਨੀਆਂ (ਅਮਰੀਕਾ) ਵਿਚਲੇ ਝੂਠੇ ਐਡਰੈਸ ਉਤੇ ਜਾਣੀ ਸੀ, ਜਿੱਥੋਂ ਫਿਰ ਉਹ ਗ਼ਦਰ ਪਾਰਟੀ ਦੇ ਸਾਨਫਰਾਂਸਿਸਕੋ ਵਿੱਚ ਹੈਡ ਕੁਆਟਰ ਪਹੁੰਚਣੀ ਸੀ। ਦੇਸ ਤੇ ਪ੍ਰਦੇਸ ਦੇ ਇਨਕਲਾਬੀ ਅੱਡਿਆਂ ਤੇ ਬੰਦਿਆਂ ਨਾਲ਼ ਚਿੱਠੀ ਪੱਤਰ ਨੂੰ ਅੰਗਰੇਜ਼ੀ ਸੈਂਸਰ ਤੋਂ ਬਚਾਉਣ ਲਈ ਸਾਨੂੰ ਇਸ ਤਰ੍ਹਾਂ ਦੀ ਖਚਰ ਖੇਡ ਕਰਨੀ ਪੈਂਦੀ ਸੀ।

ਇਹ ਚਿੱਠੀਆਂ ਬਾਬਾ ਗੁਰਮੁਖ ਸਿੰਘ ਦੀਆਂ ਸਨ, ਜੋ ਉਸ ਨੇ ਕਾਬਲ ਜੇਲ੍ਹ ਵਿੱਚੋਂ ਲਿਖ ਕੇ ਭਿਜਵਾਈਆਂ ਸਨ।

ਕਾਬਲ ਵਿੱਚ ਗ਼ਦਰ ਪਾਰਟੀ ਦਾ ਇਨਕਲਾਬੀ ਘੋਰਨਾ 1921-22 ਤੋਂ ਚਲਿਆ ਆ ਰਿਹਾ ਸੀ, ਜਦ ਤੋਂ ਮਾਸਟਰ ਊਧਮ ਸਿੰਘ ਕਸੇਲ ਮਦਰਾਸ ਦੀਆਂ ਜੇਲ੍ਹਾਂ ਵਿੱਚੋਂ ਭਜ ਕੇ ਅਕਾਲੀ ਲਹਿਰ ਦੇ ਅਸਰ ਰਸੂਖ ਨਾਲ਼ ਉੱਥੇ ਪੁਜੇ ਸਨ ਤੇ ਤੇਜਾ ਸਿੰਘ ਸਵਤੰਤਰ ਦਾ ਪਰਚਾਰਕ ਜਥਾ ਅਫਗਾਨਿਸਤਾਨ ਦੇ ਸਿੱਖਾਂ ਵਿਚ ਪਰਚਾਰ ਕਰਨ ਗਿਆ ਹੋਇਆ ਸੀ। ਉਪਰੰਤ ਬਾਬਾ ਗੁਰਮੁਖ ਸਿੰਘ ਜਦ ਅਕੋਲਾ ਜੇਲ੍ਹ ਵਿੱਚ ਲਿਆਂਦੇ ਜਾ ਰਹੇ ਗੱਡੀ ਵਿੱਚੋਂ ਹੀ ਭਜ ਕੇ ਕਾਬਲ ਪਹੁੰਚ ਗਏ ਤਾਂ ਇਹ ਘੋਰਨਾ ਬਹੁਤ ਸਰਗਰਮ ਹੋ ਗਿਆ। ਇਹ ਸਾਡੀ, ਹਿੰਦ ਵਿਚ ਤੇ ਖਾਸ ਕਰ ਪੰਜਾਬ ਅੰਦਰ, ਅਜ਼ਾਦੀ ਦੀ ਇਨਕਲਾਬੀ ਲਹਿਰ ਤੋਂ ਅਮਰੀਕਾ ਵਿੱਚ ਗ਼ਦਰ ਪਾਰਟੀ ਵਿਚਾਲੇ ਜੋੜ ਮੇਲ ਦਾ ਕੰਮ ਦੇਣ ਲਗ ਪਿਆ। ਅਮਰੀਕਾ ਤੋਂ ਗ਼ਦਰ ਪਾਰਟੀ ਦੀ ਸਹਾਇਤਾ ਤੇ ਅਗਵਾਈ ਪਹਿਲਾਂ ਪਹਿਲਾਂ ਬਹੁਤੀ ਇਸ ਰਸਤੇ ਹੀ ਆਉਂਦੀ ਰਹੀ।

ਅਫਗਾਨਿਸਤਾਨ ਦਾ ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਅਮਾਨੁਲਾ ਖ਼ਾਂ ਅੰਗਰੇਜ਼ੀ ਸਾਮਰਾਜ ਦਾ ਬੜਾ ਕੱਟੜ ਵਿਰੋਧੀ ਤੇ ਅਜ਼ਾਦੀ ਪਸੰਦ ਬੰਦਾ ਸੀ। ਉਹ ਅੰਗਰੇਜ਼ਾਂ ਨਾਲ਼ ਖਾਰ ਖਾਂਦਾ ਸੀ ਤੇ ਰੂਸ ਨਾਲ ਯਾਰੀ ਵਧਾ ਰਿਹਾ ਸੀ। ਇਸ ਲਈ ਉਹ ਗ਼ਦਰ ਪਾਰਟੀ ਦਾ ਹਮਾਇਤੀ ਤੇ ਸ਼ਰਨ ਦਾਤਾ ਸੀ। ਉਸ ਨੇ ਗ਼ਦਰ ਪਾਰਟੀ ਦੇ ਹਿੰਦੁਸਤਾਨ ਅੰਦਰ ਇਨਕਲਾਬੀ ਲਹਿਰ ਦੇ ਸੰਚਾਲਕਾਂ ਦੀ ਬੜੀ ਮਦਦ ਕੀਤੀ ਰੱਖੀ। ਇੱਥੋਂ ਤਕ ਕਿ ਤੇਜਾ ਸਿੰਘ ਸਵਤੰਤਰ ਨੂੰ ਆਪਣੀ ਸਰਕਾਰ ਵੱਲੋਂ ਤੁਰਕੀ ਦੀ ਫੌਜੀ ਅਕਾਡਮੀ ਵਿਚ ਭੇਜਕੇ ਫੌਜੀ ਅਫਸਰੀ ਦੀ ਸਿੱਖਿਆ ਤੇ ਜੰਗੀ ਵਿੱਦਿਆ ਦਿਵਾਈ। ਜਦ 1925-26 ਵਿਚ ਆ ਕੇ ਹਿੰਦੁਸਤਾਨ ਦੀ ਕੌਮੀ ਲਹਿਰ ਅੰਦਰ ਇਨਕਲਾਬੀ ਪਖ ਜ਼ੋਰ ਫੜ ਕੇ ਉਜਾਗਰ ਹੋਣ ਲਗ ਪਿਆ ਤਾਂ ਅੰਗਰੇਜ਼ਾਂ ਨੂੰ ਡਰ ਲੱਗਾ, ਕਿ ਮਤਾਂ ਇਨਕਲਾਬੀ ਲਹਿਰ ਅਮਾਨੁਲਾ ਨਾਲ ਜੋੜ ਜੋੜ ਲਵੇ। ਅੰਗਰੇਜ਼ੀ ਸਾਮਰਾਜ ਸਾਡੀ ਕੌਮੀ ਅਜ਼ਾਦੀ ਦੀ ਇਨਕਲਾਬੀ ਲਹਿਰ ਤੇ ਸੋਵੀਅਤ ਦੇਸ਼ ਦੀ ਜਗਤ ਇਨਕਲਾਬੀ ਹਸਤੀ ਵਿਚਕਾਰ ਅਫਗਾਨਿਸਤਾਨ ਦੇ ਰੱਖੇ ਹੋਏ ਇਸ ਤਲਪਟ ਨੂੰ ਕਦੇ ਬਰਦਾਸ਼ਤ ਨਹੀਂ ਸੀ ਕਰ ਸਕਦਾ ਕਿ ਉਹ ਅੰਗਰੇਜ਼ ਦਾ ਵਿਰੋਧੀ ਤੇ ਉਸ ਦੀ ਦੁਸ਼ਮਣ ਇਨਕਲਾਬੀ ਲਹਿਰ ਦਾ ਸਹਾਇਕ ਤੇ ਹਮਾਇਤੀ ਹੋ ਜਾਵੇ। ਇਸ ਲਈ ਉਸ ਨੇ ਅਮਾਨੁਲਾ ਖ਼ਾਂ ਵਿਰੁੱਧ ਕਰੋੜਾਂ ਰੁਪੈ ਖ਼ਰਚ ਕੇ ਮੁਲਾਣਿਆਂ ਤੋਂ ਫਤਵੇ ਦਿਵਾਏ ਤੇ ਬਗ਼ਾਵਤ ਕਰਵਾ

ਦਿੱਤੀ ਤੇ ਆਪਣੇ ਲਾਈ ਲਗ ਜਨਰਲ ਨਾਦਰ ਖ਼ਾਂ ਨੂੰ ਫੌਜੀ ਸਹਾਇਤਾ ਦੇ ਕੇ ਕਾਬਲ ਦੇ ਤਖ਼ਤ ਉਤੇ ਬਿਠਾ ਦਿੱਤਾ। ਗ਼ਦਰ ਪਾਰਟੀ ਖ਼ੁਦ ਅੰਗਰੇਜ਼ ਵਿਰੋਧੀ ਹੋਣ ਕਰਕੇ ਅਮਾਨੁਲਾ ਖ਼ਾਂ ਦੀ ਹਮਾਇਤੀ ਤੇ ਅੰਗਰੇਜ਼ ਦੇ ਪਿਠੂ ਜਰਨਲ ਨਾਦਰ ਖ਼ਾਂ ਦੀ ਵਿਰੋਧੀ ਸੀ। ਨਾਦਰ ਖ਼ਾਂ ਗ਼ਦਰ ਪਾਰਟੀ ਨੂੰ ਉਸੇ ਤਰ੍ਹਾਂ ਆਪਣਾ ਬਾਗੀ ਸਮਝਦਾ ਸੀ, ਜਿਸ ਤਰ੍ਹਾਂ ਅੰਗਰੇਜ਼ ਸਮਝਦੇ ਸਨ। ਇਸ ਲਈ ਉਸ ਨੇ ਸਾਡਾ ਕਾਬਲ ਦਾ ਗ਼ਦਰੀ ਅੱਡਾ ਬੰਦ ਕਰਵਾ ਦਿਤਾ। ਜਿੱਥੋਂ ਦੇ ਗ਼ਦਰੀ ਲੀਡਰ ਜਾਂ ਤਾਂ ਮਾਸਕੋ ਨਿਕਲ ਗਏ, ਜਾਂ ਹਿੰਦੁਸਤਾਨ ਨੂੰ ਆ ਗਏ ਤੇ ਦੋ ਚਾਰ ਜੋ ਅਫਗਾਨਿਸਤਾਨ ਦੀ ਸਰਕਾਰ ਦੇ ਹੱਥ ਆਏ, ਉਹ ਜੇਲ੍ਹ ਬੰਦ ਕਰ ਦਿੱਤੇ ਗਏ। ਸਾਡਾ ਗ਼ਦਰੀਆਂ ਦਾ ਬਾਹਰਲੇ ਦੇਸ਼ਾਂ ਤੋਂ ਲੁਕ ਛੁਪ ਕੇ ਘਰ ਆਉਣਾ ਤੇ ਘਰੋਂ ਬਾਹਰ ਜਾਣਾ ਬਹੁਤਾ ਅਫਗਾਨਿਸਤਾਨ ਤੇ ਰੂਸ ਵਿੱਚ ਦੀ ਹੋ ਕੇ ਸੀ। ਸਾਡਾ ਇਹ ਖੁੱਲ੍ਹਾ ਰਾਹ ਬੰਦ ਹੋ ਗਿਆ। ਪਰ ਇਸ ਰਾਹ ਦੀਆਂ ਸਾਡੀਆਂ ਲੁਕਵੀਆਂ ਠਾਹਰਾਂ ਤੇ ਸਹਾਇਕ ਵਾਕਫੀਆਂ ਅਜੇ ਵੀ ਅਫਗਾਨਿਸਤਾਨ ਵਿੱਚ ਮੌਜੂਦ ਸਨ, ਜਿਨ੍ਹਾਂ ਨੂੰ ਹੋਰ ਕੋਈ ਰਾਹ ਨਾ ਲਭਾ ਤਾਂ ਵਰਤਣਾ ਪੈਂਦਾ ਸੀ।

ਉਨ੍ਹਾਂ ਦਿਨ੍ਹਾਂ ਵਿਚ ਇਰਾਨੀ ਤੇ ਅਫਗਾਨੀ ਹਕੂਮਤਾਂ ਪਾਸ, ਜੋ ਅੰਗਰੇਜ਼ੀ ਸਾਮਰਾਜ ਦੇ ਹੰਟਰ ਹੇਠ ਚਲਦੀਆਂ ਸਨ, ਰਾਜ ਕਾਜ ਦੀ ਐਨੀ ਤਕੜੀ, ਵਿਸ਼ਾਲ ਤੇ ਚਾਤਰ ਮਸ਼ੀਨਰੀ ਨਹੀਂ ਸੀ ਹੁੰਦੀ, ਜੋ ਰੂਸ ਨਾਲ਼ ਤੇ ਹਿੰਦੁਸਤਾਨ ਨਾਲ਼ ਲੱਗਦੀਆਂ ਸਰਹੱਦਾਂ ਉੱਤੋਂ ਨਿਗਰਾਨੀ ਵਾਸਤੇ ਖ਼ੁਦ ਆਪਣੇ ਸੂਹੇ ਰਖ ਸਕਦੀ। ਕਮਿਊਨਿਸਟ ਵਿਚਾਰਾਂ ਦੇ ਬੰਦਿਆਂ ਦੀ ਸਰਹੱਦਾਂ ਉਤੋਂ ਆਵਾਜਾਈ ਨੂੰ ਤਾੜਨ, ਲੱਭਣ ਤੇ ਰੋਕਣ ਵਾਸਤੇ ਅੰਗਰੇਜ਼ੀ ਸਾਮਰਾਜ ਦਾ ਇਹਨਾਂ ਦੇਸ਼ਾਂ ਦੀਆਂ ਹੱਦਾਂ ਉੱਤੇ ਆਪਣਾ ਖੁਫੀਆ ਅਮਲਾ ਕੰਮ ਕਰਦਾ ਸੀ। ਉਸ ਨੇ ਸਰਹੱਦਾਂ ਉਤੇ ਲੱਗੇ ਇਹਨਾਂ ਦੇਸ਼ਾਂ ਦੀਆਂ ਗਾਰਦਾਂ ਨੂੰ ਪੈਸੇ ਦੇਣੇ ਕਰਕੇ ਭਾੜੇ ਕੀਤਾ ਹੋਇਆ ਸੀ ਤੇ ਇਹਨਾਂ ਤੋਂ ਇਲਾਵਾ ਵੀ ਆਪਣੇ ਰਾਜਦੂਤ ਦੇ ਮਾਤਹਿਤ ਆਪਣੇ ਲੁਕਵੇਂ ਬੰਦੇ ਤਨਖਾਹਾਂ ਉਤੇ ਲਾਏ ਸਨ। ਸੋ ਐਨਾ ਅਫਗਾਨੀ ਜਾ ਇਰਾਨੀ ਹਿੱਤਾਂ ਲਈ ਨਹੀਂ, ਜਿੰਨਾ ਅੰਗਰੇਜ਼ ਦੇ ਸਾਮਰਾਜੀ ਹਿੱਤਾਂ ਲਈ ਹਿੰਦ ਜਾਂ ਰੂਸ ਤੋਂ ਚੋਰੀ ਲੰਘਣ ਲੰਘਾਉਣ ਵਾਲ਼ੇ ਬੰਦਿਆਂ ਨੂੰ ਤਾੜਦੇ ਤੇ ਉਥੋਂ ਦੀ ਪੁਲਸ ਪਾਸੋਂ ਫੜਵਾ ਦਿੰਦੇ। ਸਾਨੂੰ ਅਫਗਾਨਿਸਤਾਨ ਵਿੱਚ ਨਿਰੋਲ ਅਫਗਾਨਿਸਤਾਨ ਦੀ ਪੁਲਸ ਪਾਸੋਂ ਕੋਈ ਡਰ ਜਾਂ ਖ਼ਤਰਾ ਨਹੀਂ ਸੀ ਹੁੰਦਾ। ਸਾਨੂੰ ਅੰਗਰੇਜ਼ੀ ਜਾਸੂਸਾਂ ਦਾ ਬੜਾ ਧਿਆਨ ਤੇ ਖਿਆਲ ਰੱਖਣਾ ਪੈਂਦਾ ਸੀ, ਜੋ ਨਾਦਰ ਖ਼ਾਂ ਦੀ ਹਕੂਮਤ ਵਿੱਚ ਸਾਡੇ ਬਹੁਤ ਸਿਰ ਹੋ ਗਏ ਸਨ।

ਇਨ੍ਹਾਂ ਚਿੱਠੀਆਂ ਵਿੱਚ ਲਿਖਿਆ ਸੀ ਕਿ ਬਾਬਾ ਗੁਰਮੁਖ ਸਿੰਘ ਤੇ ਬਾਬਾ ਪ੍ਰਿਥੀ ਸਿੰਘ ਨੂੰ ਪਹਿਲਾਂ ਜੂਨ 1933 ਵਿੱਚ ਰੂਸ ਦੀ ਸਰਹੱਦ ਤੋਂ ਅਫਗਾਨਿਸਤਾਨ ਵਿੱਚ ਵੜਦਿਆਂ ਹੀ ਬਦੱਖਸ਼ਾਂ ਦੇ ਇਲਾਕੇ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਜਦ ਕਈ ਦਿਨ ਸਰਹੱਦ ਦੀ ਚੌਂਕੀ ਵਿੱਚ ਬੰਦ ਕਰਕੇ ਉਨ੍ਹਾਂ ਨੂੰ ਪੈਦਲ ਤੋਰ ਕੇ ਕਾਬਲ ਲਿਜਾਇਆ ਜਾ ਰਿਹਾ ਸੀ ਤਾਂ ਇਕ ਰਾਤ ਉਹ ਗਾਰਦ ਨੂੰ ਸੁਤੀ ਛੱਡ ਕੇ ਭੱਜ ਗਏ। ਉਹ ਹਿੰਦੁਸਤਾਨ ਦੀ ਸਰਹੱਦ ਵੱਲ ਤੁਰ ਪਏ। ਇਸ ਤਰ੍ਹਾਂ ਲੁਕ ਛੁਪ ਕੇ ਤੁਰੇ ਜਾਂਦਿਆਂ ਉਨ੍ਹਾਂ ਨੂੰ ਮਹੀਨਾ ਹੋ ਗਿਆ। ਅਖ਼ੀਰ ਜੁਲਾਈ ਵਿੱਚ ਜਦ ਉਹ ਅਫਗਾਨਿਸਤਾਨ ਤੋਂ ਹਿੰਦੁਸਤਾਨ ਦੇ ਪਠਾਣਾਂ ਦੇ ਅਜ਼ਾਦ ਇਲਾਕੇ ਵਿੱਚ ਦਾਖ਼ਲ ਹੋਣੋ ਕੇਵਲ ਦੋ ਮੀਲ ਰਹਿ ਗਏ ਤਾਂ ਉਹ ਫੇਰ ਫੜੇ ਗਏ। ਹੁਣ ਤਾਂ ਤਕੜੀ ਗਾਰਦ ਲਾ ਕੇ ਉਹਨਾਂ ਨੂੰ ਕਾਬਲ ਲਿਜਾਇਆ ਤੇ ਜੇਲ੍ਹ ਬੰਦ ਕਰ ਦਿਤਾ ਗਿਆ।

ਇਹਨਾਂ ਚਿਠੀਆਂ ਵਿੱਚ ਇਹ ਵੀ ਕਿਹਾ ਗਿਆ ਸੀ, ਕਿ ਕਾਬਲ ਸਰਕਾਰ ਕੈਦੀਆਂ ਨੂੰ ਆਪਣੇ ਪਾਸੋਂ ਰੋਟੀ ਕਪੜਾ ਨਹੀਂ ਦਿੰਦੀ। ਕੈਦੀ ਜਾਂ ਤਾਂ ਆਪਣੇ ਘਰਦਿਆਂ ਤੋਂ ਮੰਗਵਾ ਕੇ ਖਾਣ ਹੰਢਾਉਣ, ਨਹੀਂ ਤਾਂ ਉਹਨਾਂ ਨੂੰ ਬੇੜੀਆਂ ਲਾ ਕੇ ਸਵੇਰੇ ਸ਼ਾਮ ਸ਼ਹਿਰ ਦੀਆਂ ਗਲੀਆਂ ਬਜ਼ਾਰਾਂ ਵਿੱਚ ਦਰ ਦਰ ਫੇਰਿਆ ਤੇ ਰੋਟੀ ਕਪੜਾ ਮੰਗਵਾਇਆ ਜਾਂਦਾ। ਉਹਨਾਂ ਨੇ ਇਸ ਮਨੁੱਖ-ਹੀਣਤਾ ਵਿਰੁੱਧ ਸਿੱਡਾ ਬੰਨ੍ਹ ਲਿਆ ਤੇ ਸਰਕਾਰ ਪਾਸੋਂ ਰੋਟੀ ਕਪੜਾ ਲੈਣ ਵਾਸਤੇ ਭੁੱਖ ਹੜਤਾਲ ਕਰ ਦਿਤੀ।

ਅੰਗਰੇਜ਼ੀ ਹਕੂਮਤ ਵਿਰੁੱਧ ਹਥਿਆਰਬੰਦ ਬਗ਼ਾਵਤ ਕਰਨ ਦੇ ਦੋਸ਼ ਵਿਚ 1915-16 ਵਿਚ ਉਮਰ ਕੈਦ ਕੀਤੇ ਤੇ ਉੱਨੀ ਉੱਨੀ ਸਾਲ ਕੈਦ ਕੱਟ ਕੇ ਰਿਹਾ ਹੋਏ ਤੇ ਹੋ ਰਹੇ ਸੂਰਬੀਰ ਦੇਸ਼ ਭਗਤਾਂ ਨੂੰ ਪੰਜਾਬ ਵਿਚ ਸਤਿਕਾਰ ਨਾਲ ਬਾਬੇ ਆਖਿਆ ਜਾਣ ਲਗ ਪਿਆ। ਸੰਤ ਬਾਬਾ ਵਸਾਖਾ ਸਿੰਘ ਦਦੇਹਰ ਦੇ ਉੱਦਮ ਤੇ ਪ੍ਰਧਾਨਗੀ ਹੇਠ ਗ਼ਦਰ ਪਾਰਟੀ ਵਾਲਿਆਂ ਨੇ ਰਾਜਸੀ ਕੈਦੀਆਂ ਦੇ ਦੁਖੀ ਤੇ ਗਰੀਬ ਪਰਿਵਾਰਾਂ ਦੀ ਸਹਾਇਤਾ ਕਰਨ ਵਾਸਤੇ 1921 ਵਿਚ ਹੀ ਅੰਮ੍ਰਿਤਸਰ ਵਿਖੇ ਦੇਸ਼ ਭਗਤ ਪਰਿਵਾਰ-ਸਹਾਇਕ ਕਮੇਟੀ ਬਣਾ ਲਈ ਸੀ। ਪਿਛੋਂ ਅਮਰੀਕਾ ਤੋਂ ਆਏ ਹੋਏ ਇਹਨਾਂ ਬਾਬਿਆਂ ਦੇ ਨਾਲ ਦੇ ਗ਼ਦਰੀਆਂ ਨੇ ਦੇਸ਼ ਦੀ ਅਜ਼ਾਦੀ ਪ੍ਰਾਪਤ ਕਰਨ ਤੇ ਇਸ ਤੋਂ ਉਪਰੰਤ ਸੋਸ਼ਲਿਜ਼ਮ ਦੀ ਸਥਾਪਨਾ ਕਰਨ ਵੱਲ ਵਧਣ ਦਾ ਘੋਲ ਲੜਨ ਵਾਸਤੇ ਪੰਜਾਬ ਵਿਚ 'ਕਿਰਤੀ' ਨਾਂ ਦਾ ਮਾਹਵਾਰੀ ਪਰਚਾ 1926 ਵਿਚ ਜਾਰੀ ਕੀਤਾ ਤੇ ਕਿਰਤੀ ਕਿਸਾਨ ਪਾਰਟੀ ਬਣਾਈ। ਇਸ ਲਈ ਇਸ ਪਾਰਟੀ ਦੇ ਵਰਕਰਾਂ ਨੂੰ 'ਕਿਰਤੀ' ਆਖਿਆ ਜਾਂਦਾ ਸੀ ਤੇ ਪਰਿਵਾਰ-ਸਹਾਇਕ ਕਮੇਟੀ ਦੇ ਪੁਰਾਣੇ ਗ਼ਦਰੀਆਂ ਨੂੰ ਬਾਬੇ। ਅਸੀਂ ਕਿਰਤੀ ਤੇ ਬਾਬੇ ਤੋਂ ਉਤੋਂ ਭਾਂਵੇ ਦੋ ਸਾਂ, ਪਰ ਵਿਚੋਂ ਇਕੋ ਸਾਂ।

ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਸਕੱਤਰ ਸੀ ਤੇ ਮੈਂ ਉਦੋਂ ਹਫਤਾਵਾਰ 'ਕਿਰਤੀ' ਦਾ ਐਡੀਟਰ ਤੇ ਕਿਰਤੀ ਕਿਸਾਨ ਪਾਰਟੀ ਦਾ ਸਹਾਇਕ ਸਕੱਤਰ। ਬਾਬੇ ਦੇ ਪਿੰਡ ਗਏ ਹੋਣ ਕਰਕੇ ਮੈਂ ਉਸ ਦਫਤਰ ਵਿਚ ਬੈਠਾ ਸਾਂ। ਉਸ ਦਿਨ ਬਾਬਾ ਜਵਾਲਾ ਸਿੰਘ ਠੱਠੀਆਂ ਏਥੇ ਗੁਰੂ ਰਾਮਦਾਸ ਸਰਾਂ ਵਿਚ ਸਨ। ਮੈਂ ਇਹ ਚਿੱਠੀਆਂ ਜਾ ਕੇ ਉਹਨਾ ਨੂੰ ਪੜਕੇ ਸੁਣਾਈਆਂ ਤੇ ਅਸਾਂ ਮੌਕੇ ਤੇ ਮੌਜੂਦ ਹੋਰਨਾਂ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਕੇ ਅੰਗਰੇਜ਼ੀ ਦੀਆਂ ਚਿੱਠੀਆਂ ਸੀ. ਆਈ. ਡੀ. ਦੀਆਂ ਨਜ਼ਰਾਂ ਤੋਂ ਬਚਾ ਕੇ ਉਹਨਾਂ ਵਿਚ ਦਿਤੇ ਪਤਿਆਂ ਉਤੇ ਡਾਕੇ ਪਾ ਦਿੱਤੀਆਂ। ਅਖ਼ਬਾਰਾਂ ਨੂੰ ਉਹਨਾਂ ਦੀ ਗਰਿਫਤਾਰੀ ਤੇ ਭੁੱਖ ਹੜਤਾਲ ਦੀ ਖ਼ਬਰ ਦੇ ਦਿੱਤੀ। ਫੇਰ ਭੱਜ ਦੌੜ ਕਰਕੇ ਸਰਕਾਰ ਵਲੋਂ ਪਿੰਡਾਂ ਵਿਚ ਬੰਦ ਕੀਤੇ ਹੋਏ ਹੋਰਨਾਂ ਬਾਬਿਆਂ ਤੇ ਕਿਰਤੀ ਆਗੂਆਂ ਨਾਲ ਸਲਾਹ ਕੀਤੀ ਤੇ ਇਹਨਾਂ ਦੀ ਰਿਹਾਈ ਵਾਸਤੇ ਐਜੀਟੇਸ਼ਨ ਤੇ ਹੋਰ ਜਤਨ ਕਰਨ ਦਾ ਪ੍ਰੋਗਰਾਮ ਬਣਾਇਆ।

ਅਸਾਂ ਦੇਸ਼ ਭਗਤ ਪਰਿਵਾਰ-ਸਹਾਇਕ ਕਮੇਟੀ ਵਲੋਂ ਕਾਂਗਰਸੀ, ਅਕਾਲੀ, ਅਹਿਰਾਰੀ, ਨੌਜਵਾਨ ਭਾਰਤ ਸਭਾਈ

ਤੇ ਕਿਰਤੀ ਲੀਡਰਾਂ ਤੋਂ ਇਹਨਾਂ ਗ਼ਦਰੀ ਬਾਬਿਆਂ ਦੀ ਰਿਹਾਈ ਦੀ ਮੰਗ ਤੇ ਇਨਾਂ ਨੂੰ ਅੰਗਰੇਜ਼ੀ ਹਕੂਮਤ ਦੇ ਹਵਾਲੇ ਨਾ ਕਰਨ ਦੇ ਮੁਤਾਲਬੇ ਕਰਨ ਦੇ ਬਿਆਨ ਦਿਵਾਉਣੇ ਆਰੰਭ ਕਰ ਦਿਤੇ। ਕਾਂਗਰਸੀ, ਅਕਾਲੀ, ਅਹਿਰਾਰੀ ਤੇ ਕਿਰਤੀ ਕਿਸਾਨ ਪਾਰਟੀ ਦੇ ਜਲਸਿਆਂ ਵਿਚ ਰਿਹਾਈ ਦੀਆਂ ਮੰਗਾਂ ਗੂੰਜਣ ਲੱਗ ਪਈਆਂ, ਅਫਗਾਨ ਸਰਕਾਰ ਨੂੰ ਬੁਰਾ ਭਲਾ ਆਖਿਆ ਜਾਣਾ ਸ਼ੁਰੂ ਹੋ ਗਿਆ ਤੇ ਉਸ ਨੂੰ ਅੰਗਰੇਜ਼ੀ ਸਾਮਰਾਜ ਦੀ ਕਠਪੁਤਲੀ ਨ ਬਨਣ ਦੀਆਂ ਮੱਤਾਂ ਦਿੱਤੀਆਂ ਜਾਣ ਲੱਗੀਆਂ। ਦੇਸੀ ਅਖ਼ਬਾਰਾਂ ਵਿਚ ਨੋਟ ਤੇ ਐਡੀਟੋਰੀਅਲ ਲਿਖਣੇ ਸ਼ੁਰੂ ਹੋ ਗਏ। ਗੱਲ ਕੀ ਪੰਜਾਬ ਤੇ ਦਿੱਲੀ ਵਿਚ ਤਾਂ ਚੰਗੀ ਐਜੀਟੇਸ਼ਨ ਚਲ ਪਈ ਉਪਰੰਤ ਬੰਗਾਲ, ਬੰਬਈ ਤੇ ਮਦਰਾਸ ਵਿਚੋਂ ਵੀ ਆਵਾਜ਼ ਉਠਣ ਲੱਗ ਪਈ। ਅਸੀਂ ਇਸ ਐਜੀਟੇਸ਼ਨ ਦੀਆਂ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਤੇ ਲੇਖਾਂ ਦੀਆਂ ਕਾਤਰਾਂ ਕਟ ਕਟ ਕਾਬਲ ਵਲੋਂ ਸ਼ਿਮਲੇ ਵਿਚ ਬੈਠੇ ਰਾਜਦੂਤ ਨੂੰ ਭੇਜਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਮੁਹਿੰਮ ਵਿਚ ਅਹਿਰਾਰੀ ਲੀਡਰਾਂ ਨੇ ਸਾਨੂੰ ਬੜਾ ਕੰਮ ਦਿੱਤਾ। ਮੌਲਾਣਾ ਅਤਾਉਲਾ ਸ਼ਾਹ ਬੁਖਾਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਲੈ ਕੇ ਦੋ ਵਾਰ ਸ਼ਿਮਲੇ ਗਏ ਤੇ ਲੁਕਵੇਂ ਤੌਰ ਤੇ ਕਾਬਲ ਦੇ ਰਾਜਦੂਤ ਨੂੰ ਮਿਲੇ। ਇਨਾਂ ਗ਼ਦਰੀਆਂ ਦੀ ਰਿਹਾਈ ਦੀ ਮੰਗ ਕੀਤੀ ਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕਾਬਲ ਸਰਕਾਰ ਕਿਸੇ ਕੀਮਤ ਉਤੇ ਵੀ ਇਨਾਂ ਨੂੰ ਹਿੰਦੁਸਤਾਨ ਦੀ ਅੰਗਰੇਜ਼ੀ ਹਕੂਮਤ ਦੇ ਹਵਾਲੇ ਨ ਕਰੇ। ਰਾਜਦੂਤ ਨੇ ਆਪਣੀ ਸਰਕਾਰ ਨੂੰ ਇਨਾਂ ਦੀ ਰਿਹਾਈ ਦੀ ਸਿਫਾਰਸ਼ ਕਰਨ ਦਾ ਯਕੀਨ ਦਿਵਾਇਆ ਤੇ ਦਸਿਆ ਕਿ ਕਾਬਲ ਸਰਕਾਰ ਨੇ ਉਹਨਾਂ ਦੀ ਗਰਿਫ਼ਤਾਰੀ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਪੜਦਿਆਂ ਹੀ ਉਨਾਂ ਨੂੰ ਚੰਗੀ ਰੋਟੀ ਤੇ ਕੱਪੜਾ ਦੇਣਾ ਸ਼ੁਰੂ ਕਰ ਦਿੱਤਾ ਸੀ ਤੇ ਉਨਾਂ ਭੁੱਖ ਹੜਤਾਲ ਛੱਡ ਦਿੱਤੀ ਸੀ।

ਇਸ ਐਜੀਟੇਸ਼ਨ ਨੇ ਕਾਬਲ ਤੇ ਅੰਗਰੇਜ਼ ਦੀਆਂ ਸਰਕਾਰਾਂ ਨੂੰ ਲੋਕ ਰਾਏ ਅਗੇ ਜਵਾਬੀਆ ਕਰ ਦਿੱਤਾ। ਇਨਹਾਂ ਦੋਹਾਂ ਧਿਰਾਂ ਨੇ ਆਪਣੀ ਸਫਾਈ ਲਈ ਹਿੰਦੁਸਤਾਨ ਵਿਚ ਆਪਣੇ ਨੀਮ ਸਰਕਾਰੀ ਅਖ਼ਬਾਰਾਂ ਵਿਚ ਗ਼ਦਰ ਪਾਰਟੀ ਦੀਆਂ ਇਨਕਲਾਬੀ ਕਰਨੀਆਂ ਨੂੰ ਖ਼ੂਨ ਖਰਾਬੇ ਦਾ ਨਾਂ ਦੇ ਕੇ ਬੜੇ ਭਿਆਨਕ ਨਕਸ਼ੇ ਖਿਚਵਾਉਣੇ ਸ਼ੁਰੂ ਕੀਤੇ ਤੇ ਦੁਹਾਈ ਪਾ ਦਿੱਤੀ, ਕਿ "ਇਹ ਗ਼ਦਰੀ ਬੜੇ ਖ਼ੂਨੀ ਤੇ ਡਾਕੂ ਹਨ ਤੇ ਹਿੰਦੁਸਤਾਨ ਵਿਚ ਬੀਜਣ ਲਈ ਰੂਸ ਤੋਂ ਕਮਿਊਨਿਜ਼ਮ ਦੇ ਬੀਆਂ ਦੀ ਪੰਡ ਚੁਕੀ ਆਉਂਦੇ ਕਾਬਲ ਸਰਕਾਰ ਨੇ ਗਰਿਫਤਾਰ ਕਰ ਲਏ ਸਨ। ਇਹਨਾਂ ਨੂੰ ਗਰਿਫਤਾਰ ਕਰ ਕੇ ਉਸ ਨੇ ਹਿੰਦੁਸਤਾਨ ਨੂੰ ਖ਼ੂਨ ਖਰਾਬੇ ਤੋਂ ਬਚਾ ਲਿਆ ਹੈ।" ਕਲਕੱਤੇ ਦੇ 'ਸਟੇਟਸਮੈਨ' ਤੇ ਲਾਹੌਰ ਦੇ 'ਸਿਵਲ ਐਂਡ ਮਿਲਟਰੀ ਗਜ਼ਟ' ਨਾਂ ਦੇ ਗੋਰੇ ਅਖ਼ਬਾਰਾਂ ਨੇ ਇਹੋ ਜਿਹਾ ਬਹੁਤ ਬਕਵਾਸ ਛਾਪਿਆ। ਗੁਪਾਲ ਸਿੰਘ ਖਾਲਸਾ ਨੇ 'ਸਟੇਟਸਮੈਨ' ਵਿਚ ਗ਼ਦਰ ਪਾਰਟੀ ਵਿਰੁੱਧ ਅਮਰੀਕਾ ਵਿਚ ਕਤਲਾਂ ਦੀਆਂ ਊਜਾਂ ਦੇ ਲਗਾਤਾਰ ਲੇਖ ਛਪਵਾਏ।

ਲਾਹੌਰੋਂ ਬਖਸ਼ੀਸ਼ ਸਿੰਘ ਨੇ ਆਪਣੇ 'ਖਾਲਸਾ' ਨਾਮੀ ਅੰਗਰੇਜ਼ੀ ਹਫਤਾਵਾਰੀ ਪਰਚੇ ਤੇ ਕਰਮਚੰਦ ਨੇ ਆਪਣੇ 'ਪਾਰਸ' ਨਾਂ ਦੇ ਉਰਦੂ ਹਫਤਾਵਾਰੀ ਵਿਚ ਕਾਬਲ ਸਰਕਾਰ ਦੀ ਹਮਾਇਤ ਤੇ ਗ਼ਦਰ ਪਾਰਟੀ ਦੇ ਇਹਨਾਂ ਸੂਰਵੀਰਾਂ ਨੂੰ ਅਮਾਨੁਲਾ ਖਾਂ ਦੇ ਹੱਕ ਵਿਚ ਕਾਬਲ ਵਿਚ ਬਗ਼ਾਵਤ ਕਰਾਉਣ ਦੇ ਦੋਸ਼ ਲਾਉਣੇ ਆਰੰਭ ਕਰ ਦਿਤੇ ਤੇ ਇਨਾਂ ਨੂੰ ਕਾਬਲ ਤੇ ਦਿੱਲੀ ਦੀਆਂ ਸਰਕਾਰਾਂ ਨੂੰ ਨਜਾਇਜ਼ ਤੌਰ ਤੇ ਉਲਟਾਉਣ ਵਾਲੇ ਦਸਿਆ। ਸਾਨੂੰ ਕਾਬਲ ਦੇ ਰਾਜ ਨਿਵਾਸ ਤੋਂ ਪਤਾ ਲੱਗਾ ਕਿ ਬਖਸ਼ੀਸ਼ ਸਿੰਘ 'ਖਾਲਸਾ' ਤੇ ਕਰਮ ਚੰਦ 'ਪਾਰਸ' ਕਾਬਲ ਸਰਕਾਰ ਨੂੰ ਪੰਜਾਬ ਸਰਕਾਰ ਦੀ ਰਾਜਸੀ ਹਵਾ ਦਾ ਪਤਾ ਸੁਰ ਦੱਸੀ ਰੱਖਣ ਲਈ ਉਸ ਦੇ ਤਨਖਾਹਦਾਰ ਬੰਦੇ ਸਨ।

* * * * *

ਸਾਨੂੰ ਇਨਾਂ ਅਖ਼ਬਾਰਾਂ ਤੇ ਇਨਹਾਂ ਵਿਚ ਲਿਖਣ ਵਾਲਿਆਂ ਵਿਰੁਧ ਬਹੁਤ ਗੁੱਸਾ ਆ ਰਿਹਾ ਸੀ। ਗੋਰੇ ਅਖ਼ਬਾਰਾਂ ਅਗੇ ਤਾਂ ਅਸੀਂ ਤਰਲੇ ਕਰਨੋ ਰਹੇ, ਪਰ 'ਖਾਲਸਾ' ਤੇ 'ਪਾਰਸ' ਨੂੰ ਰੋਕਣ ਲਈ ਅਸੀਂ ਪੱਕੀ ਸਲਾਹ ਕਰ ਲਈ ਤੇ ਮਤਾ ਪਕਾਇਆ ਕਿ ਉਨਾਂ ਦੀ ਜਾ ਕੇ ਮਿੰਨਤ ਸਮਾਜਤ ਕੀਤੀ ਜਾਏ ਕਿ ਉਹ ਗ਼ਦਰੀਆਂ ਵਿਰੁੱਧ ਲਿਖਣੋ ਹਟ ਜਾਣ।

ਬਾਬਾ ਜੁਆਲਾ ਸਿੰਘ ਤੇ ਮੈਂ, ਲਹੌਰੋਂ ਸਰਦੂਲ ਸਿੰਘ ਵਕੀਲ ਨੂੰ ਲੈ ਕੇ, ਬਖਸ਼ੀਸ਼ ਸਿੰਘ 'ਖਾਲਸਾ' ਨੂੰ ਸ਼ਾਹੀ ਮੁਹੱਲੇ ਵਿਚ ਉਸ ਦੇ ਘਰ ਮਿਲੇ। ਉਹ ਬੜਾ ਬੀਬਾ ਨਿਕਲਿਆ ਤੇ ਨ ਲਿਖਣਾ ਮੰਨ ਗਿਆ। ਉਪਰੰਤ ਉਸ ਨੇ ਗ਼ਦਰੀਆਂ-ਵਿਰੁੱਧ ਨ ਕੇਵਲ ਲਿਖਣਾ ਹੀ ਬੰਦ ਕਰ ਦਿੱਤਾ, ਸਗੋਂ ਆਪਣੇ ਪਰਚੇ ਵਿਚ ਲਿਖਿਆ ਕਿ ਇਨਾਂ ਗ਼ਦਰੀ ਬਾਬਿਆਂ ਦੀ ਅੰਗਰੇਜ਼ ਦੇ ਆਖੇ ਲੱਗ ਕੇ ਕੀਤੀ ਗਰਿਫ਼ਤਾਰੀ ਉਤੇ ਪੰਜਾਬ ਦੇ ਗ਼ੈਰ-ਸਰਕਾਰੀ ਲੋਕ-ਖੇਤਰ ਵਿਚ ਕਾਬਲ ਸਰਕਾਰ ਵਿਰੁੱਧ ਬੜੀ ਘਿਰਨਾ ਪੈਦਾ ਹੋ ਰਹੀ ਹੈ ਤੇ ਸਭ ਹਿੰਦੂ ਮੁਸਲਮਾਨ ਉਸ ਨੂੰ ਲਾਹਨਤਾਂ ਪਾ ਰਹੇ ਹਨ।'

ਉਸ ਨੇ ਕਾਬਲ ਸਰਕਾਰ ਨੂੰ ਇਹ ਵੀ ਸਲਾਹ ਦਿੱਤੀ ਕਿ 'ਉਸ ਨੂੰ ਸਤ ਬਿਗਾਨੀ ਹਕੂਮਤ ਦੇ ਲਾਭਾਂ ਲਈ ਗਵਾਂਢ ਦੇ ਰਾਜਸੀ ਖੇਤਰ ਨਾਲ ਨਹੀਂ ਵਿਗਾੜਨੀ ਚਾਹੀਦੀ ਤੇ ਇਹਨਾਂ ਗ਼ਦਰੀਆਂ ਨੂੰ ਰਿਹਾ ਕਰ ਦੇਣਾ ਚਾਹੀਦਾ ਹੈ।'

ਫੇਰ ਇਕ ਦਿਨ ਬਾਬਾ ਜਵਾਲਾ ਸਿੰਘ, ਹਜ਼ਾਰਾ ਸਿੰਘ ਸਿੰਗਰ ਤੇ ਮੈਂ ਕਰਮ ਸਿੰਘ 'ਪਾਰਸ' ਨੂੰ ਮਿਲਣ ਲਾਹੌਰ ਗਏ। ਇਸ ਦਾ ਦਫ਼ਤਰ 'ਟਰਬਿਊਨ' ਵਾਲੀ ਸੜਕ (ਫਲੈਮਿੰਗ ਰੋਡ) ਉਤੇ ਇਕ ਚੁਬਾਰੇ ਉਤੇ ਸੀ। ਉਹ ਮੋਟੇ ਸਾਰੇ ਰੋਡੇ ਸਿਰ ਵਾਲਾ ਭਾਰੀ ਸਰੀਰ ਦਾ ਆਰੀਆ ਸਮਾਜੀ ਮਹਾਸ਼ਾ ਸੀ। ਉਹ ਕੰਧ ਨਾਲ਼ ਲਾ ਕੇ ਡਾਹੀ ਹੋਈ ਵੱਡੀ ਮੇਜ਼ ਮੂਹਰੇ ਇਕ ਕੁਰਸੀ ਉਤੇ ਬੈਠਾ ਸੀ। ਅਸਾਂ ਨਮਸਤੇ ਕੀਤੀ। ਉਸ ਨੇ ਸਾਡਾ ਬੜਾ ਆਦਰ ਮਾਣ ਕੀਤਾ। ਸਾਨੂੰ ਪਾਣੀ ਧਾਣੀ ਵੀ ਪੁਛਿਆ ਤੇ ਬੈਠਣ ਲਈ ਆਪਣੇ ਪਾਸੇ ਹੀ ਤਿੰਨ ਕੁਰਸੀਆਂ ਡਾਹ ਲਈਆਂ। ਅਸੀਂ ਬੈਠ ਗਏ। ਹਜ਼ਾਰਾ ਸਿੰਘ ਦੀ ਕੁਰਸੀ ਸਾਥੋਂ ਪਿਛੇ ਸੀ।

ਉਸ ਦੀ ਆਓ ਬਹਿ ਜਾਓ ਤੋਂ ਅਸੀਂ ਆਪਣੇ ਕੰਮ ਨੂੰ ਬੜਾ ਸੌਖਾ ਜਾਤਾ। ਪਰ ਜਦ ਅਸਾਂ ਗੱਲ ਚਲਾਈ ਤਾਂ ਉਸ ਦੀਆਂ ਹਵਾਵਾਂ ਹੀ ਹੋਰ ਸਨ। ਅਸਾਂ ਅਜ਼ਾਦੀ ਦੀ ਲਹਿਰ ਦੇ ਹਿੱਤਾਂ, ਗ਼ਦਰ ਪਾਰਟੀ ਦੀਆਂ ਕਰਨੀਆਂ ਤੇ ਕੁਰਬਾਨੀਆਂ, ਦੇਸ਼ ਭਗਤੀ ਤੇ ਮਨੁੱਖੀ ਪਿਆਰ ਦੇ ਬੜੇ ਵਾਸਤੇ ਪਾਏ, ਤਰਲੇ ਕੀਤੇ ਪਰ ਉਹ ਨ ਮੰਨਿਆ। ਅਖੀਰ ਬਾਬਾ ਜਵਾਲਾ ਸਿੰਘ ਨੇ ਅੱਖਾਂ ਵਿਚ ਅੱਥਰੂ ਲਿਆਉਂਦਿਆਂ ਹੋਇਆਂ ਆਪਣੀ ਪੱਗ ਲਾਹ ਕੇ ਉਹਦੇ ਪੈਰਾਂ ਉਤੇ ਰੱਖ ਦਿੱਤੀ ਪਰ ਉਹ ਔਂਤਰਾ ਫਿਰ ਵੀ ਨ ਪੰਘਰਿਆ। ਅੰਤ ਮੈਂ ਗਰਮ

ਹੋ ਪਿਆ ਤੇ ਬਜ਼ੁਰਗ ਦੀ ਪਤ ਨ ਰੱਖਣ ਉਤੇ ਉਸ ਨੂੰ ਮੰਦਾ ਚੰਗਾ ਲੱਗਾ ਆਖਣ। ਇਸ ਤੇ ਉਹ ਸਗੋਂ ਆਪੇ ਤੋਂ ਬਾਹਰ ਹੋ ਗਿਆ ਤੇ ਡਹਿ ਪਿਆ ਗ਼ਦਰ ਪਾਰਟੀ ਨੂੰ ਅਬਾਹ ਤਬਾਹ ਬਕਣ।

ਮੈਂ ਤੇ ਬਾਬਾ ਹਾਰ ਹੰਭ ਕੇ ਉਠਣ ਹੀ ਵਾਲੇ ਸਾਂ, ਕਿ ਪਿਛਲੀ ਕੁਰਸੀ ਤੋਂ ਹਜ਼ਾਰਾ ਸਿੰਘ ਸਿੰਗਰ ਦੀ ਸਾਡੇ ਮੋਢਿਆਂ ਉਤੋਂ ਦੀ ਕੜਕਵੀਂ ਧਮਕੀ 'ਲਿਖੇਂਗਾ?' ਨੇ ਸਾਰਾ ਚੁਬਾਰਾ ਗੁੰਜਾ ਦਿੱਤਾ।

ਮੈਂ ਤੇ ਬਾਬਾ ਤਰਬਕ ਪਏ। ਵੇਖਿਆ ਤਾਂ ਲਾਲੇ ਨੂੰ ਕੁਝ ਹੋ ਗਿਆ ਸੀ। ਉਸ ਦੇ ਸਰੀਰ ਨੂੰ ਚੜ੍ਹੀ ਹੋਈ ਕੁੜੱਤਣ ਦੀ ਸਾਰੀ ਭੁੱਖ ਪਤਾ ਨਹੀਂ ਕਿਧਰ ਉਡ ਗਈ ਤੇ ਇਕ ਦਮ ਪੀਲਾ ਪੈ ਗਿਆ ਸੀ। ਉਸ ਦਾ ਮੂੰਹ ਅਡਿਆ ਗਿਆ, ਅੱਖਾਂ ਟੱਡੀਆਂ ਗਈਆਂ ਤੇ ਸਰੀਰ ਇਸ ਤਰਾਂ ਸਿਥਲ ਹੋ ਗਿਆ, ਜਿਵੇਂ ਉਸ ਦੇ ਸਰੀਰ ਦੀ ਕੇਵਲ ਹਰਕਤ ਹੀ ਨਹੀਂ, ਸਗੋਂ ਜੋਤ ਵੀ ਖਲੋ ਗਈ ਹੋਵੇ। ਉਹ ਮੋਮ ਦਾ ਨਿਰਜੀਵ ਬੁਤ ਦਿਸ ਰਿਹਾ ਸੀ।

ਜਦ ਇਹ ਜਾਚਣ ਲਈ ਅਸਾਂ ਪਿਛੇ ਹਜ਼ਾਰਾ ਸਿੰਘ ਵੱਲ ਵੇਖਿਆ, ਕਿ ਉਸ ਨੇ 'ਲਿਖੇਂਗਾ' ਦੀ ਕੜਕ ਵਿਚ ਲਾਲੇ ਨੂੰ ਕੀ ਕੱਢ ਮਾਰਿਆ ਸੀ, ਤਾਂ ਉਹ ਕੁਰਸੀ ਤੋਂ ਉਠ ਕੇ ਲਾਲੇ ਵੱਲ ਪਿਸਤੌਲ ਸਿੱਧਾ ਕਰੀ ਖਲੋਤਾ ਸੀ।

'ਉਏ! ਇਹ ਕੀ?' ਕਹਿੰਦਾ ਹੋਇਆ ਬਾਬਾ ਜਵਾਲਾ ਸਿੰਘ ਹਜ਼ਾਰਾ ਸਿੰਘ ਨੂੰ ਹਟਕਣ ਲਈ ਉਠ ਖਲੋਤਾ। ਪਰ ਇਧਰ ਲਾਲਾ ਦੇ ਦੋਵੇਂ ਹੱਥ ਹਿਲੇ ਤੇ ਹੌਲੀ ਹੌਲੀ ਛਾਤੀ ਕੋਲ ਆ ਕੇ ਜੁੜ ਗਏ ਤੇ ਉਹ ਆਹਿਸਤਾ ਆਹਿਸਤਾ ਢਿਗ ਵਾਂਗ ਬਾਬਾ ਜਵਾਲਾ ਸਿੰਘ ਦੇ ਪੈਰੀਂ ਡਿੱਗ ਪਿਆ।

'ਬਾਬਾ ਜੀ! ਬ. ਖ... ਸ਼ ਲ... ਓ। ਮੇ...ਰੇ ਅ.. ਗ.. ਲੇ ਵੀ ਨ...ਹੀਂ ਲਿ...ਖ... ਣ... ਗੇ।'

ਉਹ ਬੜੀ ਕੰਬਵੀਂ ਤੇ ਉਖੜਵੀਂ ਲੰਮੇਰੀ ਆਵਾਜ਼ ਵਿਚ ਇਕੱਲਾ ਇਕੱਲਾ ਅੱਖਰ ਡਡਿਆ ਰਿਹਾ ਸੀ ਤੇ ਬਾਲਾਂ ਵਾਂਗ ਡਡੋਲਿਕਾ ਹੋ ਕੇ ਮਾਫ਼ੀਆਂ ਮੰਗਣ ਲੱਗ ਪਿਆ ਸੀ।

ਮੈਂ ਲਾਲਾ ਨੂੰ ਬਾਬੇ ਦੇ ਪੈਰਾਂ ਤੋਂ ਚੁਕ ਕੇ ਸਿੱਧਾ ਕੀਤਾ ਤੇ ਕੁਰਸੀ ਤੇ ਬਠਾ ਦਿੱਤਾ। ਉਹ ਬੱਗਾ ਪੂਣੀ ਹੋਇਆ ਅਜੇ ਵੀ ਰੋਈ ਤੇ ਹੱਥ ਜੋੜੀ ਪਿਛਲੇ ਲਿਖੇ ਦੀਆਂ ਮਾਫ਼ੀਆਂ ਮੰਗੀ ਤੇ ਅਗਾਂਹ ਲਿਖਣ ਤੋਂ ਕਲਮੇ ਪੜ੍ਹੀ ਜਾ ਰਿਹਾ ਸੀ।

ਹਜ਼ਾਰਾ ਸਿੰਘ ਪਿਸਤੌਲ ਜੇਬ ਵਿਚ ਪਾ ਚੁਕਾ ਸੀ। ਪਰ ਲਾਲਾ ਦੀਆਂ ਅੱਖਾਂ ਅੱਥਰੂ ਸੁਟੀ ਉਸ ਵੱਲ ਇਸ ਤਰਾਂ ਇਕ ਟਕ ਵੇਖੀ ਜਾ ਰਹੀਆਂ ਸਨ, ਜਿਸ ਤਰਾਂ ਪਿਉ ਤੋਂ ਮਾਰ ਖਾ ਕੇ ਬੱਚਾ ਮਾਫ਼ੀ ਮਿਲਣ ਦੀ ਤਾਂਘ ਤੇ ਹੋਰ ਕੁਟ ਨ ਪੈਣ ਦੀ ਲੋਚਣਾ ਵਿਚ ਰੋਂਦਾ ਰੋਂਦਾ ਉਸ ਵੱਲ ਵੇਖਦਾ ਰਹਿੰਦਾ ਹੈ।

ਅਸੀਂ ਉਸ ਨੂੰ ਚੁਪ ਕਰਾਇਆ, ਦਿਲਾਸਾ ਦਿੱਤਾ ਤੇ ਉਠ ਕੇ ਤੁਰ ਪਏ। ਹਜ਼ਾਰਾ ਸਿੰਘ ਨੇ ਕਸਾਈਆਂ ਵਰਗੀਆਂ ਕਹਿਰਵਾਨ ਅੱਖਾਂ ਨਾਲ ਲਾਲੇ ਵੱਲ ਫੇਰ ਤਕਦਿਆਂ ਦਬਕਾ ਮਾਰਿਆ।

'ਵੇਖੀਂ?'

'ਖਾਤਰ ਜਮਾਂ ਰੱਖੋ। ਮੈਂ ਮੁੜ ਕੇ ਕਦੀ ਨਹੀਂ ਲਿਖਾਂਗਾ।' ਸਾਨੂੰ ਪੌੜੀਆਂ ਉਤਰਦਿਆਂ ਨੂੰ ਲਾਲੇ ਦੀ ਤੌਬਾ ਸੁਣੀ ਗਈ।

ਬਾਹਰ ਆ ਕੇ ਅਸੀਂ ਹਜ਼ਾਰਾ ਸਿੰਘ ਨੂੰ ਬੜੇ ਗੁਸੇ ਹੋਏ ਕਿ 'ਉਸ ਨੇ ਪਿਸਤੌਲ ਲਿਆਂਦਾ ਤੇ ਇਹ ਤਮਾਸ਼ਾ ਕੀਤਾ ਹੀ ਕਿਉਂ? ਸਾਨੂੰ ਦੋਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਨਾਮਾਨੀਮ ਪਿਸਤੌਲ ਲਿਆਇਆ ਸੀ। ਅਸੀਂ ਹੁਣ ਸਮਝੇ ਕਿ ਉਹ ਭਰ ਗਰਮੀਆਂ ਵਿਚ ਓਵਰਕੋਟ ਪਾ ਕੇ ਕਿਉਂ ਆਇਆ ਸੀ।

'ਬਾਬਾ ਜੀ! ਤੁਹਾਨੂੰ ਨਹੀਂ ਪਤਾ, ਇਹੋ ਜਿਹੇ ਕਿਸ ਤਰਾਂ ਸਿੱਧੇ ਕਰੀ ਦੇ ਨੇ।' ਅਸੀਂ ਚੁਪ ਕਰ ਗਏ। ਕਿਸੇ ਪਵਾੜੇ ਵਿਚ ਨਾ ਪੈਣ ਤੇ ਆਪਣਾ ਕੰਮ ਹੋ ਜਾਣ ਦੀ ਖੁਸ਼ੀ ਵਿਚ ਗੱਲ ਆਈ ਗਈ ਕਰ ਛੱਡੀ।

ਸਾਡਾ ਇਹ ਦਾਅ ਫੁਰ ਗਿਆ। 'ਪਾਰਸ' ਨੇ ਅਗਲੇ ਪਰਚੇ ਵਿਚ ਇਨਾਂ ਗ਼ਦਰੀਆਂ ਦੇ ਹੱਕ ਵਿਚ ਲਿਖਿਆ ਤੇ ਰਿਹਾਈ ਦੀ ਮੰਗ ਕੀਤੀ ਗਈ ਸੀ।

ਇਸ ਤੋਂ ਪਹਿਲਾਂ ਅਸਾਂ ਲਾਲੇ ਨੂੰ ਬੜਿਆਂ ਬੜਿਆਂ ਕਾਂਗਰਸੀ ਲੀਡਰਾਂ ਪਾਸੋਂ ਅਖਵਾਇਆ ਸੀ। ਨੌਜਵਾਨ ਭਾਰਤ ਸਭਾ ਵਾਲਿਆਂ ਨੇ 'ਪਾਰਸ' ਵਿਰੁੱਧ ਮੁਜ਼ਾਹਰਿਆਂ ਵਿਚ ਇਸ ਦੀ ਅਰਥੀ ਕੱਢੀ ਤੇ 'ਪਾਰਸ' ਦੇ ਪਰਚੇ ਬਾਜ਼ਾਰ ਵਿਚ ਸਾੜੇ ਸਨ, ਪਰ ਉਹ ਬੰਦੇ ਦਾ ਪੁੱਤਰ ਨਹੀਂ ਸੀ ਬਣਿਆ।

ਸਾਡੀ ਐਜੀਟੇਸ਼ਨ ਬਹੁਤ ਚੜ੍ਹ ਗਈ। ਕਾਬਲ ਦੇ ਹਿੰਦ ਵਿਚ ਆਪਣੇ ਹਮਾਇਤੀ ਅਖ਼ਬਾਰਾਂ ਨੇ ਇਸ ਦੀ ਹਮਾਇਤ ਕਰਨੀ ਆਰੰਭ ਕਰ ਦਿੱਤੀ। ਪੈਰਿਸ ਨੂੰ ਭੇਜੀ ਚਿੱਠੀ ਦੇ ਵੀ ਫੁਲ ਖਿੜਨ ਲੱਗ ਪਏ। ਯੋਰਪ ਤੇ ਅਮਰੀਕਾ ਦੀਆਂ ਨ ਕੇਵਲ ਕਮਿਊਨਿਸਟ ਪਾਰਟੀਆਂ ਸਗੋਂ ਸਾਮਰਾਜ ਵਿਰੋਧੀ ਜਮਹੂਰੀ ਅਖ਼ਬਾਰਾਂ ਨੇ ਵੀ ਕਾਬਲ ਸਰਕਾਰ ਦੀ ਨਿੰਦਾ ਕਰਕੇ ਇਨਾਂ ਗ਼ਦਰੀਆਂ ਦੀ ਰਿਹਾਈ ਦੀਆਂ ਮੰਗਾਂ ਆਰੰਭ ਕਰ ਦਿੱਤੀਆਂ। ਇਸ ਜਗਤ-ਲੋਕ-ਰੌਲੇ ਦਾ ਕਾਬਲ ਸਰਕਾਰ ਉਤੇ ਅਸਰ ਪੈਣ ਲੱਗ ਪਿਆ।

ਮੌਲਾਨਾ ਅਤਾਉਲਾ ਸ਼ਾਹ ਬੁਖਾਰੀ ਦੇ ਹੱਥੀਂ ਕਾਬਲ ਰਾਜਦੂਤ ਨੇ ਸਾਨੂੰ ਸੁਨੇਹਾ ਭੇਜਿਆ, ਕਿ 'ਕਾਬਲ ਸਰਕਾਰ ਗੁਰਮੁਖ ਸਿੰਘ ਤੇ ਪਿਰਥੀ ਸਿੰਘ ਨੂੰ ਇਸ ਸ਼ਰਤ ਉਤੇ ਰਿਹਾ ਕਰਨ ਲਈ ਤਿਆਰ ਹੈ ਕਿ ਉਹ ਅਫਗਾਨਿਸਤਾਨ ਧਰਤੀ ਛੱਡ ਜਾਣ ਤੇ ਮੁੜੇ ਕੇ ਕਦੇ ਏਥੇ ਨ ਆਉਣ।'

ਅਸੀਂ ਮੰਨ ਗਏ। ਪਰ ਮੁਹਲਤ ਮੰਗੀ ਕਿ ਸਾਨੂੰ ਉਨਾਂ ਦਾ ਅਫਗਾਨਿਸਤਾਨ ਵਿਚੋਂ ਕਿਧਰੇ ਲੈ ਜਾਣ ਦਾ ਬੰਦੋਬਸਤ ਕਰ ਲੈਣ ਦਿੱਤਾ ਜਾਏ।

ਉਸ ਵੇਲੇ ਉਨਾਂ ਦੇ ਸਿੱਧਾ ਨਿੱਤਰ ਕੇ ਹਿੰਦੁਸਤਾਨ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਏਥੇ ਅੰਗਰੇਜ਼ੀ ਹਕੂਮਤ ਉਨਾਂ ਨੂੰ ਡੈਣ ਵਾਂਗ ਝੱਫਣ ਲਈ ਮੂੰਹ ਖੋਲੀ ਤਿਆਰ ਖੜ੍ਹੀ ਸੀ, ਕਿਉਂਕਿ ਉਹ ਦੋਵੇਂ ਅੰਗਰੇਜ਼ੀ ਰਾਜ ਦੀਆਂ ਜੇਲਾਂ ਵਿਚੋਂ ਭੱਜੇ ਹੋਏ ਸਨ। ਇਰਾਨ ਜਾਣ ਤਾਂ ਉਥੇ ਫੇਰ ਗਰਿਫ਼ਤਾਰੀ ਅਵੱਸ਼ ਸੀ। ਇਰਾਨ ਹਕੂਮਤ ਤਾਂ ਅਫਗਾਨਿਸਤਾਨ ਨਾਲੋਂ ਵੀ ਜ਼ਿਆਦਾ ਅੰਗਰੇਜ਼ਾਂ ਹੇਠ ਲੱਗੀ ਹੋਈ ਸੀ।

ਅਸਾਂ ਮੁੜ ਪੈਰਿਸ ਦੀ ਕਮਿਊਨਿਸਟ ਪਾਰਟੀ ਨੂੰ ਚਿੱਠੀ ਲਿਖੀ ਤੇ ਉਨਾਂ ਅਗਾਂਹ ਸੋਵੀਅਤ ਰੂਸ ਦੀ ਕਮਿਊਨਿਸਟ ਪਾਰਟੀ ਨੂੰ ਲਿਖਿਆ। ਇਸ ਤੇ ਸੋਵੀਅਤ ਨੇ ਉਨਾਂ ਨੂੰ ਸੋਵੀਅਤ ਦੇਸ਼ ਦੇ ਵਸਨੀਕੀ ਹੱਕ ਦੇ ਕੇ ਕਾਬਲੋਂ ਰੂਸ ਲੈ ਆਂਦਾ।

ਉਥੋਂ ਉਹ ਉਸੇ ਸਾਲ ਦੇ ਅਖੀਰ ਤੇ ਮੁੜ ਚੋਰੀ ਚੋਰੀ ਹਿੰਦੁਸਤਾਨ ਆ ਗਏ।

(ਕਹਾਣੀਆਂ ਤੇ ਹੋਰ ਰਚਨਾਵਾਂ, ਗੁਰਚਰਨ ਸਿੰਘ ਸਹਿੰਸਰਾ)

(ਪੰਜਾਬੀ ਕਹਾਣੀ)

# ਇੱਕ ਧੀ... ਤੇ ਸੈਂਕੜੇ ਬੱਚਿਆਂ ਦੀਆਂ ਦੁਆਵਾਂ

ਡਾ. ਵਿਜੈ ਗਰਗ

ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਇੱਕ ਨਵੀਂ ਮਾਸਟਰਨੀ ਆਈ ਸੀ। ਨਾਂ ਸੀ ਉਸਦਾ ਸੁਖਪ੍ਰੀਤ ਕੌਰ। ਪਤਲੀ-ਦੁਬਲੀ, ਅੱਖਾਂ ਵਿੱਚ ਬੇਹੱਦ ਨਰਮਾਈ, ਤੇ ਬੋਲਾਂ ਵਿੱਚ ਮਾਂ ਵਰਗੀ ਠੰਡਕ। ਬੱਚੇ ਉਸਨੂੰ "ਸੁੱਖ ਮੈਡਮ" ਕਹਿ ਕੇ ਬੁਲਾਉਂਦੇ।
ਸਕੂਲ ਦੀ ਹਾਲਤ ਬਹੁਤ ਮਾੜੀ ਸੀ। ਕੰਧਾਂ ਉੱਤੇ ਤਿੜਕਾਂ, ਬੈਂਚ ਟੁੱਟੇ ਹੋਏ, ਤੇ ਬੱਚਿਆਂ ਦੇ ਚਿਹਰਿਆਂ ਉੱਤੇ ਭੁੱਖ ਤੇ ਉਦਾਸੀ। ਜ਼ਿਆਦਾਤਰ ਬੱਚੇ ਮਜ਼ਦੂਰਾਂ ਦੇ ਸਨ। ਕਈ ਤਾਂ ਖਾਲੀ ਪੇਟ ਹੀ ਆ ਜਾਂਦੇ।
ਪਹਿਲੇ ਦਿਨ ਹੀ ਸੁੱਖ ਮੈਡਮ ਦੀ ਨਜ਼ਰ ਇੱਕ ਕੋਨੇ ਵਿੱਚ ਬੈਠੀ ਕੁੜੀ ਉੱਤੇ ਪਈ। ਨਾਂ ਸੀ ਉਸਦਾ ਨੂਰ। ਮੈਲੇ ਕੱਪੜੇ, ਉਲਝੇ ਵਾਲ, ਤੇ ਅੱਖਾਂ ਵਿੱਚ ਅਜੀਬ ਜਿਹਾ ਸੁੰਨਾਪਨ। ਨਾ ਕਿਸੇ ਨਾਲ ਬੋਲਦੀ, ਨਾ ਹੀ ਪੜ੍ਹਦੀ।
ਸੁੱਖ ਮੈਡਮ ਨੇ ਪਿਆਰ ਨਾਲ ਪੁੱਛਿਆ, "ਧੀਏ, ਕੀ ਗੱਲ ਆ? ਕੁਝ ਖਾਧਾ ਨਹੀਂ?"
ਨੂਰ ਨੇ ਸਿਰ ਨੀਵਾਂ ਕਰ ਲਿਆ।
ਛੁੱਟੀ ਵੇਲੇ ਮੈਡਮ ਨੂਰ ਦੇ ਘਰ ਗਈ। ਇੱਕ ਛੋਟਾ ਜਿਹਾ ਕੱਚਾ ਕੋਠਾ। ਨੂਰ ਦੀ ਮਾਂ ਚਾਰਪਾਈ ਉੱਤੇ ਪਈ ਸੀ – ਕੈਂਸਰ ਦੀ ਬਿਮਾਰੀ। ਬਾਪ ਦੋ ਸਾਲ ਪਹਿਲਾਂ ਗੁਜ਼ਰ ਗਿਆ ਸੀ। 8 ਸਾਲ ਦੀ ਨੂਰ ਹੀ ਘਰ ਦਾ ਸਾਰਾ ਕੰਮ ਕਰਦੀ, ਮਾਂ ਨੂੰ ਰੋਟੀ ਦਿੰਦੀ, ਤੇ ਫਿਰ ਸਕੂਲ ਆ ਜਾਂਦੀ।
ਉਸ ਰਾਤ ਸੁੱਖ ਮੈਡਮ ਸਾਰੀ ਰਾਤ ਸੌਂ ਨਾ ਸਕੀ।
ਅਗਲੇ ਦਿਨ ਤੋਂ ਸਕੂਲ ਬਦਲ ਗਿਆ। ਸੁੱਖ ਮੈਡਮ ਆਪਣੇ ਘਰੋਂ ਦੋ ਡੱਬੇ ਵਾਧੂ ਰੋਟੀ ਲਿਆਉਣ ਲੱਗੀ। ਇੱਕ ਨੂਰ ਲਈ, ਇੱਕ ਹੋਰ ਕਿਸੇ ਭੁੱਖੇ ਬੱਚੇ ਲਈ। ਹੌਲੀ-ਹੌਲੀ ਉਸਨੇ ਸਾਰੇ ਅਧਿਆਪਕਾਂ ਨੂੰ ਨਾਲ ਰਲਾ ਲਿਆ। "ਰੋਟੀ ਸਾਂਝੀ" ਨਾਂ ਦਾ ਇੱਕ ਛੋਟਾ ਜਿਹਾ ਲੰਗਰ ਸਕੂਲ ਵਿੱਚ ਸ਼ੁਰੂ ਹੋ ਗਿਆ।
ਪਰ ਨੂਰ ਫਿਰ ਵੀ ਨਹੀਂ ਬੋਲਦੀ ਸੀ।
ਇੱਕ ਦਿਨ ਸੁੱਖ ਮੈਡਮ ਨੇ ਦੇਖਿਆ ਕਿ ਨੂਰ ਕਾਪੀ ਦੇ ਆਖ਼ਰੀ ਪੰਨੇ ਉੱਤੇ ਕੁਝ ਬਣਾਅ ਰਹੀ ਹੈ। ਛੋਟੇ-ਛੋਟੇ ਘਰ, ਫੁੱਲ, ਤੇ ਇੱਕ ਔਰਤ ਜੋ ਬੱਚੀ ਦਾ ਹੱਥ ਫੜੀ ਖੜ੍ਹੀ ਸੀ।
"ਬਹੁਤ ਸੋਹਣਾ ਬਣਾਇਆ ਏ ਧੀਏ," ਮੈਡਮ ਨੇ ਕਿਹਾ, "ਕੀ ਇਹ ਤੂੰ ਏਂ?"
ਨੂਰ ਨੇ ਪਹਿਲੀ ਵਾਰ ਮੈਡਮ ਵੱਲ ਦੇਖਿਆ ਤੇ ਹੌਲੀ ਜਿਹੀ ਕਿਹਾ, "ਨਹੀਂ ਮੈਡਮ... ਇਹ ਤੁਸੀਂ ਹੋ। ਮੈਂ ਚਾਹੁੰਦੀ ਸੀ ਮੇਰੀ ਮਾਂ ਵੀ ਤੁਹਾਡੇ ਵਰਗੀ ਹੁੰਦੀ... ਜੋ ਮੈਨੂੰ ਸਕੂਲੇ ਤੋਰਦੀ।"
ਸੁੱਖ ਮੈਡਮ ਦੀਆਂ ਅੱਖਾਂ ਭਰ ਆਈਆਂ। ਉਸ ਨੇ ਨੂਰ ਨੂੰ ਘੁੱਟ ਕੇ ਗਲ਼ ਨਾਲ ਲਾ ਲਿਆ।

6 ਮਹੀਨੇ ਲੰਘ ਗਏ। ਨੂਰ ਹੁਣ ਹੱਸਣ ਲੱਗ ਪਈ ਸੀ, ਜਮਾਤ ਵਿੱਚੋਂ ਪਹਿਲੇ ਨੰਬਰ ਉੱਤੇ ਆਉਂਦੀ ਸੀ। ਸੁੱਖ ਮੈਡਮ ਉਸਨੂੰ ਧੀ ਵਾਂਗ ਪਿਆਰ ਕਰਦੀ।
ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇੱਕ ਸਵੇਰ ਨੂਰ ਸਕੂਲ ਨਾ ਆਈ। ਸੁੱਖ ਮੈਡਮ ਭੱਜੀ-ਭੱਜੀ ਉਸਦੇ ਘਰ ਗਈ। ਬਾਹਰ ਭੀੜ ਸੀ। ਨੂਰ ਦੀ ਮਾਂ ਰਾਤੀਂ ਗੁਜ਼ਰ ਗਈ ਸੀ।
ਨੂਰ, ਮਾਂ ਦੀ ਮੰਜੀ ਕੋਲ ਬੈਠੀ ਸੀ, ਪੱਥਰ ਬਣੀ ਹੋਈ। ਨਾ ਰੋਂਦੀ, ਨਾ ਕੁਝ ਬੋਲਦੀ। ਜਦੋਂ ਸੁੱਖ ਮੈਡਮ ਨੇ ਉਸਨੂੰ ਚੁੱਕਣਾ ਚਾਹਿਆ, ਤਾਂ ਉਹ ਇੱਕਦਮ ਮੈਡਮ ਨਾਲ ਚਿੰਬੜ ਗਈ ਤੇ ਉੱਚੀ-ਉੱਚੀ ਰੋਣ ਲੱਗੀ, "ਮੈਡਮ...ਹੁਣ ਮੈਂ ਕਿੱਥੇ ਜਾਵਾਂ? ਮੇਰਾ ਤਾਂ ਕੋਈ ਨਹੀਂ ਰਿਹਾ।"
ਪਿੰਡ ਵਾਲੇ ਕਹਿਣ ਲੱਗੇ ਕਿ ਨੂਰ ਨੂੰ ਉਸਦੇ ਮਾਮੇ ਕੋਲ ਭੇਜ ਦਿਓ। ਪਰ ਮਾਮਾ ਸ਼ਰਾਬੀ ਸੀ। ਸੁੱਖ ਮੈਡਮ ਦਾ ਕਲੇਜਾ ਕੰਬ ਗਿਆ।
ਉਸੇ ਰਾਤ ਸੁੱਖ ਮੈਡਮ ਨੇ ਆਪਣੇ ਪਤੀ ਨਾਲ ਗੱਲ ਕੀਤੀ। ਉਸਦਾ ਪਤੀ ਫ਼ੌਜ ਵਿੱਚ ਸੀ, ਘਰ ਘੱਟ ਹੀ ਆਉਂਦਾ ਸੀ। "ਮੈਂ ਨੂਰ ਨੂੰ ਗੋਦ ਲੈਣਾ ਚਾਹੁੰਦੀ ਹਾਂ," ਸੁੱਖ ਨੇ ਕਿਹਾ।
ਪਤੀ ਨੇ ਇੱਕ ਪਲ ਸੋਚਿਆ, ਫਿਰ ਕਿਹਾ, "ਜੇ ਤੇਰੇ ਦਿਲ ਨੂੰ ਸਕੂਨ ਮਿਲਦਾ ਏ, ਤਾਂ ਉਹ ਬੱਚੀ ਮੇਰੀ ਵੀ ਧੀ ਆ।"
ਅਦਾਲਤੀ ਕਾਰਵਾਈ 3 ਮਹੀਨੇ ਚੱਲੀ। ਸਾਰਾ ਪਿੰਡ ਹੈਰਾਨ ਸੀ ਕਿ ਇੱਕ ਮਾਸਟਰਨੀ ਆਪਣੀ ਤਨਖਾਹ ਵਿੱਚੋਂ ਇੱਕ ਬੱਚੀ ਨੂੰ ਕਿਵੇਂ ਪਾਲੇਗੀ। ਪਰ ਸੁੱਖ ਮੈਡਮ ਨੇ ਹਾਰ ਨਾ ਮੰਨੀ।
ਜਿਸ ਦਿਨ ਨੂਰ ਕਨੂੰਨੀ ਤੌਰ ਉੱਤੇ ਸੁੱਖ ਮੈਡਮ ਦੀ ਧੀ ਬਣੀ, ਉਸ ਦਿਨ ਸਕੂਲ ਵਿੱਚ ਲੱਡੂ ਵੰਡੇ ਗਏ। ਨੂਰ ਨੇ ਸਕੂਲ ਦੀ ਅਸੈਂਬਲੀ ਵਿੱਚ ਖੜ੍ਹੇ ਹੋ ਕੇ ਕਿਹਾ, "ਮੇਰੀ ਮਾਂ ਮੈਨੂੰ ਛੱਡ ਕੇ ਚਲੀ ਗਈ ਸੀ... ਪਰ ਰੱਬ ਨੇ ਮੈਨੂੰ ਦੂਜੀ ਮਾਂ ਦੇ ਦਿੱਤੀ। ਮੇਰੀ ਸੁੱਖ ਮੈਮ।"
ਸਕੂਲ ਵਿਚ ਸਭ ਦੀਆਂ ਅੱਖ ਭਰ ਆਈਆਂ।
15 ਸਾਲ ਬਾਅਦ ਅੱਜ ਨੂਰ ਡਾਕਟਰ ਬਣ ਗਈ ਹੈ। ਪਿੰਡ ਵਿੱਚ ਹੀ ਉਸ ਨੇ "ਮਾਂ ਸੁੱਖ ਕਲੀਨਿਕ" ਖੋਲ੍ਹਿਆ ਹੈ, ਜਿੱਥੇ ਗਰੀਬ ਬੱਚਿਆਂ ਦਾ ਇਲਾਜ ਮੁਫ਼ਤ ਹੁੰਦਾ ਹੈ।
ਤੇ ਸੁੱਖ ਮੈਡਮ? ਉਹ ਅੱਜ ਵੀ ਉਸੇ ਸਕੂਲ ਵਿੱਚ ਪੜ੍ਹਾਉਂਦੀ ਹੈ। ਹੁਣ ਉਹ ਰਿਟਾਇਰ ਹੋਣ ਵਾਲੀ ਹੈ। ਜਦੋਂ ਉਸਨੂੰ ਪੁੱਛਦੇ ਨੇ ਕਿ ਤੁਸੀਂ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਕੀ ਖੱਟਿਆ? ਤਾਂ ਉਹ ਨੂਰ ਵੱਲ ਦੇਖ ਕੇ ਕਹਿੰਦੀ ਹੈ, "ਇੱਕ ਧੀ... ਤੇ ਸੈਂਕੜੇ ਬੱਚਿਆਂ ਦੀਆਂ ਦੁਆਵਾਂ।"
ਕਹਿੰਦੇ ਹਨ ਨਾ, ਮਾਂ ਸਿਰਫ਼ ਜਨਮ ਹੀ ਨਹੀਂ ਦਿੰਦੀ... ਕਈ ਵਾਰ ਮਾਂ ਬਣਨ ਲਈ ਸਿਰਫ਼ ਦਿਲ ਵਿੱਚ ਦਿਆ ਅਤੇ ਅੱਖਾਂ ਵਿੱਚ ਮਮਤਾ ਚਾਹੀਦੀ ਹੁੰਦੀ ਹੈ।
ਇੱਕ ਅਧਿਆਪਕ ਸਿਰਫ਼ ਕਿਤਾਬਾਂ ਨਹੀਂ ਪੜ੍ਹਾਉਂਦਾ, ਉਹ ਜ਼ਿੰਦਗੀਆਂ ਸਵਾਰਦਾ ਹੈ। ਦਿਆਲੂ ਦਿਲ ਨਾਲ ਕੀਤਾ ਇੱਕ ਛੋਟਾ ਜਿਹਾ ਕੰਮ ਵੀ ਕਿਸੇ ਦੀ ਪੂਰੀ ਦੁਨੀਆ ਬਦਲ ਸਕਦਾ ਹੈ।

ਰਿਟਾਇਰਡ ਪ੍ਰਿੰਸੀਪਲ ਅਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ

# ਅਨਾਮ ਰਿਸ਼ਤਾ
## ਡਾ. ਰਾਜਿੰਦਰ ਕਨੌਜੀਆ



ਪੀਜੀਆਈ, ਚੰਡੀਗੜ੍ਹ

**ਜਨਮ** ਤਾਂ ਸੀ ਪੋਠੋਹਾਰ ਦਾ ਪਰ ਯਾਦ ਹੁਣ ਉਥੋਂ ਦੀ ਕੋਈ ਨਹੀਂ। ਬਸ ਇੱਕ ਮਾਂ ਬੋਲੀ ਏ ਪੋਠੋਹਾਰੀ ਜੋ ਉਦੋਂ ਤੋਂ ਹੁਣ ਤੀਕ ਮੇਰੇ ਨਾਲ ਏ। ਵੰਡਾਰੇ ਵੇਲੇ ਗੋਦੀ ਸਾਂ ਜਦੋਂ ਪਿਤਾ ਦੀ ਬਦਲੀ ਰਾਵਲਪਿੰਡੀ ਦੀ ਕਹੂਟਾ ਤਹਿਸੀਲ ਦੇ ਥਾਣੇ ਤੋਂ ਹੋਸ਼ਿਆਰਪੁਰ ਹੋ ਗਈ। ਥਾਣੇ ਵਿਚ ਗੀਟੇ ਖੇਡਦਿਆਂ ਬਚਪਨ ਬੀਤਿਆ। ਤਿੰਨ ਭਰਾਵਾਂ ਤੇ ਦੋ ਭੈਣਾਂ 'ਚੋਂ ਸਭ ਤੋਂ ਛੋਟੀ। ਜਨਮ ਤਾਰੀਖ ਦਾ ਪੱਕਾ ਪਤਾ ਨਹੀਂ, ਜੋ ਸਕੂਲ ਦਾਖਲ ਕਰਵਾਉਣ ਸਮੇਂ ਮਾਪਿਆਂ ਲਿਖਵਾ ਦਿੱਤੀ ਓਹੀ ਮੇਰੀ ਜਨਮ ਤਾਰੀਖ ਹੋ ਗਈ। ਛੋਟੀ ਜਿਹੀ ਸਾਂ, ਛੋਟੀਆਂ-ਛੋਟੀਆਂ ਖੁਸ਼ੀਆਂ। ਰੇਲਵੇ ਸਟੇਸ਼ਨ ਲਾਗੇ ਸਰਕਾਰੀ ਸਕੂਲ ਵਿੱਚ ਪੜ੍ਹਨ ਜਾਂਦੀ ਤਾਂ ਕਿੰਨਾ-ਕਿੰਨਾ ਚਿਰ ਖਲੋਤੀ ਰੇਲ ਗੱਡੀ ਨੂੰ ਹੀ ਵੇਖੀ ਜਾਂਦੀ ਤੇ ਕਦੀ ਲੰਘ ਰਹੀ ਰੇਲ ਗੱਡੀ ਦੇ ਡੱਬੇ ਗਿਣਨ ਦੀ ਕੋਸ਼ਿਸ਼ ਕਰਦੀ। ਸਕੂਲ ਦੀ ਇਮਾਰਤ ਬੜੀ ਸੋਹਣੀ ਸੀ ਤੇ ਮੈਂ ਕਿਹੜੀ ਘੱਟ ਸਾਂ, ਉੱਚੀ ਲੰਮੀ ਅਤੇ ਹਰੇਕ ਕੰਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੀ। ਪੜ੍ਹਾਈ ਵਿੱਚ ਵੀ ਅੱਵਲ। ਜਿਹੜੇ ਸਾਲ ਦਸਵੀਂ ਪਾਸ ਕੀਤੀ ਕੁਦਰਤੀ ਉਸੇ ਸਾਲ ਹੀ ਸਕੂਲ ਵਿੱਚ ਜੇਬੀਟੀ ਦਾ ਕੋਰਸ ਸ਼ੁਰੂ ਹੋਇਆ ਸੀ। ਸਾਨੂੰ ਤਾਂ ਉਸ ਬਾਬਤ ਕੁਝ ਪਤਾ ਨਹੀਂ ਸੀ, ਸਾਡੀ ਹੈੱਡਮਿਸਟ੍ਰੈਸ ਸੀ ਐਂਗਲੋ ਇੰਡੀਅਨ ਮਿਸਿਜ਼ ਰੰਗੂਰਾ। ਉਸ ਦੱਸਿਆ ਕਿ ਇੱਕ ਬਹੁਤ ਹੀ ਵਧੀਆ ਟ੍ਰੇਨਿੰਗ ਆਈ ਹੈ ਸਕੂਲ ਵਿੱਚ। ਕੋਰਸ ਕਰਦੇ ਸਾਰ ਅਧਿਆਪਿਕਾ ਦੀ ਨੌਕਰੀ ਪੱਕੀ। ਮੇਰਾ ਦਿਲ ਕੀਤਾ ਕਿ ਮੈਂ ਵੀ ਇਹ ਟ੍ਰੇਨਿੰਗ ਕਰਾਂ। ਕਈ ਸਹੇਲੀਆਂ ਨੇ ਫ਼ਾਰਮ ਭਰ ਦਿੱਤੇ ਪਰ ਮੇਰੇ ਪਿਤਾ ਨਹੀਂ ਸਨ ਮੰਨ ਰਹੇ। ਗੱਲ ਮਿਸਿਜ਼ ਰੰਗੂਰਾ ਤੱਕ ਪਹੁੰਚ ਗਈ। ਉਹ ਮੈਨੂੰ ਬਹੁਤ ਪਸੰਦ ਕਰਦੀ ਸੀ। ਉਸ ਘਰਦਿਆਂ ਨੂੰ ਸਮਝਾਇਆ ਕਿ ਏਨੀ ਲਾਇਕ ਕੁੜੀ ਹੈ ਅਤੇ ਚੰਗੇ ਭਾਗਾਂ ਨੂੰ ਇੱਥੇ ਹੀ ਟ੍ਰੇਨਿੰਗ ਹੋ ਰਹੀ ਹੈ।

ਉਹਨਾਂ ਦੀ ਗੱਲ ਮੰਨ ਮੈਨੂੰ ਦਾਖਲ ਕਰਵਾਅ ਦਿੱਤਾ ਗਿਆ ਅਤੇ ਮੈਂ ਜੇਬੀਟੀ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਇਸ ਟ੍ਰੇਨਿੰਗ ਵਿੱਚ ਸਕੂਲ ਦੇ ਦੱਬੂ ਜਿਹੇ ਮਹੌਲ ਤੋਂ ਹਟਵਾਂ ਮਾਹੌਲ ਸੀ। ਥੋੜ੍ਹਾ ਮੋਕਲਾਪਨ ਸੀ। ਵਰਦੀ ਦੀ ਬੰਦਿਸ਼ ਵੀ ਖਤਮ ਸੀ। ਰੋਜ ਸਜ-ਸੰਵਰ ਕੇ ਸਾਰੀਆਂ ਸਹੇਲੀਆਂ ਇਕੱਠੀਆਂ ਹੋ ਪੜ੍ਹਨ ਲਈ ਜਾਂਦੀਆਂ। ਇਹ ਸ਼ਾਹੀ ਉਮਰ ਹੁੰਦੀ ਹੈ ਅੱਲੜ੍ਹਾਂ ਦੀ ਜਦੋਂ ਸੁਪਨੇ ਅੰਗੜਾਈਆਂ ਲੈਂਦੇ ਨੇ ਤੇ ਪੂਰਾ ਅਸਮਾਨ ਕਲਾਵੇ ਵਿੱਚ ਭਰ ਲੈਣ ਨੂੰ ਜੀਅ ਕਰਦਾ ਹੈ। ਸਤਰੰਗੀ ਪੀਂਘ ਨੂੰ ਟਿਕਟਿਕੀ ਲਾ ਕੇ ਨਿਹਾਰਦਿਆਂ ਉਸਦੇ ਰੰਗਾਂ ਨੂੰ ਸਮੋਣ ਦੀ ਚਾਹਤ ਵਿੱਚ ਰੰਗੀਨ ਸੁਪਨੇ ਵੇਖਣ ਦੇ ਦਿਨ। ਅਚਾਨਕ ਦੀਵਾਲੀ ਵਾਲੇ ਦਿਨ ਇੱਕ ਸੁਪਨਾ ਮੈਂ ਵੀ ਦੇਖਿਆ ਤੇ ਉਸ ਅੰਦਰ ਮੈਂ ਗਵਾਚ ਗਈ।

ਮੱਸਿਆ ਦੀ ਕਾਲੀ ਰਾਤ ਦਾ ਹਨੇਰਾ ਪਸਰ ਰਿਹਾ ਸੀ ਪਰ ਚੁਫੇਰੇ ਲਟ-ਲਟ ਬਲ ਰਹੀਆਂ ਮੋਮਬਤੀਆਂ ਦਾ ਚਾਨਣ ਵੀ ਸੀ। ਮੈਂ ਮੋਮਬੱਤੀ ਜਗਾਈ ਤਾਂ ਇੱਕ ਅਜਨਬੀ ਹੱਥ ਦੇ ਪਰਛਾਵੇਂ ਨੇ ਮੇਰੇ ਹੱਥ ਨੂੰ ਆ ਢਕਿਆ। ਪੂਰੇ ਸਰੀਰ ਵਿੱਚ ਇੱਕ ਦਮ ਝੁਣਝਣੀ ਜਿਹੀ ਉੱਠੀ। ਪਰਛਾਵਾਂ ਮੇਰੇ ਵੱਲ ਵਧਣ ਲੱਗਾ ਜਿਵੇਂ ਮੈਨੂੰ ਆਖ ਰਿਹਾ ਹੋਵੇ ਕਿ ਮੇਰੀ ਮੋਮਬੱਤੀ ਵੀ ਜਗਾਅ ਛੱਡ। ਉਹ ਪਲ ਅਜਿਹਾ ਸੀ ਕਿ ਮੈਂ ਹੋਸ਼-ਹਵਾਸ ਖੋ ਬੈਠੀ, ਹਰ ਗੱਲ ਦਾ ਝੱਟ ਅਸਰ ਤਾਂ ਲੈਂਦੀ ਹੀ ਸੀ ਤੇ ਸਹਿਜ ਸੁਭਾਅ ਮੈਂ ਮੋਮਬੱਤੀ ਜਗਾਅ ਛੱਡੀ। ਇੱਕ ਦਮ ਚਾਨਣ ਹੋਇਆ ਜਿਸ ਵਿਚੋਂ ਰੱਬ ਵਰਗੇ ਦੀਦਾਰ ਹੁੰਦਿਆਂ ਹੀ ਰਜਨੀਗੰਧਾ ਜਿਹੀ ਖੁਸ਼ਬੋਈ ਖਿੱਲਰ ਗਈ। ਲਟਾਲਟ ਬਲ ਰਹੀਆਂ ਮੋਮਬਤੀਆਂ ਦੇ ਚਾਨਣ ਵਿੱਚ ਉਸ ਪਰਛਾਵੇਂ ਨੇ ਮੈਨੂੰ ਆਪਣੀ ਬੁੱਕਲ ਵਿੱਚ ਸਮੋਅ ਲਿਆ ਅਤੇ ਇੱਕ ਅਵਾਜ਼ ਗੂੰਜੀ, 'ਜੱਸੀ!' ਮੈਂ ਤ੍ਰਭਕ ਕੇ ਉੱਠੀ, ਸੁਪਨੇ ਦੀ ਊਂਘ ਟੁੱਟ ਗਈ ਅਤੇ ਅੱਖ ਖੁੱਲ੍ਹ ਗਈ, ਫੇਰ ਕਿੱਥੇ ਅੱਖ ਲੱਗਦੀ ਏ। ਮੈਂ ਆਨੰਦਿਤ-ਸਰਸ਼ਾਰ ਹੋਈ ਸੋਚੀ ਜਾ ਰਹੀ ਸਾਂ ਕਿ ਕਾਸ਼! ਹਕੀਕਤ ਜਿਹਾ ਇਹ ਸੁਪਨਾ ਨਾ ਟੁੱਟਦਾ। ਪਰ ਕਦੀ ਸੁਪਨੇ ਵੀ ਸੱਚ ਹੋਏ ਨੇ! ਹੁਣ ਇੱਕ ਅਜੀਬੋ-ਗਰੀਬ ਮਨੋਦਸ਼ਾ 'ਚੋਂ ਗੁਜਰ ਰਹੀ ਸਾਂ, ਖ਼ਿਆਲਾਂ ਦੇ ਭਵਰਾਂ ਵਿੱਚ ਗੋਤੇ ਖਾਂਦੀ। ਪੇਪਰਾਂ ਦੇ ਦਿਨ ਸਨ। ਮੈਂ ਛੇਤੀ ਛੇਤੀ ਉੱਠੀ, ਤਿਆਰ ਹੋਈ ਅਤੇ ਪੇਪਰ ਦੇਣ ਚਲੀ ਗਈ। ਦਿਨ ਬੀਤਦੇ ਗਏ ਅਤੇ ਉਹ ਸੁਪਨਾ ਹਮੇਸ਼ਾ ਮੇਰੇ ਮਨ ਵਿੱਚ ਘੁੰਮਣਘੇਰੀਆਂ ਖਾਂਦਾ ਰਿਹਾ ਅਤੇ ਮੈਂ ਉਸ ਪਰਛਾਵੇਂ ਨੂੰ ਭਾਲਦੀ ਰਹੀ। ਜਿਸ ਨਾਲ ਇੱਕ ਅਨਾਮ ਰਿਸ਼ਤਾ ਬਣ ਚੁੱਕਾ ਸੀ। ਜੇਬੀਟੀ ਦਾ ਰਿਜ਼ਲਟ ਆਇਆ ਅਤੇ ਮੈਂ ਪਹਿਲੇ ਦਰਜੇ ਵਿੱਚ ਪਾਸ ਹੋ ਗਈ। ਨਤੀਜਾ ਆਉਂਦਿਆਂ ਹੀ ਨੌਕਰੀ ਉੱਤੇ ਰੱਖੇ ਜਾਣ ਦੀ ਚਿੱਠੀ ਆ ਗਈ। ਨੌਕਰੀ ਸੀ ਚੰਡੀਗੜ੍ਹ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਦੀ। ਮੈਨੂੰ ਚਾਅ ਚੜ੍ਹ ਗਿਆ। ਨਵੇਂ- ਨਵੇਂ ਸੂਰਜ ਮੇਰੀ ਸੋਚ ਵਿੱਚ ਉੱਗਣੇ ਸ਼ੁਰੂ ਹੋ ਗਏ। ਮੈਂ ਬਹੁਤ ਉਤਾਵਲੀ ਸਾਂ ਕਿ ਕਦੋਂ ਮੈਂ

# ਅਨਾਮ ਰਿਸ਼ਤਾ

ਸਕੂਲ ਵਿੱਚ ਪੜ੍ਹਾਉਣ ਲੱਗ ਪਵਾਂਗੀ। ਜਿੰਨੀ ਖੁਸ਼ ਸਾਂ ਉਸ ਤੋਂ ਕਿਤੇ ਵੱਧ ਕਾਹਲੀ ਵੀ।

ਜਦੋਂ ਪਿਤਾ ਜੀ ਘਰ ਆਏ ਤਾਂ ਮੈਂ ਚਾਈਂ-ਚਾਈਂ ਉਨ੍ਹਾਂ ਨੂੰ ਨੌਕਰੀ ਵਾਲੀ ਚਿੱਠੀ ਵਿਖਾਈ। ਉਹ ਚੁੱਪ ਜਿਹੇ ਹੋ ਗਏ। ਭਰਾ ਨਾਲ ਰਲ ਕੇ ਫ਼ੈਸਲਾ ਲਿਆ ਕਿ ਨਹੀਂ ਭੇਜਣਾ ਚੰਡੀਗੜ੍ਹ ਨੌਕਰੀ ਕਰਨ ਲਈ। ਉਹ ਕੋਈ ਸ਼ਹਿਰ ਏ, ਉਜਾੜ ਬੀਆਬਾਨ, ਸੁੰਨਮਸਾਨ ਜਿਹਾ। ਮੈਂ ਜਿੱਚ ਜਿਹੀ ਹੋ ਗਈ ਤੇ ਅੰਦਰ ਜਾ ਕਿ ਡੁਸਕਣ ਲੱਗ ਪਈ। ਗੱਲ ਉੱਡਦੀ-ਉੱਡਦੀ ਫੇਰ ਮਿਸਿਜ਼ ਰੰਗੂਰਾ ਕੋਲ ਪਹੁੰਚ ਗਈ ਜਿਸ ਮੈਨੂੰ ਜੀਬੀਟੀ ਕਰਨ ਲਈ ਹੱਲਾ ਸ਼ੇਰੀ ਦਿੱਤੀ ਸੀ। ਉਸ ਠਾਣੇ ਸੁਨੇਹਾ ਘੱਲ ਕੇ ਪਿਤਾ ਜੀ ਨੂੰ ਸਕੂਲ ਬੁਲਵਾਅ ਲਿਆ। ਉਦੋਂ ਟੀਚਰਾਂ ਦਾ ਬਹੁਤ ਸਤਿਕਾਰ ਸੀ ਅਤੇ ਰੋਅਬ ਦਾਅਬ ਵੀ। ਮਿਲਦਿਆਂ ਸਾਰ ਉਹ ਪਿਤਾ ਜੀ ਨੂੰ ਟੁੱਟ ਕੇ ਪੈ ਗਈ। ਫਿਰ ਉਸ ਠਰੰਮੇ ਨਾਲ ਸਮਝਾਇਆ, "ਏਡੀ ਹੋਣਹਾਰ ਬੱਚੀ ਏ ਤੁਹਾਡੀ ਅਤੇ ਬਹੁਤ ਹੀ ਸਿਆਣੀ ਕੁੜੀ ਏ। ਇੱਕ ਇੱਜ਼ਤਵਾਲੀ ਪੱਕੀ ਸਰਕਾਰੀ ਨੌਕਰੀ ਮਿਲ ਰਹੀ ਏ ਅਧਿਆਪਕ ਦੀ। ਕਿਉਂ ਨਹੀਂ ਭੇਜ ਰਹੇ ਕੁੜੀ ਨੂੰ, ਕਿਉਂ ਇਸ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹੋ। ਅਖੀਰ ਕੀ ਮਜਬੂਰੀ ਹੈ ਤੁਹਾਡੀ?

ਮਿਸਿਜ਼ ਰੰਗੂਰਾ ਅੱਗੇ ਪਿਤਾ ਚੁੱਪ ਸਨ, ਕਾਰਨ ਇਹ ਸੀ, ਕਿ ਇਸ ਵਿਚੋਂ ਮਿਸਿਜ਼ ਰੰਗੂਰਾ ਨੇ ਕੁਝ ਲੈਣਾ ਤਾਂ ਹੈ ਨਹੀਂ ਸੀ। ਉਹ ਤਾਂ ਸਿਰਫ਼ ਅਤੇ ਸਿਰਫ਼ ਇੱਕ ਹੋਣਹਾਰ ਲੜਕੀ ਦੇ ਕਰੀਅਰ ਨੂੰ ਤਬਾਹ ਹੋਣ ਤੋਂ ਬਚਾਉਣਾ ਚਾਹੁੰਦੀ ਸੀ। ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਪਿਤਾ ਜੀ ਬਹੁਤ ਸਤਿਕਾਰ ਨਾਲ ਬੋਲੇ, "ਮੈਡਮ ਜੀ ਤੁਹਾਡੀ ਗੱਲ ਤਾਂ ਠੀਕ ਹੈ ਪਰ ਚੰਡੀਗੜ੍ਹ ਇੱਕ ਉਜਾੜ ਬੀਆਬਾਨ ਜਿਹਾ ਸ਼ਹਿਰ ਹੈ। ਪਤਾ ਨਹੀਂ ਕਦੋਂ ਵਸੇਗਾ। ਸਾਡਾ ਉੱਥੇ ਕੋਈ ਵਾਕਿਫ ਜਾਂ ਰਿਸ਼ਤੇਦਾਰ ਵੀ ਨਹੀਂ। ਕਿੰਝ ਭੇਜ ਦਈਏ ਇੱਕਲੀ ਜਵਾਨ ਕੁੜੀ ਨੂੰ। ਕੌਣ ਇਸਦੀ ਜ਼ਿੰਮੇਵਾਰੀ ਚੁੱਕੇਗਾ?"

ਮੈਡਮ ਬੋਲੀ, "ਮਿਸ ਆਸ਼ਾ ਰਾਮ। ਉਹ ਚੰਡੀਗੜ੍ਹ ਵਿਚ 'ਭਾਰਤ ਸਕਾਊਟਸ ਐਂਡ ਗਾਈਡਜ਼' ਦੀ ਡਾਇਰੈਕਟਰ ਹੈ। ਮੈਂ ਤੁਹਾਨੂੰ ਉਸ ਦੇ ਨਾਮ ਦੀ ਚਿੱਠੀ ਦੇ ਰਹੀ ਹਾਂ। ਜਿੰਨਾ ਚਿਰ ਤੁਹਾਡਾ ਕੋਈ ਬੰਦੋਬਸਤ ਨਹੀਂ ਹੁੰਦਾ, ਸ਼ਰਨ ਓਨੇ ਚਿਰ ਤਕ ਉਸਦੇ ਘਰ ਠਹਿਰ ਸਕਦੀ ਹੈ। ਅੱਗੋਂ ਮਰਜੀ ਤੁਹਾਡੀ।" ਕਹਿ ਉਸ ਆਪਣੀ ਗੱਲ ਮੁਕਾਅ ਦਿੱਤੀ ।

ਚੰਡੀਗੜ੍ਹ ਨੂੰ ਉਦੋਂ ਪਤਾ ਨਹੀਂ ਕਿਉਂ ਇੱਕ ਹਊਆ ਸਮਝਿਆ ਜਾਂਦਾ ਸੀ। ਪਰ ਹੁਣ ਪਿਤਾ ਜੀ ਕੋਲ ਮਿਸਿਜ਼ ਰੰਗੂਰਾ ਦੀ ਗੱਲ ਨੂੰ ਕੱਟਣ ਲਈ ਕੋਈ ਬਹਾਨਾ ਨਹੀਂ ਸੀ। ਮੈਨੂੰ ਨੌਕਰੀ ਉੱਤੇ ਭੇਜਣ ਦਾ ਫ਼ੈਸਲਾ ਪ੍ਰਵਾਨ ਹੋ ਗਿਆ। ਮੈਂ ਬਹੁਤ ਖੁਸ਼ ਹੋਈ । ਉਹਨਾਂ ਤੋਂ ਰੁੱਕਾ ਲੈ ਅਸੀਂ ਮਿਸ ਆਸ਼ਾ ਰਾਮ ਦੇ ਘਰ ਆ ਗਏ। ਜਿੱਥੇ ਅੱਜ ਕੱਲ੍ਹ ਸਤਾਈ ਸੈਕਟਰ ਵਾਸਿਆ ਹੋਇਆ ਹੈ, ਇੱਥੇ ਨਗਲਾ ਪਿੰਡ ਦਾ ਸਕੂਲ ਸੀ, ਜਿਸ ਵਿੱਚ ਮੈਂ ਬਤੌਰ ਅਧਿਆਪਕ ਜੌਇਨ ਕਰ ਲਿਆ। ਇੱਕ ਹਫ਼ਤਾ ਮਿਸ ਆਸ਼ਾ ਰਾਮ ਦੇ ਘਰ ਰਹਿਣ ਤੋਂ ਬਾਅਦ ਮੈਂ ਇੱਕ ਅਧਿਆਪਕਾ, ਜੋ ਇੱਕਲੀ ਰਹਿੰਦੀ ਸੀ, ਨਾਲ ਕਮਰਾ ਸ਼ੇਅਰ ਕਰ, ਇਕੱਠਿਆਂ ਰਹਿਣਾ ਸ਼ੁਰੂ ਕਰ ਦਿੱਤਾ। ਮੁੰਡੇ ਇਕੱਲੇ ਕਿਤੇ ਵੀ ਰਹਿਣ ਪਰ ਕੁੜੀਆਂ ਨੂੰ ਬਾਹਰ ਇਕੱਲਿਆਂ ਭੇਜਣਾ ਮਾਪਿਆਂ ਨੂੰ ਸਭ ਤੋਂ ਔਖਾ ਕੰਮ ਜਾਪਦਾ ਸੀ ਉਦੋਂ, ਤੇ ਸ਼ਾਇਦ ਅੱਜ ਵੀ ਇੰਝ ਹੀ ਹੈ, ਸਾਡੀ ਮਾਨਸਿਕਤਾ ਵਿੱਚ। ਮੇਰੇ ਘਰਦਿਆਂ ਨੂੰ ਫੇਰ ਮੇਰ ਫ਼ਿਕਰ ਲੱਗ ਗਿਆ। ਅਖੀਰ ਫ਼ੈਸਲਾ ਇਹ ਹੋਇਆ ਕਿ ਮਾਂ ਮੇਰੇ ਕੋਲ ਆਣ ਕੇ ਰਹੇਗੀ। ਆਖਿਰ ਮਾਂ ਚੰਡੀਗੜ੍ਹ ਆ ਗਈ। ਅਸੀਂ ਦੋਵੇਂ ਮਾਵਾਂ ਧੀਆਂ ਕਮਰਾ ਕਿਰਾਏ ਉੱਤੇ ਲੈ ਕੇ ਰਹਿਣ ਲੱਗੀਆਂ। ਮੇਰੀ ਮੁਸ਼ਕਿਲ ਦਾ ਹੱਲ ਤਾਂ ਹੋ ਗਿਆ ਪਰ ਇਕ ਹੋਰ ਨਵਾਂ ਮਸਲਾ ਬਣ ਗਿਆ। ਉਹ ਸੀ ਪਿੱਛੇ ਟੱਬਰ ਦੀ ਰੋਟੀ ਬਨਾਉਣ ਦਾ। ਰੋਟੀ ਟੁੱਕ ਬਨਾਉਣ ਦਾ ਕੰਮ ਸਿਰਫ਼ ਨਾਰਾਂ ਦੇ ਹਿੱਸੇ ਜੋ ਹੈ। ਇਸ ਮਸਲੇ ਤੋਂ ਨਿਜਾਤ ਪਾਉਣ ਲਈ ਮੇਰੇ ਘਰਦਿਆਂ ਨੇ ਇਕ ਸੌਖਾ ਅਤੇ ਸਥਾਈ ਹਲ ਲੱਭ ਲਿਆ। ਉਹ ਸੀ ਕਿ ਮੇਰਾ ਵਿਆਹ ਕਰ ਦਿੱਤਾ ਜਾਵੇ। ਮੈਨੂੰ ਵਿਆਹ ਦੀ ਉਦੋਂ ਰੱਤੀ ਸਮਝ ਨਹੀਂ ਸੀ ਕਿਉਂ ਜੋ ਹਾਲੇ ਸੋਲਾਂ ਸਤਾਰਾਂ ਵਰ੍ਹਿਆਂ ਦੀ ਹੀ ਸਾਂ। ਇਹ ਸੁਣ ਜਿਵੇਂ ਸੌ ਘੜਿਆਂ ਦਾ ਭਾਰ ਮੇਰੇ ਸਿਰ ਆਣ ਪਿਆ। ਮੈਂ ਬੋਝਲ ਜਿਹੀ ਮਹਿਸੂਸ ਕਰਨ ਲੱਗੀ। ਮੈਂ ਤਾਂ ਅਜੇ ਪੜ੍ਹਨਾ ਚਾਹੁੰਦੀ ਸਾਂ।

ਮੈਂ ਉਦੋਂ ਬੀਏ ਦੀ ਪੜ੍ਹਾਈ ਸ਼ੁਰੂ ਕਰ ਚੁੱਕੀ ਸਾਂ ਪਰ ਮੇਰੇ ਲਈ ਬੜੀ ਤੇਜੀ ਨਾਲ ਲੜਕੇ ਦੀ ਭਾਲ ਸ਼ੁਰੂ ਹੋ ਗਈ। ਇੱਕ ਮੁੰਡੇ ਬਾਬਤ ਪਤਾ ਲੱਗਾ ਜੋ ਹਾਈ ਕੋਰਟ ਵਿਚ ਵਕੀਲ ਸੀ। ਹਾਈ ਕੋਰਟ ਕੰਮ ਕਰਦੇ ਇੱਕ ਦੂਰ ਦੇ ਰਿਸ਼ਤੇਦਾਰ ਰਾਹੀਂ ਕਾਫ਼ੀ ਤਰੱਦਦ ਤੋਂ ਬਾਅਦ ਉਨ੍ਹਾਂ ਦਾ ਅਤਾ ਪਤਾ ਮਿਲਿਆ, ਜੋ ਪਾਕਿਸਤਾਨ ਤੋਂ ਉੱਜੜ ਕੇ ਆਏ ਸਨ ਅਤੇ ਪਟਿਆਲੇ ਰਹਿ ਰਹੇ ਸਨ। ਸਾਡੀ ਦੋਵ੍ਹਾਂ ਦੀ ਉਮਰ ਵਿੱਚ ਕਾਫ਼ੀ ਫ਼ਰਕ ਸੀ ਪਰ ਘਰ ਦੇ ਤਾਂ ਕਿਵੇਂ ਨਾ ਕਿਵੇਂ ਆਪਣੀ ਕਬੀਲਦਾਰੀ ਅਤੇ ਜੁੰਮੇਵਾਰੀ ਤੋਂ ਫ਼ਾਰਗ ਹੋਣਾ ਚਾਹੁੰਦੇ ਸਨ। ਉਦੋਂ ਕੋਈ ਬਹੁਤੀ ਜ਼ਿਆਦਾ ਰਾਇ ਵੀ ਨਹੀਂ ਮੰਗੀ ਜਾਂਦੀ ਸੀ ਕੁੜੀਆਂ ਕੋਲੋਂ। ਬਸ ਘਰਦਿਆਂ ਰਿਸ਼ਤਾ ਪੱਕਾ ਕਰ ਦਿੱਤਾ ਅਤੇ ਇੰਝ ਮੇਰਾ ਵਿਆਹ ਹੋ ਗਿਆ, ਸੱਤੀ ਨਾਲ। ਨਾਰੀ ਤਾਂ ਨਾਰੀ ਹੈ, ਜਿਸ ਕਿੱਲੇ ਨਾਲ ਬੱਝ ਦਿਤੀ ਉਸੇ ਦੀ ਹੋ ਕੇ ਰਹਿ ਜਾਂਦੀ ਹੈ। ਉਂਝ ਹਰ ਕੁੜੀ ਦੇ ਮਨ ਵਿੱਚ ਇੱਕ ਚਿਹਰਾ ਉਕਰਿਆ ਹੋਇਆ ਹੁੰਦਾ ਹੈ ਜੋ ਸ਼ਾਇਦ ਮੇਰੇ ਮਨ ਵਿੱਚ ਵੀ ਹੋਵੇ ਪਰ ਮੈਂ ਮੋਮਬੱਤੀ ਦੀ ਲਾਟ 'ਚੋਂ ਉੱਕਰੇ ਚਿਹਰੇ ਨੂੰ ਸੱਤੀ 'ਚੋਂ ਤਲਾਸ਼ਦੀ ਉਸ ਦੇ ਦੋ ਬੱਚਿਆਂ ਦੀ ਮਾਂ ਬਣ ਗਈ। ਸਮਾਂ ਆਪਣੀ ਚਾਲ ਚੱਲਦਾ ਰਹਿੰਦਾ ਹੈ, ਉਹ ਕਦੇ ਕਿਸੇ ਦਾ ਇੰਤਜ਼ਾਰ ਕਰਨ ਲਈ ਰੁਕਦਾ ਨਹੀਂ ਅਤੇ ਮੈਂ ਸਮੇਂ ਦੀ ਰੌਂਅ ਨਾਲ ਚੱਲਦੀ ਨੌਕਰੀ ਦੇ ਨਾਲ ਨਾਲ ਆਪਣੀ ਕਬੀਲਦਾਰੀ ਵਿੱਚ ਵੀ ਖੁਭਦੀ ਗਈ।

ਪਰ ਮੈਂ ਤਾ ਅਜੇ ਹੋਰ ਪੜ੍ਹਨਾ

ਚਾਹੁੰਦੀ ਸਾਂ। ਉੱਚੀਆਂ ਉਡਾਰੀਆਂ ਲਾਉਣਾ ਚਾਹੁੰਦੀ ਸਾਂ। ਵਿਚਾਰਾਂ ਦੇ ਸਮੁੰਦਰ ਵਿੱਚ ਗੋਤੇ ਲਾਉਂਦਿਆਂ ਮੇਰੇ ਅੰਦਰ ਜਜ਼ਬਿਆਂ ਦੇ ਅਥਾਹ ਸਮੁੰਦਰ ਠਾਠਾਂ ਮਾਰ ਰਹੇ ਸਨ। ਉਨ੍ਹਾਂ ਜਜ਼ਬਿਆਂ ਅਤੇ ਖਿਆਲਾਂ ਨੂੰ ਮੈਂ ਕਾਗਜਾਂ ਉੱਤੇ ਉੱਕਰਨਾ ਸ਼ੁਰੂ ਕਰ ਦਿੱਤਾ। "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ" ਵਾਲੀ ਗੱਲ ਹੋਈ। ਘਰੇਲੂ ਕੰਮਾਂ ਦੇ ਨਾਲ ਨਾਲ ਮੈਂ ਇੱਕ ਹੋਰ ਕੰਮ 'ਲਿਖਣ ਦਾ' ਆਪੇ ਹੀ ਸਹੇੜ ਲਿਆ ਸੀ। ਪਤਾ ਨਹੀਂ ਕਦੋਂ ਅਤੇ ਕਿਵੇਂ ਮੈਂ ਲੇਖਕ ਮਿਲਣੀਆਂ ਅਤੇ ਕਹਾਣੀ ਦਰਬਾਰਾਂ ਵਿੱਚ ਜਾਣ ਲੱਗ ਪਈ।

ਨਾਰੀ ਦਾ ਲੇਖਿਕਾ ਹੋਣਾ ਕੋਈ ਸੌਖਾ ਕੰਮ ਨਹੀਂ! ਦਿਮਾਗ਼ੀ ਅਤੇ ਜਜ਼ਬਾਤੀ ਪਤਾ ਨਹੀਂ ਕਿੰਨੇ ਕੁ ਖ਼ਤਰੇ ਹੰਢਾਉਣੇ ਪਏ ਸੀ, ਇੱਕ ਨਿੱਜਤਾ ਵਾਲੀ ਥਾਂ ਨੂੰ ਜਨਮ ਦੇਣ ਲਈ। ਆਰਥਿਕ ਗੁਲਾਮੀ ਹੀ ਨਹੀਂ, ਪਤਾ ਨਹੀਂ ਕਿੰਨੇ ਕਿਸਮ ਦੀ ਮਾਨਸਿਕ ਅਤੇ ਸਮਾਜਿਕ ਗੁਲਾਮੀ ਨਾਰੀ ਦੇ ਪੱਲੇ ਨਾਲ ਹਮੇਸ਼ਾ ਬੱਝੀ ਰਹਿੰਦੀ ਹੈ। ਪਰ ਇਸ ਮਰਦ ਪ੍ਰਧਾਨ ਸਮਾਜ 'ਚ ਵਿਚਰਦਿਆਂ ਆਪਣਾ ਪੱਲਾ ਹਮੇਸ਼ਾ ਸਾਂਭ ਕੇ ਰੱਖਿਆ। ਤਕਲੀਫ਼ ਨੂੰ ਅੰਦਰ ਹੀ ਅੰਦਰ ਪੀ ਜਾਣ ਦੀ ਅਣਮੁੱਕ ਤਾਕਤ ਜੋ ਸੀ ਕੋਲ ਪਰ ਕਈ ਵੇਰ ਚੁੱਪ ਦੀ ਭਾਸ਼ਾ ਨੂੰ ਤਿਆਗ ਕੇ ਆਪਣੇ ਅੰਦਰਲੇ ਉਤਾਰ ਚੜ੍ਹਾਵਾਂ ਨੂੰ ਜੱਗ ਜ਼ਾਹਿਰ ਕਰਨ ਦੀ ਕੋਸ਼ਿਸ਼ ਵੀ ਕੀਤੀ। ਘਰ ਨੂੰ ਖੁਸ਼ਹਾਲ ਰੱਖਣ ਲਈ ਸ਼ੌਕ ਅਤੇ ਬੰਦਿਸ਼ ਦੋਵ੍ਹਾਂ ਵਿੱਚ ਬੈਲੰਸ ਬਣਾਅ ਕੇ ਰੱਖਿਆ। ਲੋਕੀ ਤਾਂ ਚਿਹਰਿਆਂ ਉੱਤੇ ਤਰ੍ਹਾਂ-ਤਰ੍ਹਾਂ ਦੇ ਮੁਖੌਟੇ ਚੜ੍ਹਾਈ ਫਿਰਦੇ ਹਨ, ਮੇਰੀ ਜਾਚੇ ਨਾਰੀ ਓਹੀਓ ਏ ਜੋ ਬੋਚ ਬੋਚ ਕੇ ਪੱਬ ਰੱਖੇ। ਪਰ ਜਦੋਂ ਸੋਚ ਠੋਸ ਅਤੇ ਨਿਡਰ ਹੋਵੇ ਫੇਰ ਖਤਰਾ ਕਿਹੜੀ ਗੱਲ ਦਾ -- 'ਆਪਣਾ ਮਨ ਚੰਗਾ ਤੋ ਕਠੌਤੀ ਵਿੱਚ ਗੰਗਾ'। (*ਸੰਤ ਰਵਿਦਾਸ- ਆਪਣਾ ਮਨ ਸਾਫ਼ ਹੈ ਤਾਂ ਜੁੱਤੇ ਭਿਓਣ ਵਾਲੇ ਭਾਂਡੇ ਵਿਚ ਹੀ ਗੰਗਾ)

ਮੈਂ ਮੁਸ਼ਾਇਰਿਆਂ ਵਿੱਚ ਲਗਾਤਾਰ ਜਾਂਦੀ ਰਹੀ। ਆਦਮੀ ਲੋਕ ਬੇਸ਼ੱਕ ਖੁਸ਼ ਨਹੀਂ ਹੁੰਦੇ ਪਰ ਸੱਤੀ ਬੜਾ ਹੀ ਜ਼ਹੀਨ ਅਤੇ ਦਰਿਆਦਿਲ ਬੰਦਾ ਸੀ, ਇਸ ਮਾਮਲੇ ਵਿੱਚ। ਉਸ ਕਦੀ ਬਹੁਤਾ ਰੋਕਿਆ ਟੋਕਿਆ ਨਹੀਂ ਸੀ, ਸ਼ਾਇਦ ਇਸੇ ਲਈ ਮੇਰੀਆਂ ਲਿਖਤਾਂ ਪ੍ਰਵਾਨ ਚੜ੍ਹੀਆਂ। ਮੈਂ ਜੋ ਕੁਝ ਵੀ ਕਾਗਜ਼ਾਂ ਉੱਤੇ ਝਰੀਟਦੀ ਉਹ ਮੇਰੀਆਂ ਕਵਿਤਾਵਾਂ ਅਤੇ ਕਹਾਣੀਆਂ ਬਣ ਜਾਂਦੀਆਂ। ਜਿਨ੍ਹਾਂ ਤੋਂ ਜਨਮ ਲੈਂਦੀਆਂ ਮੇਰੀਆਂ ਕਿਤਾਬਾਂ ਅਤੇ ਉਨ੍ਹਾਂ ਜਿਲਦਾਂ ਉੱਤੇ ਆਪਣਾ ਨਾਮ ਵੇਖ ਕੇ ਮੈਨੂੰ ਬੜਾ ਹੀ ਸਕੂਨ ਮਿਲਦਾ। ਅਮੀਰ ਸਭਿਆਚਾਰਕ ਵਿਰਸੇ ਦੀਆਂ ਲੋਕ ਮਨ-ਅੰਦਰਲੀਆਂ ਨੂੰ ਰਚਨਾਵਾਂ ਵਿੱਚ ਸਿਰਜਦੀ ਮੈਂ ਵਿਲੱਖਣ ਪੈੜਾਂ ਛੱਡਦੀ ਰਹੀ। ਸਮਾਜਕ ਰਿਸ਼ਤਿਆਂ ਤੋਂ ਮਨਫ਼ੀ ਹੋ ਰਹੀਆਂ ਸੰਵੇਦਨਾਵਾਂ ਅਤੇ ਲੋਕਾਈ ਦੀ ਪੀੜ ਨੂੰ ਉਭਾਰਦ,ੀ ਆਪਣੀ ਛਾਂ ਅਤੇ ਆਪਣਾ ਅਕਸ ਛੱਡਦੀ ਦਿਸਦੇ-ਅਣਦਿਸਦੇ ਸੁੱਕੇ ਅੱਥਰੂ ਕੇਰਦੀ। ਪਰ ਕਲਮਾਂ ਵਾਲੀਆਂ, ਲਿਖਤ ਦੀਆਂ ਸ਼ੈਦਾਈ ਨਾਰਾਂ ਨੂੰ ਕਲਮ ਘਸਾਈ ਕਰਨੀ ਅਤੇ ਗ੍ਰਿਹਸਥ ਨੂੰ ਚਲਾਉਣਾ ਖੰਡੇ ਦੀ ਧਾਰ 'ਤੇ ਟੁਰਨ ਦੇ ਬਰਾਬਰ ਹੈ ਪਰ ਮੈਂ ਖੰਡੇ ਦੀ ਧਾਰ 'ਤੇ ਟੁਰੀ ਸਾਂ ।

ਹੱਸਣ ਖੇਡਣ ਵਾਲੀ ਉਮਰ ਜ਼ਿੰਦਗੀ ਦੇ ਸੰਘਰਸ਼ ਵਿੱਚ, ਅੱਖ ਦੇ ਫੋਰ ਵਿੱਚ ਨਿੱਕਲ ਗਈ। ਮੇਰੀ ਇੱਛਾ ਅਜੇ ਅੱਗੇ ਹੋਰ ਪੜ੍ਹਨ ਦੀ ਸੀ ਅਤੇ ਆਪਣੇ ਨਾਮ ਨਾਲ ਡਾਕਟਰ ਲਾਉਣ ਦੀ। ਪਰ ਸੱਤੀ ਨਹੀਂ ਚਾਹੁੰਦੇ ਸਨ ਕਿ ਮੈਂ ਅੱਗੇ ਪੜ੍ਹਾਂ। ਉਹ ਤਾਂ ਚਾਹੁੰਦੇ ਸਨ ਕਿ ਮੈਂ ਘਰ ਦਾ ਕੰਮ ਕਰਾਂ ਅਤੇ ਬੱਚਿਆਂ ਦੀ ਦੇਖ ਭਾਲ ਕਰਾਂ ਬਸ। ਪਰ ਮੈਂ ਤਾਂ ਬਜ਼ਿੱਦ ਸਾਂ ਅੱਗੇ ਪੜ੍ਹਨ ਲਈ। ਉਸ ਲਈ ਛੁੱਟੀ ਲੈ ਕੇ ਕਾਲਜ ਜਾਣਾ ਪੈਣਾ ਸੀ। ਛੁੱਟੀ ਵੀ ਮਿਲਣੀ ਸੀ ਬਿਨਾ ਤਨਖਾਹ ਦੇ। ਅਤੇ ਇਹ ਇੱਕ ਔਖਾ ਕੰਮ ਸੀ ਪਰ ਮੈਂ ਇਹ ਵੀ ਕੀਤਾ। ਇਸ ਦੀ ਕੀਮਤ ਮੈਨੂੰ ਆਪਣੀ ਜਿੰਦ ਨਾਲ ਚੁਕਾਉਣੀ ਪਈ। ਮੈਂ ਇੱਕ ਮਜ਼ਦੂਰ-ਕਾਮੇ ਵਾਂਗ ਮਸ਼ੀਨ ਬਣ ਕੇ ਰਹਿ ਗਈ ਸਾਂ। ਕਈ ਵੇਰ ਸਮਾਜਕ ਹਲਾਤ ਇੰਨੇ ਜ਼ਾਲਮ ਹੋ ਜਾਂਦੇ ਹਨ ਕਿ ਤੋੜ ਕੇ ਰੱਖ ਦਿੰਦੇ ਹਨ ਪਰ ਜੇ ਘਰ ਵਾਲਿਆਂ ਦਾ ਸਹਿਯੋਗ ਹੋਵੇ ਤਾਂ ਮੰਜ਼ਿਲ ਸਹਿਜੇ ਹੀ ਮਿਲ ਜਾਂਦੀ ਹੈ। ਮਿਹਨਤ ਅਤੇ ਪਤੀ ਦੇ ਸਹਿਯੋਗ ਸਦਕਾ ਮੇਰੀ ਖਾਹਸ਼ ਪੂਰੀ ਹੋ ਗਈ ਅਤੇ ਹੁਣ ਮੇਰੇ ਨਾਮ ਨਾਲ ਡਾਕਟਰ ਲੱਗ ਚੁੱਕਾ ਸੀ।

ਜਦੋਂ ਜ਼ਿੰਦਗੀ ਦੀ ਗੱਡੀ ਮੁੜ ਲੀਹ ਉੱਤੇ ਪਰਤਣ ਲੱਗੀ ਤਾਂ ਹਾਦਸਾ ਵਾਪਰ ਗਿਆ। ਜਿਸ ਪੁਰਖ ਨਾਲ ਮੈਂ ਸਤਾਰਾਂ ਸੈਕਟਰ ਦੀ ਲਾਇਬ੍ਰੇਰੀ ਵਿੱਚ ਕਿਤਾਬਾਂ ਕਢਵਾਉਣ ਜਾਂਦੀ ਸਾਂ ਅਤੇ ਜੋ ਮੇਰੀਆਂ ਲਿਖਤਾਂ ਦਾ ਪਹਿਲਾ ਪਾਠਕ ਬਣ ਕੇ ਹੱਲਾਸ਼ੇਰੀ ਦਿੰਦਾ ਸੀ, ਉਹ ਵਿੱਛੜ ਗਿਆ। ਇਹ ਵਿਛੋੜਾ ਸਦੀਵੀਂ ਸੀ। ਹੁਣ ਮੈਂ ਇੱਕਲੀ ਪੈ ਗਈ ਸਾਂ। ਇਕਲਾਪੇ ਤੋਂ ਬਚਣ ਲਈ ਮੈਂ ਆਪਣੇ ਆਪ ਨੂੰ ਕਿਤਾਬਾਂ ਨਾਲ ਜੋੜੀ ਰੱਖਦੀ। ਬੀ ਐੱਡ ਤੋਂ ਬਾਅਦ ਸੋਲਾਂ ਸੈਕਟਰ ਦੇ ਸਕੂਲ ਵਿੱਚ ਬਦਲੀ ਹੋ ਗਈ। ਪੂਰੇ ਪੰਜ ਕੋਹ ਵਾਟ ਸਕੂਲ ਨੂੰ ਅਤੇ ਕਵੀ ਦਰਬਾਰਾਂ ਵਿੱਚ, ਪੈਦਲ ਹੀ ਜਾਂਦੀ। ਸਕੂਲ ਵਿੱਚ ਬੜੀ ਮਿਹਨਤ ਕੀਤੀ, ਬੜੇ ਰਾਸ਼ਟਰੀ ਅਤੇ ਸਟੇਟ ਅਵਾਰਡ ਹਾਸਲ ਕੀਤੇ ਕਿਉਂਕਿ ਜਦੋਂ ਮਨ ਸਾਫ਼ ਹੋਵੇ ਅਤੇ ਇਮਾਨਦਾਰੀ ਨਾਲ ਮਿਹਨਤ ਕੀਤੀ ਹੋਵੇ ਤਾਂ ਪਰਮਾਤਮਾ ਆਪੇ ਹੀ ਸਾਰੇ ਕਾਰਜ ਰਾਸ ਕਰਦਾ ਹੈ।

ਸਕੂਲ ਵਿੱਚ ਵੀ ਮਿਹਨਤ ਕੀਤੀ ਅਤੇ ਲਿਖਣ ਦੇ ਖੇਤਰ ਵਿੱਚ ਵੀ ਪਰ ਕਿਸੇ ਵੀ ਕੀਮਤ ਉੱਤੇ ਆਪਣੇ ਘਰ ਨੂੰ ਨਹੀਂ ਵਿਸਾਰਿਆ। ਆਪਣੇ ਬੱਚਿਆਂ ਨੂੰ ਪੂਰਾ ਸਮਾਂ ਦਿੱਤਾ, ਪੜ੍ਹਾਇਆ ਲਿਖਾਇਆ, ਯੋਗ ਬਣਾਇਆ ਅਤੇ ਦੋਵ੍ਹੇਂ ਬੱਚੇ ਡਾਕਟਰ ਬਣਾਏ। ਕੁੜੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੀ ਹੈ ਅਤੇ ਬੇਟਾ....

ਅਤੇ ਬੇਟਾ? ਬੇਟਾ ਕਿਥੇ ਏ ਡਾਕਟਰ? ਪੀਜੀਆਈ ਵਿੱਚ ਸੀ ....

ਕਹਿੰਦੇ ਕਹਿੰਦੇ ਉਸ ਦਾ ਗੱਚ ਭਰ ਆਇਆ।

"ਸੀ ਮਤਲਬ? .... ਦੱਸੋ-ਦੱਸੋ...ਤੁਸੀਂ ਚੁੱਪ ਕਿਉਂ ਕਰ ਗਏ।"

ਮੈਂ ਟੇਬਲ ਉੱਤੇ ਪਿਆ ਪਾਣੀ ਦਾ ਗਲਾਸ ਉਨ੍ਹਾਂ ਨੂੰ ਫੜਾਇਆ। ਪਾਣੀ ਦਾ ਘੁੱਟ ਪੀ ਉਨ੍ਹਾਂ ਠੰਡਾ ਹਉਕਾ ਭਰਿਆ।

ਫੇਰ ਕਿੰਨਾ ਚਿਰ ਉਦਾਸ ਜਿਹੀ

# ਅਨਾਮ ਰਿਸ਼ਤਾ

ਚੁੱਪ ਪਸਰੀ ਰਹੀ। ਕੁਝ ਚਿਰ ਬਾਅਦ ਉਹ ਆਪਣੇ ਆਪ ਨੂੰ ਸੰਭਾਲਦਿਆਂ ਬੋਲੇ,

'ਬੇਟਾ ਸੀ ਰਮਨ…''

''ਹੈਂ! ਡਾਕਟਰ ਰਮਨ!!'' ਮੈਨੂੰ ਵੀ ਇੱਕ ਦਮ ਠੰਢੀ ਤ੍ਰੇਲ਼ੀ ਆ ਗਈ। ਮੇਰੇ ਹੱਥੋਂ ਪੈੱਨ ਡਿੱਗ ਪਿਆ। ਮੈਂ ਅਵਾਕ ਵੇਖੀ ਜਾ ਰਿਹਾ ਸਾਂ, ਸੁੰਨ ਜਿਹਾ, ਉਨ੍ਹਾਂ ਪੈੱਨ ਚੁੱਕ ਕੇ ਮੈਨੂੰ ਫੜਾਉਂਦਿਆਂ ਕਿਹਾ ,

''ਤੁਸੀਂ ਜਾਣਦੇ ਸਉ ਰਮਨ ਨੂੰ?''

ਕੁਝ ਚਿਰ ਬਾਅਦ ਮੈਂ ਆਪਣੇ ਆਪ ਨੂੰ ਸੰਭਾਲਦਿਆਂ ਬੋਲਿਆ,

''ਜਾਣਦਾ ਨਹੀਂ .. ਬਹੁਤ ਚੰਗੀ ਤਰਾਂ ਜਾਣਦਾ ਹਾਂ… ਉਸ ਇੱਕ ਵੇਰ ਮੇਰੀ ਜਾਨ ਬਚਾਈ ਸੀ। ਉਹ ਤਾਂ ਬੜਾ ਹੀ ਜ਼ਹੀਨ ਬੰਦਾ ਸੀ, ਹਸਮੁਖ ਅਤੇ ਮਿਲਣਸਾਰ। ਉਹ ਮੇਰੇ ਸਾਲੇ ਦਾ ਦੋਸਤ ਸੀ, ਅਤੇ ਡਾਕਟਰ ਰਮੇਸ਼ ਨਾਲ, ਮੇਰੇ ਸਹੁਰੇ ਘਰ ਅਕਸਰ ਮੈਨੂੰ ਮਿਲ ਜਾਂਦਾ ਸੀ।''

ਮੇਰਾ ਇੱਕ ਦਮ ਦਿਮਾਗ ਘੁੰਮ ਗਿਆ - ਪੁਰਾਣੀਆਂ ਯਾਦਾਂ ਤਾਜ਼ਾ ਹੋ ਉਠੀਆਂ। ਮੇਰੀ ਗਰਦਨ ਉੱਤੇ ਗਿਲਟੀ ਹੋ ਗਈ ਸੀ। ਟੈਸਟ ਕਰਵਾਉਣ ਉੱਤੇ ਪਤਾ ਚੱਲਿਆ ਕਿ ਕੈਂਸਰ ਹੈ। ਸੁਭਾਵਕ ਸੀ ਕਿ ਸਭ ਤੋਂ ਪਹਿਲਾਂ ਰਾਇ ਡਾਕਟਰ ਰਮੇਸ਼ ਜਾਂ ਰਮਨ ਤੋਂ ਲਈ ਜਾਂਦੀ ਸੀ। ਫ਼ੈਸਲਾ ਇਹ ਹੋਇਆ ਕਿ ਪਹਿਲਾਂ ਅਪਰੇਸ਼ਨ ਕਰਵਾਅ ਕੇ ਗਿਲਟੀ ਕੱਢੀ ਜਾਵੇ। ਡਾ. ਰਮਨ ਓਦੋਂ ਪੀਜੀਆਈ ਵਿੱਚ ਸਰਜਨ ਸੀ। ਪਤਾ ਨਹੀਂ ਕਦੋਂ ਉਸ ਤੋਂ ਡੇਟ ਲੈ ਲਈ ਅਤੇ ਅਪਰੇਸ਼ਨ ਲਈ ਲੋੜੀਂਦਾ ਸਮਾਨ। ਮੈਨੂੰ ਤਾਂ ਬਸ ਏਨਾ ਪਤਾ ਸੀ ਕਿ ਆਉਂਦੇ ਬੁੱਧਵਾਰ ਮੇਰਾ ਅਪਰੇਸ਼ਨ ਹੋ ਰਿਹਾ ਸੀ, ਪੀਜੀਆਈ ਦੀ ਪੰਜਵੀਂ ਮੰਜ਼ਿਲ ਉੱਤੇ ਬਣੇ ਅਪਰੇਸ਼ਨ ਥੀਏਟਰ ਵਿੱਚ। ਅਤੇ ਡਾਕਟਰ ਰਮਨ ਮੇਰੇ ਨਾਲ ਖੜ੍ਹਾ ਸੀ। ਮੈਨੂੰ ਅਪਰੇਸ਼ਨ ਹੋਣ ਤੋਂ ਟਾਂਕੇ ਕੱਟਣ ਤੱਕ ਕੰਡੇ ਜਿੰਨੀ ਵੀ ਤਕਲੀਫ਼ ਨਹੀਂ ਸੀ ਹੋਣ ਦਿੱਤੀ ਉਸ।

ਕੁਝ ਦਿਨਾਂ ਬਾਅਦ ਮੈਂ ਦਸ਼ਹਿਰੇ ਦਾ ਤਿਓਹਾਰ ਮਨਾਉਣ ਲਈ ਆਪਣੇ ਜੱਦੀ ਪਿੰਡ ਪਾਇਲ ਆਇਆ ਹੋਇਆ ਸੀ, ਜਿੱਥੇ ਥਾਣੇ ਦੇ ਲਾਗੇ, ਪੱਕਾ, ਰਾਵਣ ਦਾ ਬੁੱਤ ਬਣਿਆ ਹੋਇਆ ਹੈ, ਵੀਹ ਫੁੱਟ ਉੱਚਾ। ਅਸੀਂ ਸਵੇਰੇ ਚਾਈਂ ਚਾਈਂ ਮੱਥਾ ਟੇਕ ਕੇ ਅਤੇ ਜੌਂ ਟੰਗ ਕੇ ਹਟੇ ਹੀ ਸਾਂ ਕਿ ਡਾਕਟਰ ਰਮੇਸ਼ ਦਾ ਫ਼ੋਨ ਆਇਆ। ਉਸ ਪੁੱਛਿਆ, "ਕਿੱਥੇ ਹੋ?"

ਮੈਂ ਜਵਾਬ ਦਿੱਤਾ, ''ਪਿੰਡ ਆਇਆ ਹੋਇਆਂ ਦਸ਼ਹਿਰੇ ਦਾ ਮੱਥਾ ਟੇਕਣ।"

ਉਹ ਘਬਰਾਈ ਹੋਈ ਆਵਾਜ਼ ਵਿੱਚ ਫੇਰ ਬੋਲਿਆ, "ਇਕ ਬੜੀ ਭੈੜੀ ਖਬਰ ਹੈ --- ਡਾਕਟਰ ਰਮਨ ਦਾ ਐਕਸੀਡੈਂਟ ਹੋ ਗਿਆ ਹੈ।"

"ਹੈ! ਕਿੰਵ!!" ਮੈਂ ਘਬਰਾਹਟ ਵਿੱਚ ਪੁੱਛਿਆ।

"ਬਨਾਰਸ ਕਿਸੇ ਦਾ ਅਪਰੇਸ਼ਨ ਕਰ ਕੇ ਉਹ ਹਵਾਈ ਜਹਾਜ਼ ਵਿਚ ਦਿੱਲੀ ਆਇਆ ਅਤੇ ਉੱਥੋਂ ਟੈਕਸੀ ਫੜ ਲੁਧਿਆਣੇ ਆ ਰਿਹਾ ਸੀ, ਅਪੋਲੋ ਹਸਪਤਾਲ, ਜਿੱਥੇ ਉਸ ਨੇ ਇੱਕ ਹੋਰ ਮਰੀਜ਼ ਦੇ ਦਿਲ ਦਾ ਅਪਰੇਸ਼ਨ ਕਰ ਕੇ ਉਸ ਦੀ ਜਾਨ ਬਚਾਉਣੀ ਸੀ। ਪਰ ਦੋਰਾਹੇ ਕੋਲ ਸੜਕ ਉੱਤੇ ਖੜ੍ਹੇ ਇੱਕ ਟਰੱਕ ਵਿੱਚ ਉਸਦੀ ਟੈਕਸੀ ਵੱਜੀ ਅਤੇ ਮੌਕੇ ਉੱਤੇ ਹੀ ਉਸ ਦੀ ……..''

ਕਹਿੰਦਿਆਂ ਕਹਿੰਦਿਆਂ ਉਸ ਦਾ ਗੱਚ ਭਰ ਆਇਆ।

ਉਹ ਥੋੜ੍ਹਾ ਰੁਕ ਕੇ ਫੇਰ ਬੋਲਿਆ, "ਇਸ ਵੇਲੇ ਉਹ ਪਾਇਲ ਥਾਣੇ ਵਿੱਚ ਹੈ। ਤੁਸੀਂ ਉਸਦਾ ਪੋਸਟ ਮਾਰਟਮ ਕਰਵਾਅ ਕੇ ਬੱਾਡੀ ਜਲਦੀ ਭਿਜਵਾਅ ਦੇਣਾ।"

ਮੇਰੇ ਲਈ ਇਹ ਬਹੁਤ ਹੀ ਦਰਦਨਾਕ ਖਬਰ ਸੀ। ਪਲ ਭਰ ਲਈ ਮੈਂ ਸੁੰਨ ਜਿਹਾ ਹੋ ਗਿਆ। ਮੈਂ ਹੌਂਸਲਾ ਜੁਟਾਇਆ, ਆਪਣੇ ਦੋਸਤ ਸਤੀਸ਼ ਚੌਧਰੀ ਨੂੰ ਨਾਲ ਲਿਆ, ਜੋ ਮਿਉਂਸਪਲ ਕਮੇਟੀ ਦਾ ਪ੍ਰਧਾਨ ਸੀ, ਅਤੇ ਸਿੱਧਾ ਠਾਣੇ ਜਾ ਪਹੁੰਚਿਆ। ਦੇਖਦਿਆਂ ਹੀ ਮਨ ਦੁਖੀ ਹੋ ਗਿਆ। ਉੱਚਾ ਲੰਮਾ ਹਸਮੁਖ ਨੌਜਵਾਨ ਡਾਕਟਰ ਜੋ ਮਰੀਜ਼ਾਂ ਨੂੰ ਤੰਦਰੁਸਤ ਕਰ ਕੇ ਜ਼ਿੰਦਗੀ ਬਖ਼ਸ਼ਦਾ ਸੀ, ਇੱਕ ਲਾਸ਼ ਬਣੀ ਪਿਆ ਸੀ। ਕੇਹਾ ਇੱਤੇਫ਼ਾਕ ਸੀ, ਜਿਸ ਵਿਅਕਤੀ ਨੇ ਕਦੀ ਮੈਨੂੰ ਮੌਤ ਦੇ ਮੂੰਹ ਵਿੱਚੋਂ ਬਚਾਇਆ ਸੀ ਮੈਂ ਉਸ ਦੀ ਮੌਤ ਦੀਆਂ ਆਖਰੀ ਕਾਰਵਾਈਆਂ ਆਪਣੇ ਹੀ ਪਿੰਡ ਦੇ ਹਸਪਤਾਲ ਵਿੱਚ ਪੂਰੀਆਂ ਕਰਵਾਅ ਰਿਹਾ ਸੀ।

ਕਿਉਂਕਿ ਦਸ਼ਹਿਰੇ ਦਾ ਮੱਥਾ ਟੇਕ ਚੁੱਕਾ ਸਾਂ, ਮੇਰੇ ਮੱਥੇ ਉੱਤੇ ਇੱਕ ਵੱਡਾ ਸਾਰਾ ਟਿੱਕਾ ਲੱਗਾ ਹੋਇਆ ਸੀ। ਡਾਕਟਰ ਮੇਰੇ ਵੱਲ ਵੇਖਦਾ ਬੋਲਿਆ, "ਕੀ ਰਿਸ਼ਤਾ ਏ ਤੁਹਾਡਾ ਸਰਦਾਰ ਸਾਹਿਬ ਨਾਲ?"

ਮੈਂ ਅਵਾਕ ਵੇਖੀ ਜਾ ਰਿਹਾ ਸਾਂ। ਕੀ ਦੱਸਦਾ ਕਿ ਕਿਹੜਾ ਰਿਸ਼ਤਾ ਹੈ। ਕੁਝ ਰਿਸ਼ਤਿਆਂ ਦੇ ਨਾਮ ਨਹੀਂ ਹੁੰਦੇ।

ਇੱਕ ਉਦਾਸ ਜਿਹੀ ਸ਼ਾਮ ਢਲ ਚੁੱਕੀ ਸੀ। ਉਸਦੀ ਲਾਸ਼ ਨੂੰ ਭਿਜਵਾਅ ਕੇ ਮੈਂ ਨਮੋਸ਼ਿਆ ਜਿਹਾ ਆਪਣੇ ਘਰ ਵੱਲ ਹੋ ਟੁਰਿਆ। ਕੁਝ ਤ੍ਰੀਮਤਾਂ ਚੁਰਾਹੇ ਵਿਚ ਮੋਮਬਤੀਆਂ ਅਤੇ ਦੀਵੇ ਬਾਲ ਰਹੀਆਂ ਸਨ। ਇੱਕ ਲਟ ਲਟ ਬਲਦੀ ਮੋਮਬੱਤੀ ਕੋਲ ਮੈਂ ਖਲੋਅ ਗਿਆ।

ਆਪਾ ਖਤਮ ਕਰਦੀ ਹੋਈ ਵੀ ਉਹ ਰੌਸ਼ਨੀ ਖਿਲਾਰ ਰਹੀ ਸੀ ।

-ਮੁਖੀ, ਔਰਥੋਪੀਡਿਕਸ, ਪੀਜੀਆਈ

ਅਨੁਵਾਦ: ਸੁਭਾਸ਼ ਭਾਸਕਰ

## ਗ੍ਰੀਨ ਹਾਊਸ ਗੈਸਾਂ (GHGs) ਕੀ ਹੁੰਦੀਆਂ ਹਨ?

ਆਬੋਹਵਾਈ ਗੈਸਾਂ ਹੁੰਦੀਆਂ ਹਨ ਕਾਰਬਨਡਾਇਔਕਸਾਈਡ, ਮੀਥੇਨ ਅਤੇ ਨਾਈਟ੍ਰਸ ਔਕਸਾਈਡ ਵਰਗੀਆਂ- ਜੋ ਕਿ ਸੂਰਜ ਤੋਂ ਆਉਂਦੀ ਗਰਮੀ ਨੂੰ ਕੈਦ ਕਰ ਲੈਂਦੀਆਂ ਹਨ। ਇਹ ਇੱਕ ਥਰਮਲ ਕੰਬਲ ਵਾਂਗ ਬਣ ਜਾਂਦੀਆਂ ਹਨ, ਧਰਤੀ ਨੂੰ ਏਨਾ ਕੁ ਨਿੱਘਾ ਰੱਖਦੀਆਂ ਕਿ ਜ਼ਿਦਗੀ ਪਨਪ ਸਕੇ, ਪਰ ਇਨਸਾਨੀ ਸਰਗਰਮੀਆਂ ਨੇ ਇਨ੍ਹਾਂ ਦੇ ਸੰਘਣੇਪੁਣੇ ਬਹੁਤ ਹੀਜ਼ਿਆਦਾ ਵਧਾਅ ਦਿੱਤੇ ਹਨ , ਜਿਸ ਨਾਲ ਵਿਸ਼ਵੀ ਤਾਪਮਾਨ ਵਧ ਰਿਹਾ ਹੈ।

# ਹਿਜੜੇ      ਮਨਮੋਹਨ ਸਿੰਘ

**ਮੈਨੂੰ** ਚੌਰਾਨਵੇਂ 'ਚ ਧੰਨਬਾਦ ਦਾ ਐੱਸਐੱਸਪੀ ਬਣਿਆਂ ਛੇ ਕੁ ਮਹੀਨੇ ਹੋ ਗਏ ਸਨ। ਧੰਨਬਾਦ ਦੀਆਂ ਸਵੇਰਾਂ ਬੜੀਆਂ ਰਮਣੀਕ ਤੇ ਮਨਮੋਹਕ ਹੁੰਦੀਆਂ...ਛੋਟਾ ਨਾਗਪੁਰ ਦਾ ਪਠਾਰੀ ਤੇ ਨੀਮ ਪਹਾੜੀ ਇਲਾਕਾ... ਸਵੇਰ ਵੇਲੇ ਠੰਡੀ ਹਵਾ ਚੱਲਦੀ। ਮੈਂ ਤੇ ਲਾਮਾ (ਪੁੱਤਰ- ਸੰ.) ਰੋਜ਼ ਕੋਠੀ ਦੇ ਸਾਹਮਣੇ ਹਰੇ ਭਰੇ ਲਾਅਨ ਵਿੱਚ ਟੈਨਿਸ ਗੇਂਦ ਨਾਲ ਕ੍ਰਿਕਟ ਦੀ ਫ਼ੀਲਡਿੰਗ ਦਾ ਅਭਿਆਸ ਕਰਦੇ। ਮੈਂ ਤੇਜ਼ ਰਫ਼ਤਾਰ ਨਾਲ ਗੇਂਦ ਸੁੱਟਦਾ ਤੇ ਲਾਮਾ ਕਦੇ ਸੱਜੇ ਕਦੇ ਖੱਬੇ ਬਾਜ਼ੀ ਮਾਰ ਕੇ ਗੇਂਦ ਬੁੱਕਦਾ...ਇੰਞ ਖੇਡ ਖੇਡ' ਚ ਸਾਡੀ ਦੋਹਾਂ ਦੀ ਚੰਗੀ ਕਸਰਤ ਹੋ ਜਾਂਦੀ...!

ਇਕ ਸਵੇਰ ਮੈਨੂੰ ਕੋਠੀ ਦੇ ਬਾਹਰ ਕੁਝ ਰੌਲਾ ਸੁਣਿਆ। ਮੈਂ ਸੰਤਰੀ ਨੂੰ ਹਾਕ ਮਾਰ ਕੇ ਪੁੱਛਿਆ ਕਿ 'ਬਾਹਰ ਕਿਸ ਬਾਤ ਕਾ ਸ਼ੋਰ ਹੋ ਰਹਾ ਹੈ' ਤਾਂ ਸੰਤਰੀ ਦਾ ਜਵਾਬ ਸੀ; "ਬਾਹਰ ਕੁਝ ਹਿਜੜਾ ਲੋਗ ਆਇਲ ਬਾਨੀ...ਹਜ਼ੂਰ ਸੇ ਮੁਲਾਕਾਤ ਕਰਨਾ ਚਾਹੀ...!"

ਮੈਂ ਪੁੱਛਿਆ; "ਕਯਾ ਮਸਲਾ ਬਾ...?"

"ਇਕਰਾ ਕੇ ਦੋ ਗੁੱਟੋਂ ਮੇਂ ਮਾਰ ਪੀਟ ਹੋ ਗਈਲ ਬਾ... ਏਕ ਦੋ ਕਾ ਤੋ ਮਾਥਾ ਫੁੱਟਲ ਬਾ...!!"

ਮੈਂ ਕਿਹਾ ਕਿ ਇਨ੍ਹਾਂ ਦੋਵ੍ਹਾਂ ਧੜਿਆਂ ਦੇ ਤਿੰਨ ਤਿੰਨ ਜਣਿਆਂ ਨੂੰ ਵਿਜ਼ਿਟਰ ਰੂਮ ਵਿੱਚ ਬਿਠਾਅ...ਮੈਂ ਕੁਝ ਦੇਰ ਬਾਅਦ ਮਿਲਦਾਂ।

ਮੈਂ ਜਲਦੀ ਜਲਦੀ ਤਿਆਰ ਹੋ ਕੇ ਆਪਣੇ ਕੈਂਪ ਆਫ਼ਿਸ' ਚ ਦੋਹਾਂ ਪੱਖਾਂ ਦੇ ਮੋਹਤਬਰਾਂ ਨੂੰ ਬੁਲਾਅ ਲਿਆ। ਉਹ ਝਰੀਆ ਥਾਣੇ ਤੋਂ ਆਏ ਸਨ। ਝਰੀਆ ਆਪਣੀਆਂ ਕੋਲੇ ਦੀਆਂ ਖਾਣਾਂ ਕਰਕੇ ਸਭ ਤੋਂ ਵੱਧ ਅਮੀਰ ਇਲਾਕਾ ਮੰਨਿਆ ਜਾਂਦਾ ਸੀ। ਥਾਣੇਦਾਰ ਨੇ ਉਨ੍ਹਾਂ ਦੀ ਗੱਲ ਸੁਣਿਓਂ ਬਿਨਾਂ ਹੀ ਭਜਾਅ ਦਿੱਤਾ ਸੀ।

ਮੈਂ ਕਾਲਜ ਦੇ ਦਿਨਾਂ ਦੌਰਾਨ ਹਿਜੜਿਆਂ ਬਾਰੇ ਕਰਤਾਰ ਸਿੰਘ ਦੁੱਗਲ ਦੀ ਕਹਾਣੀ "ਹਮਜਿਨਸ" ਪੜ੍ਹੀ ਹੋਈ ਸੀ ਜਿਸ ਵਿੱਚ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦੀ ਤ੍ਰਾਸਦੀ ਨੂੰ ਬੜੇ ਮਾਰਮਿਕ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ- ਕਿ ਜਦੋਂ ਕੋਈ ਹਿਜੜਾ ਮਰ ਜਾਂਦਾ ਹੈ ਤਾਂ ਉਸ ਨੂੰ ਸਸਕਾਰ ਕਰਨ ਲਈ ਲੈ ਕੇ ਜਾਂਦਿਆਂ ਜੁੱਤੀਆਂ ਮਾਰੀਆਂ ਜਾਂਦੀਆਂ ਹਨ ਕਿ ਉਹ ਇਸ ਜੂਨ ਵਿੱਚ ਦੁਬਾਰਾ ਨਾ ਆਵੇ! ਬਾਅਦ 'ਚ ਮੈਂ ਰਾਜਿੰਦਰ ਸਿੰਘ ਬੇਦੀ ਦਾ ਉਰਦੂ ਡਰਾਮਾ "ਖ਼ਵਾਜਾ ਸਰਾਅ" ਵੀ ਪੜ੍ਹਿਆ। ਇਸ ਵਿੱਚ ਆਸ਼ਿਕ ਆਪਣੀ ਮਾਸ਼ੂਕ ਨੂੰ ਮਿਲਣ ਲਈ ਖ਼ਵਾਜਾ ਸਰਾਅ ਬਣ ਜਾਂਦਾ ਹੈ ਕਿਉਂਕਿ ਮਾਸ਼ੂਕ ਮਹਿਲ 'ਚ ਰਹਿੰਦੀ ਹੈ ਤੇ ਉੱਥੇ ਸਿਰਫ਼ ਹਿਜੜੇ ਹੀ ਜਾ ਸਕਦੇ ਹਨ।

ਮੈਂ ਕਿਤੇ ਸੁਣਿਆ ਸੀ ਬਨਵਾਸ ਨੂੰ ਜਾ ਰਹੇ ਸ੍ਰੀ ਰਾਮ ਚੰਦਰ ਜੀ ਨੂੰ ਤੋਰਨ ਆਏ ਅਯੋਧਿਆ ਵਾਸੀਆਂ ਨੂੰ ਰਾਜਾ ਰਾਮ ਨੇ ਕਿਹਾ ਸੀ ਕਿ ਸਾਰੇ ਇਸਤਰੀ ਪੁਰਸ਼ ਘਰਾਂ ਨੂੰ ਪਰਤ ਜਾਣ...ਇਸ ਆਦੇਸ਼ 'ਤੇ ਸਾਰੇ ਇਸਤਰੀ-ਪੁਰਸ਼ ਆਪੋ ਆਪਣੇ ਘਰਾਂ ਨੂੰ ਚਲੇ ਗਏ ਪਰ ਹਿਜੜੇ ਨਹੀਂ ਗਏ- ਕਿਉਂਕਿ ਉਹ ਨਾ ਮਰਦ ਸਨ ਨਾ ਔਰਤਾਂ...! ਹਿਜੜੇ ਚੌਦਾਂ ਸਾਲ ਤੱਕ ਅਯੋਧਿਆ ਨਗਰੀ ਦੇ ਬਾਹਰ ਰਾਮ ਜੀ ਦੇ ਪਰਤਣ ਤੱਕ ਖੜ੍ਹੇ ਉਡੀਕਦੇ ਰਹੇ! ਇਹ ਦੇਖ ਪ੍ਰਭੂ ਸ੍ਰੀ ਰਾਮ ਨੇ ਹਿਜੜਿਆਂ ਨੂੰ ਵਰ ਦਿੱਤਾ ਕਿ ਹਿਜੜੇ ਦੀ ਅਸੀਸ ਅਤੇ ਸਰਾਪ ਸਦਾ ਸੱਚ ਹੋਵੇਗਾ...!

ਮੈਂ ਸਾਰੇ ਹਿਜੜਿਆਂ ਨੂੰ ਅਦਬ ਸਤਿਕਾਰ ਨਾਲ ਕੁਰਸੀਆਂ 'ਤੇ ਬਿਠਾਅ ਕੇ ਦੋਹਾਂ ਧਿਰਾਂ ਦੇ ਬਿਆਨ ਸੁਣੇ। ਸਾਰੀ ਸੁਣਵਾਈ ਤੋਂ ਬਾਅਦ ਜੋ ਮਸਲਾ ਉੱਭਰ ਕੇ ਸਾਹਮਣੇ ਆਇਆ ਉਹ ਉਨ੍ਹਾਂ ਦੇ ਇਲਾਕਿਆਂ ਦੇ ਅਧਿਕਾਰਾਂ ਦਾ ਸੀ। ਦੋ ਧੜੇ ਇਸ ਲਈ ਬਣ ਗਏ ਸਨ ਕਿ ਵੱਡੇ ਮਹੰਤ ਹਿਜੜੇ ਦੀ ਮੌਤ ਹੋ ਗਈ ਸੀ।

ਮੈਂ ਥਾਣੇਦਾਰ ਨੂੰ ਤਲਬ ਕਰ ਲਿਆ। ਇਸ ਦੌਰਾਨ ਮੈਂ ਆਪਣੇ ਕੁੱਕ ਨੂੰ ਕਿਹਾ ਕਿ ਸਾਰੇ ਅੰਦਰ ਅਤੇ ਬਾਹਰ ਬੈਠੇ ਹਿਜੜਿਆਂ ਨੂੰ ਚਾਹ ਪਾਣੀ ਪਿਆਵੇ। ਕੁੱਕ ਫ਼ਰਾਖ਼ਦਿਲ ਸੀ, ਉਸ ਨੇ ਚਾਹ ਨਾਲ ਬਿਸਕੁਟ ਬਰਫ਼ੀ ਵੀ ਪਰੋਸੇ।

ਜਦੋਂ ਤੱਕ ਥਾਣੇਦਾਰ ਨਹੀਂ ਸੀ ਆਇਆ, ਮੈਂ ਉਨ੍ਹਾਂ ਨਾਲ ਉਨ੍ਹਾਂ ਦੇ ਸਮਾਜ-ਸਭਿਆਚਾਰ ਅਤੇ ਜੀਵਨ ਬਾਰੇ ਗੱਲਾਂ ਕਰਨ ਲੱਗਾ। ਇਹ ਉਹ ਜ਼ਮਾਨਾ ਸੀ ਜਦੋਂ ਐੱਲਜੀਬੀਟੀਕਿਊ+ (LGBTQ+) ਬਾਰੇ ਕੋਈ ਬਹੁਤ ਜਾਣਕਾਰੀ ਨਹੀਂ ਸੀ ਮਿਲਦੀ। ਇਹ ਤਾਂ ਮੈਂ ਬਾਅਦ ਵਿੱਚ ਇਨ੍ਹਾਂ ਬਾਰੇ ਬਹੁਤ ਕੁਝ ਪੜ੍ਹਿਆ, ਅਤੇ ਲਿਖਿਆ ਵੀ। ਬੜੇ ਪ੍ਰਸਿੱਧ ਹਿਜੜੇ ਲਕਸ਼ਮੀ ਨਾਰਾਇਣ ਤ੍ਰਿਪਾਠੀ ਦੀ ਸਵੈ-ਜੀਵਨੀ "Me Hijra Me Lakshmi" ਪੜ੍ਹੀ। ਇਸ ਅਨੁਸਾਰ ਭਾਰਤ ਵਿੱਚ ਹਿਜੜਾ ਹੋਣਾ ਇੱਕ ਅਧਿਆਤਮਕ ਅਤੇ ਸਭਿਆਚਾਰਕ ਭਾਵ ਰੱਖਦਾ ਹੈ। ਇਸ ਨਾਲ ਕਈ ਅਨੁਸ਼ਠਾਨ (ਧਾਰਮਕ ਕਾਰਜ-ਸੰ.) ਅਤੇ ਰੀਤਾਂ ਜੁੜੀਆਂ ਹਨ ਜਦਕਿ ਪੱਛਮ ਵਿੱਚ ਇਹ ਇੱਕ ਦੈਹਿਕ (ਜਿਸਮਾਨੀ-ਸੰ. ) ਅਤੇ ਜੈਵਿਕ ਵਰਤਾਰਾ ਹੈ। ਇਸ ਤੋਂ ਬਾਅਦ ਮੈਂ ਸਲੀਮ ਕਿਦਵਈ ਦੀ ਕਿਤਾਬ 'Same Sex Love in India' ਪੜ੍ਹੀ। "ਕਾਮੁਕਤਾ ਅਤੇ ਲਿੰਗਕਤਾ ਦੀ ਭਾਸ਼ਾ" ਲੇਖ ਵੀ ਲਿਖਿਆ ਜੋ "ਪੰਜਾਬੀ ਟ੍ਰਿਬਿਊਨ" ਵਿੱਚ ਛਪਿਆ ਅਤੇ 2018 'ਚ ਪ੍ਰਕਾਸ਼ਿਤ ਹੋਈ ਮੇਰੀ ਕਿਤਾਬ "ਵਿਚਾਰਕੀ" ਵਿੱਚ ਦਰਜ ਹੈ। ਹੁਣ ਤਾਂ ਸੋਸ਼ਲ ਮੀਡੀਆ 'ਤੇ ਹਿਜੜਿਆਂ ਬਾਰੇ ਬੜੀ ਜਾਣਕਾਰੀ ਮਿਲ ਜਾਂਦੀ ਹੈ।

1969 'ਚ ਅਮਰੀਕਾ ਵਿੱਚ "ਸਟੋਨਵਾਲ ਦੰਗੇ" ਹੋਏ ਜਿਨ੍ਹਾਂ ਨਾਲ ਐੱਲਜੀਬੀਟੀਕਿਊ+ ਦੇ ਅਧਿਕਾਰਾਂ ਦਾ ਸੰਘਰਸ਼ ਸ਼ੁਰੂ ਹੋਇਆ। ਹਰ ਸਾਲ 26 ਜੂਨ ਨੂੰ ਇਹ ਸਵੈਮਾਣ ਦਿਵਸ ਮਨਾਉਂਦੇ ਹਨ। 6 ਸਤੰਬਰ, 2018 ਨੂੰ ਭਾਰਤੀ ਦੰਡ ਸੰਹਿਤਾ ਦੀ ਧਾਰਾ 377 ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਵੀ ਮਹੱਤਵਪੂਰਨ ਰਿਹਾ!

ਜਦੋਂ ਮੈਂ ਗੱਲਬਾਤ ਕਰ ਰਿਹਾ ਸੀ, ਉਨ੍ਹਾਂ 'ਚੋਂ ਬਹੁਤੇ ਹਿਜੜੇ ਸਧਾਰਨ ਦਿੱਖ ਦੇ ਸਨ, ਪਰ ਇਕ ਬਹੁਤ ਖ਼ੂਬਸੂਰਤ ਅਤੇ ਪੜ੍ਹਿਆ ਲਿਖਿਆ ਸੀ। ਉਸ ਨੇ ਮੋਰਪੰਖੀ ਰੰਗ ਦੀ ਸ਼ਿਫ਼ੌਨ ਦੀ ਸਾੜ੍ਹੀ ਬੰਨ੍ਹੀ ਸੀ ਅਤੇ ਬੜਾ ਧੀਮਾ ਜਿਹਾ ਮੇਕਅੱਪ ਕੀਤਾ ਹੋਇਆ ਸੀ। ਮੈਂ ਪੁੱਛਿਆ ਕੁਝ (ਝੱਲਣਾ) ਪੈਂਦਾ ਹੈ ਤਾਂ ਉਸਨੇ ਢਿੱਡ ਹੇਠਾਂ ਮੁੱਕੀ ਮਾਰ ਕੇ ਕਿਹਾ; "ਬਿਲਕੁਲ ਪੱਥਰ ਹੈ...!"

ਏਨੇ ਨੂੰ ਥਾਣੇਦਾਰ ਆ ਗਿਆ। ਮੇਰੀ ਉਸਨੂੰ ਹਿਦਾਇਤ ਸੀ ਕਿ ਦੋਹਾਂ ਧਿਰਾਂ ਦਾ ਰਾਜ਼ੀਨਾਮਾ ਕਰਾਅ ਕੇ ਮੈਨੂੰ ਸ਼ਾਮ ਤੱਕ ਰਿਪੋਰਟ ਕਰ। ਦੋਵ੍ਹੇਂ ਪੱਖ ਮੇਰੇ ਫ਼ੈਸਲੇ ਤੋਂ ਸੰਤੁਸ਼ਟ ਸਨ। ਮੈਂ ਉਨ੍ਹਾਂ ਨੂੰ ਬਾਹਰ ਤੱਕ ਤੋਰਨ ਗਿਆ। ਭੀੜ ਦੇਖ ਲਾਮਾ ਵੀ ਆ ਗਿਆ। ਸਭ ਤੋਂ ਉਮਰਦਰਾਜ਼ ਹਿਜੜੇ ਨੇ ਲਾਮੇ ਦੇ ਸਿਰ 'ਤੇ ਹੱਥ ਰੱਖ ਅਸੀਸਾਂ ਦਿੱਤੀਆਂ ਕਿ ਵੱਡਾ ਹੋ ਕੇ ਆਪਣੇ ਪਿਤਾ ਵਾਂਗ ਬਣੀਂ...! ਹਿਜੜੇ ਦੀ ਰੂਹ ਰੱਬ ਦੇ ਬਹੁਤ ਨੇੜੇ ਹੁੰਦੀ ਹੈ। ਇਨ੍ਹਾਂ ਦੀ ਦਿੱਤੀ ਅਸੀਸ ਅਸਰ ਰੱਖਦੀ ਹੈ...!

ਜਦੋਂ ਲਾਮੇ ਦਾ ਵਿਆਹ ਹੋਇਆ ਤਾਂ ਹਿਜੜੇ ਵੇਲ੍ਹ ਮੰਗਣ ਆਏ- ਤੇ ਉਨ੍ਹਾਂ ਨੂੰ ਆਪਣੀ ਵਿੱਤ ਅਨੁਸਾਰ ਸ਼ਗਨ ਦਿੱਤਾ। (ਪੋਤਰੇ) ਟੌਟੀ ਦੇ ਜਨਮ ਤੋਂ ਇੱਕ ਦਮ ਬਾਅਦ ਕਰੋਨਾ ਦੀ ਤਾਲਾਬੰਦੀ ਲੱਗ ਗਈ। ਸਾਰਾ ਜੀਵਨ ਬੱਸ ਠਹਿਰ ਜਿਹਾ ਗਿਆ। ਮੈਂ ਅਜੇ ਤੱਕ ਇੰਤਜ਼ਾਰ ਵਿੱਚ ਹਾਂ ਕਿ ਕੋਈ ਹਿਜੜਾ ਆਏ ਅਤੇ ਟੌਟੀ ਦੇ ਸਿਰ ਉੱਤੇ ਹੱਥ ਰੱਖ ਅਸੀਸ ਦੇਵੇ ਤੇ ਮੈਂ ਉਨ੍ਹਾਂ ਨੂੰ ਬਣਦਾ ਸ਼ਗਨ ਦੇਵਾਂ...!

# ਰਾਇ: ਮਾਰਕਸ ਦੇ ''ਕਮਿਊਨਿਸਟਵਾਦ'' ਬਾਰੇ ਅਕਸਰ ਲੱਗਦੀ ਗ਼ਲਤੀ

*ਸਵੀਡਨ ਵਰਗਾ ਲੋਕਤੰਤਰੀ-ਸਮਾਜਵਾਦ: ਅੱਧ ਸਰਕਾਰੀ-ਅੱਧ ਨਿੱਜੀ ਅਰਥਚਾਰਾ। ਕੀ ਗੋਰਬਾਚੇਵ ਦਾ ਇਸ ਤਰ੍ਹਾਂ ਦਾ ਹੀ ਤਸੱਵਰ ਸੀ ? –ਸੰ.*

**1. 19ਵੀਂ ਸਦੀ ਵਿਚ ਮਾਰਕਸ ਨੇ ਕਮਿਊਨਿਜ਼ਮ** (ਸਾਮਵਾਦ, ਸਮੁੱਚੀ ਪੈਦਾਵਾਰ ਵਿਚ ਬਰਾਬਰ ਹਿੱਸਾ) ਬਾਰੇ ਲਿਖਿਆ ਤਾਂ ਉਸ ਇਹ ਨਹੀਂ ਸੀ ਤਸੱਵਰ ਕੀਤਾ ਕਿ ਇਹ ਕੋਈ ਤਾਨਾਸ਼ਾਹ ਕਿਸਮ ਦਾ ਹੋਏਗਾ- ਡਬਲਰੋਟੀ ਲਈ ਲੱਗੀਆਂ ਲਾਈਨਾਂ ਵਾਲਾ, ਗੁਪਤ ਪੁਲਸ, ਸਜ਼ਾ ਦੇਣ ਲਈ ਕਰਾਈ ਮਜ਼ਦੂਰੀ ਦੇ ਜਬਰਨ ਕੈਂਪਾਂ (ਗੁਲਾਗ) ਵਾਲਾ ਪੁਲਸੀਆ-ਰਾਜ ਹੋਏਗਾ। ਮਾਰਕਸ ਲਈ ਤਾਂ, ਸਾਮਵਾਦ ਦਾ ਮਤਲਬ ਸੀ ਥੁੜ੍ਹਾਂ ਨੂੰ ਮੁਕਾਉਣ ਤੋਂ ਅਗਾਂਹ ਦਾ, ਇੱਕ ਰਾਜ-ਵਿਹੂਣਾ ਸਮਾਜ। ਉਸਦਾ ਮੰਨਣਾ ਸੀ ਕਿ ਸਰਮਾਏਦਾਰੀ ਇੱਕ ਜ਼ਰੂਰੀ ਪੌੜੀ ਹੈ ਕਿਉਂਕਿ ਇਹ ਤਕਨਾਲੋਜੀ, ਫ਼ੈਕਟ੍ਰੀਆਂ, ਅਤੇ ਆਪ-ਚੱਲੂ ਮਸ਼ੀਨਾਂ ਬਨਾਉਣ-ਵਿਗਸਾਉਣ ਵਿਚ ਬਹੁਤ ਕਮਾਲ ਦੀ ਪੇਸ਼ਕਾਰੀ ਕਰਦਾ ਹੈ। ਉਸਦਾ ਮੰਨਣਾ ਸੀ ਕਿ ਇਹ, ਹਰੇਕ ਨੂੰ ਰਜਾਉਣ ਤੋਂ ਵੀ ਵੱਧ ਅੱਗੇ ਦੀ ਪੈਦਾਵਾਰ ਕਰ ਸਕੇਗਾ- ਜਿਸ ਨਾਲ ''ਨਿਜੀ ਮਾਲਕੀ'' ਅਤੇ ''ਮੁਨਾਫ਼ੇ'' ਦੇ ਤਸੱਵਰ ਵੇਲਾ-ਵਿਹਾਅ-ਚੁੱਕੇ, ਪੁਰਾਣੇ ਪੈ ਜਾਣਗੇ। ਕਿ ਅਖ਼ੀਰ, ਇਨਸਾਨ, ਜਿਊਂਦਿਆਂ ਰੱਖਣ ਵਾਲੀ ਲੱਕ-ਤੋੜ ਮਿਹਨਤ ਤੋਂ ਅਜ਼ਾਦ ਹੋ ਜਾਣਗੇ: ਕਲਾ, ਵਿਗਿਆਨ, ਅਤੇ ਫ਼ਲਸਫ਼ੇ ਉੱਤੇ ਸਮਾਂ ਲਾ ਸਕਣਗੇ।

**ਇਤਿਹਾਸਕ ਗਲਤੀ:** ਰੂਸ ਅਤੇ ਚੀਨ ਵਰਗੇ ਦੇਸ਼ਾਂ ਬਹੁਤ ਹੀ ਗਰੀਬ, ਕਿਸਾਨੀ-ਖ਼ਾਸੇ ਵਾਲੇ ਸਮਾਜਾਂ ਉੱਤੇ, ਇਨ੍ਹਾਂ ਦੇ ਇੰਡਸਟ੍ਰੀਅਲ-ਸਨਅਤੀ ਹੋਣ ਤੋਂ ਪਹਿਲਾਂ ਹੀ, ਕਮਿਊਨਿਸਟ ਇਨਕਲਾਬ ਠੋਸਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਤਕਨਾਲੋਜੀ ਦੀ ਬਹੁਤਾਤ ਉਸਾਰਨ ਵਾਲੇ ਪੌੜੀ ਦੇ ਡੰਡੇ ਦਾ ਕਦਮ ਤਾਂ ਚੁੱਕਿਆ ਹੀ ਨਾ। ਨਤੀਜੇ ਵਜੋਂ, ਰਾਜ-ਸੱਤਾ ਨੂੰ ਘਾਟਾਂ-ਥੁੜ੍ਹਾਂ ਲਈ ਇੰਤਜ਼ਾਮ ਕਰਨ ਖਾਤਿਰ ਅਤਿ ਦਾ ਜ਼ੁਲਮ ਕਰਨ ਦਾ ਰਾਹ ਵਰਤਣਾ ਪਿਆ।

## 2. ਤਕਨਾਲੋਜੀ, ਸ਼ਾਇਦ, ਮਾਰਕਸ ਦੇ ਵਿਚਾਰਾਂ ਨੂੰ ਅਮਲੀ ਜਾਮਾ ਪੁਆ ਹੀ ਦੇਵੇਗੀ

ਕਈ ਅਜੋਕੇ ਅਰਥਸ਼ਾਸਤ੍ਰੀ ਅਤੇ ਭਵਿੱਖਵਾਦੀ ਦਲੀਲ ਦਿੰਦੇ ਹਨ ਕਿ ਅਸੀਂ ਓਸ ਯੁਗ ਵਿਚ ਦਾਖ਼ਲ ਹੋ ਰਹੇ ਹਾਂ ਜਿੱਥੇ ਕਾਰਲ ਮਾਰਕਸ ਦੀਆਂ ਆਰਥਕ ਥਿਊਰੀਆਂ -ਅਗਾਂਹ ਦੀ ਤਕਨਾਲੋਜੀ, ਖ਼ਾਸ ਤੌਰ 'ਤੇ ਬਨਾਵਟੀ ਬੁੱਧੀ (AI) ਅਤੇ ਆਪ-ਚਲੂ ਮਸ਼ੀਨਾਂ ਦੇ ਯੁਗ ਕਰਕੇ- ਸ਼ਾਇਦ ਅਸਲ ਵਿਚ ਹੀ ਲਾਗੂ ਹੋ ਸਕਣਗੀਆਂ। ਜੇ ਰੋਬੋਟ, AI, ਅਤੇ ਆਪ-ਚੱਲੂ ਪ੍ਰਬੰਧਾਂ ਦੇ ਢਾਂਚੇ ਹੌਲੀ ਹੌਲੀ ਇਸ ਕਾਬਿਲ ਹੁੰਦੇ ਗਏ ਕਿ ਉਹ ਹੀ ਬਹੁਤੇ ਜਿਸਮਾਨੀ ਕੰਮ ਦਾ ਅਤੇ ਸਮਝਣ-ਸਮਝਾਉਣ ਦੇ ਕੰਮ ਦਾ ਵੀ ਬੋਝ ਚੁੱਕ ਲੈਣਗੇ, ਫੇਰ ਤਾਂ, ਸਰਮਾਏਦਾਰੀ ਨੂੰ ਇੱਕ ਹੱਦੋਂ ਵੱਡਾ ਢਾਂਚਾਈ ਸੰਕਟ ਪੇਸ਼ ਹੋ ਰਿਹਾ ਹੈ: ਜੇ ਮਸ਼ੀਨਾਂ ਸਾਰਾ ਕੰਮ ਕਰਨਗੀਆਂ, ਕਾਰਪੋਰੇਸ਼ਨਾਂ ਨੂੰ ਕਾਮੇ ਨਹੀਂ ਚਾਹੀਦੇ ਹੋਣਗੇ। ਜੇ ਲੋਕਾਂ ਕੋਲ ਨੌਕਰੀਆਂ ਨਹੀਂ ਹੋਣਗੀਆਂ, ਉਨ੍ਹਾਂ ਕੋਲ ਕੋਈ ਆਮਦਨ ਨਹੀਂ ਹੋਏਗੀ। ਜੇ ਲੋਕਾਂ ਕੋਲ ਆਮਦਨੀ ਨਹੀਂ, ਤਾਂ ਉਨ੍ਹਾਂ ਵਸਤਾਂ ਨੂੰ ਕੌਣ ਖ਼ਰੀਦੇਗਾ ਜਿਹੜੀਆਂ ਉਹ ਮਸ਼ੀਨਾਂ ਬਣਾਅ ਰਹੀਆਂ ਹਨ? ਇਸ ਮਸਲੇ ਨੂੰ ਹੱਲ ਕਰਨ ਦੇ ਲਈ- ਸਮਾਜ ਨੂੰ ਸੰਘਣੀਆਂ ਸਮਾਜਵਾਦੀ ਨੀਤੀਆਂ ਅਪਨਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ : ਸਿਰਫ਼ ਏਸ ਲਈ ਕਿ ਕਿਤੇ ਅਰਥਚਾਰਾ ਢਹਿਢੇਰੀ ਨਾ ਹੋ ਜਾਏ।

**ਸਰਬਵਿਆਪੀ ਬੁਨਿਆਦੀ ਤਨਖ਼ਾਹ** (UBI) ਜਿਹੇ ਖ਼ਿਆਲ- ਕਿ ਸਰਕਾਰ, ਹਰੇਕ ਨਾਗਰਿਕ ਨੂੰ, ਇੱਕ ਤੈਅ-ਕੀਤੀ ਰਕਮ ਦਏਗੀ, ਕੰਮ ਭਾਵੇਂ ਉਸ ਕਿੰਨਾ ਕੀਤਾ ਜਾਂ ਨਾ ਕੀਤਾ ਹੋਏ। ਜਾਂ AI ਦੇ ਬੁਨਿਆਦੀ ਸਹੂਲਤੀ ਢਾਂਚੇ ਦਾ ਸਮਾਜੀਕਰਨ। ਅੱਜ ਇਸ ਸਭ ਉੱਤੇ ਚਰਚਾ ਕਰਨਲੱਗ ਪਏ ਹਨ Tech ਆਗੂ ਅਤੇ ਨੀਤੀਘਾੜੇ। ਕੁਝ ਜਣੇ ਤਾਂ ਇਸ ਖ਼ਿਆਲੀ-ਭਵਿੱਖ ਨੂੰ ''ਪੂਰੀ ਤਰ੍ਹਾਂ ਆਟੋਮੇਟ ਹੋਇਆ (ਸਵੈ-ਚੱਲੂ ਮਸ਼ੀਨਾਂ ਵਾਲਾ) ਐਸ਼ੋ-ਅਰਾਮੀ ਕਮਿਊਨਿਸਟਵਾਦ'' ਸੱਦ ਰਹੇ ਹਨ- ਇੱਕ ਅਜਿਹੀ ਦੁਨੀਆ ਜਿੱਥੇ ਤਕਨਾਲੋਜੀ, ਰੱਜਣ ਤੋਂ ਵਾਹਵਾ ਅੱਗੇ ਦੀ ਆਰਥਕ ਹਾਲਤ ਪੈਦਾ ਕਰਦੀ ਹੈ, ਅਤੇ ਸਾਰੇ ਸਮਾਜ ਵੱਲੋਂ ਉਸ ਦੌਲਤ ਨੂੰ ਰਲ ਕੇ ਵਰਤਿਆ ਜਾਂਦਾ ਹੈ -ਬਜਾਇ ਇਸਦੇ ਕਿ ਇਹ ਕੁਝ ਕੁ Tech ਖਰਬਪਤੀਆਂ ਦੇ ਹੱਥ ਵਿਚ ਕੇਂਦ੍ਰਿਤ ਹੋਏ।

**3. ''ਜਮਹੂਰੀ ਸਮਾਜਵਾਦ'' ਦੀ ਅਜੋਕੀ ਵਾਪਸੀ:** ਗੱਲ ਚੱਲ ਰਹੀ ਹੈ ਕਿ ਸਮਾਜਵਾਦ ਤਾਂ ''ਪਰਤ'' ਵੀ ਆਇਆ ਹੈ- ਪਰ ਇਹ ਸੋਵੀਅਤ ਯੂਨੀਅਨ ਵਾਲੇ ਤੋਂ ਬਹੁਤ ਵੱਖਰਾ ਦਿਸਦਾ ਹੈ। 21ਵੀਂ ਸਦੀ ਵਿਚ, ਇਸ ਦਾ ਸਭ ਤੋਂ ਸਫ਼ਲ ਨਮੂਨਾ, ਅਜਿਹਾ ਕਿ ਜਿਸ ਵਿਚ ਸਮਾਜਵਾਦੀ ਅਸੂਲ ਅਤੇ ਅਜ਼ਾਦ ਸਮਾਜ ਆਪਸ ਵਿਚ ਇੱਕ-ਸਾਹ ਹਨ, ਨੌਰਡਿਕ ਨਮੂਨਾ ਹੈ (ਡੈਨਮਾਰਕ, ਸਵੀਡਨ, ਨਾਰਵੇ, ਫ਼ਿਨਲੈਂਡ)। ਹਾਲਾਂਕਿ ਤਕਨੀਕੀ ਤੌਰ 'ਤੇ ਤਾਂ ਇਨ੍ਹਾਂ ਨੂੰ ਸਰਮਾਏਦਾਰੀ ਮੰਡੀ ਵਾਲੇ ਅਰਥਚਾਰੇ ਹੀ ਸੱਦ ਸਕਦੇ ਹਾਂ, ਇਹ ਲੋਕਤੰਤਰੀ ਸਮਾਜਵਾਦੀ ਅਸੂਲਾਂ ਨੂੰ ਵਜ਼ਨੀ ਤੌਰ 'ਤੇ ਵਰਤ ਰਹੇ ਹਨ: ਉੱਚੇ ਦਰ ਵਾਲੇ- ਵਧਦੀ ਅਮੀਰੀ ਨਾਲ ਵਧਦੇ ਜਾਂਦੇ- ਟੈਕਸਾਂ ਦਾ ਢਾਂਚਾ। ਤੰਦਰੁਸਤ, ਤਕੜੇ ਲੋਕ-ਹਿਫ਼ਾਜ਼ਤੀ ਸਮਾਜਕ-ਇੰਤਜ਼ਾਮ (ਸਰਬਵਿਆਪੀ ਸਿਹਤ ਸੰਭਾਲ, ਮੁਫ਼ਤ ਯੂਨਿਵਰਸਿਟੀਆਂ, ਸਬਸਿਡੀ ਵਾਲੀ ਬਾਲ ਸੰਭਾਲ)। ਕਾਮਿਆਂ ਮੁਲਾਜ਼ਮਾਂ ਦੇ ਹੱਕਾਂ ਦੀ ਹਿਫ਼ਾਜ਼ਤ ਲਈ ਤਕੜੀਆਂ ਮਜ਼ਦੂਰ ਯੂਨੀਅਨਾਂ। ਜਦੋਂ ਯੂਐੱਸਏ ਅਤੇ ਯੂਰਪ ਦੇ ਕੁਝ ਹਿੱਸਿਆਂ ਵਿਚ, ਨਵੀਆਂ ਪੀੜ੍ਹੀਆਂ, ਘਰਾਂ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ, ਹੱਦੋਂ ਵੱਧ ਵਿਦਿਆਰਥੀ ਕਰਜ਼ਿਆਂ ਦੀ ਮਾਰ, ਅਤੇ ਕਦੋਂ ਦੀਆਂ ਬੁੱਸੀਆਂ-ਖਲੋਤੀਆਂ ਤਨਖਾਹਾਂ ਦੀ ਤਕਲੀਫ਼ ਹੰਢਾਅ ਰਹੀਆਂ ਹਨ, ਅਤੇ ਵਧ ਵਧ ਕੇ ''ਅਜ਼ਾਦ ਸਰਮਾਏਦਾਰੀ'' ਤੋਂ ਮੂੰਹ ਮੋੜ ਰਹੀਆਂ ਹਨ ਅਤੇ ਇਸ ਕਿਸਮ ਦੇ ਜਮਹੂਰੀ-ਸਮਾਜਵਾਦ ਦੇ ਗਲੇ ਲੱਗ ਰਹੀਆਂ ਹਨ। ਕੋਈ ਯੂਐੱਸਐੱਸਆਰ ਨਹੀਂ ਮੁੜ ਬਨਾਉਣਾ ਚਾਹੁੰਦੀਆਂ ਇਹ; ਅਜਿਹਾ ਢਾਂਚਾ ਚਾਹੁੰਦੀਆਂ ਹਨ ਜਿੱਥੇ ਬੁਨਿਆਦੀ ਮਨੁੱਖੀ ਲੋੜਾਂ- ਦਵਾਈ ਅਤੇ ਸਿਰ 'ਤੇ ਛੱਤ ਵਰਗੀਆਂ- ਮੁਨਾਫ਼ੇਬਾਜ਼ੀ ਤੋਂ ਵੱਖ ਕਰ ਦਿੱਤੀਆਂ ਜਾਣ।

ਨੈਟ ਤੋਂ - ਅਨੁ: ਪੂਰਨ ਸਿੰਘ

## ਮਾਮੇ ਵਾਲੀ ਮੇਰੀ ਛਤਰੀ

ਰੰਗ ਬਰੰਗੀ ਛਤਰੀ ਮੇਰੀ,
ਮਾਮਾ ਮੇਰਾ ਲਿਆਇਆ!

ਪਹਿਲਾਂ ਉਸ ਦੀ ਡੋਰੀ ਖੋਲ੍ਹੀ,
ਫੇਰ ਮੈਂ ਬਟਨ ਦਬਾਇਆ!

ਵਿੱਚ ਹਵਾ ਦੇ ਉੱਡ ਉੱਡ ਜਾਵੇ,
ਘੁੱਟ ਕੇ ਮੈਂ ਫੜ ਰੱਖੀ!
ਮਾਮੇ ਨੇ ਮੈਨੂੰ ਲਿਆ ਕੇ ਦਿੱਤੀ,
ਇਹ ਗੱਲ ਸਭ ਨੂੰ ਦੱਸੀ।

ਉੱਪਰ ਲੈ ਕੇ ਬਾਹਰ ਨਾ ਜਾਈਂ
ਮੰਮੀ ਮੈਨੂੰ ਰੋਕੇ।
ਬੇਟਾ ਬਾਹਰ ਹਨੇਰੀ ਵਗਦੀ,
ਅੰਦਰ ਰੱਖ ਲੁਕੋਅ ਕੇ!



ਚਾਂਦੀ ਰੰਗੀ ਡੰਡੀ ਉਸ ਦੀ,
ਖੂੰਡੀ ਗੋਲ ਬਣਾਈ।
ਕਦੇ ਖੋਲ੍ਹ, ਕਦੇ ਬੰਦ ਮੈਂ ਕਰਦਾ,
ਤੁਰਦਾ ਚਾਈਂ ਚਾਈਂ!

ਕਾਰਟੂਨ ਇੱਕ ਬਣਿਆ ਉੱਤੇ,
ਵੇਖ ਵੇਖ ਖੁਸ਼ ਹੋਵਾਂ।
ਜਦ ਉਸ ਨੂੰ ਹੱਥ ਕੋਈ ਲਾਵੇ
ਮੈਂ ਹੁਬਕੀਂ ਹੁਬਕੀਂ ਰੋਵਾਂ!

'ਪੱਤੋ' ਤੋਂ ਚਾਅ ਚੱਕਿਆ ਨਾ
ਜਾਵੇ,
ਰਾਤੀਂ ਨੀਂਦ ਨਾ ਆਵੇ।
ਵਿੱਚ ਹਨੇਰੇ ਜਦ ਨਾ ਦਿਸਦੀ
ਝੱਟ ਉੱਠ ਬਲਬ ਜਗਾਵੇ।

**ਹਰਪ੍ਰੀਤ ਪਤੋ**

## ਬਾਪੂ ਦਾ ਲਾਇਆ ਬੂਟਾ

ਇੱਕ ਦਿਨ ਬੂਟਾ ਲਾ ਕੇ ਬਾਪੂ
ਵਾੜ ਸੀ ਉਸ ਨੂੰ ਕੀਤੀ।
ਅੱਗੇ ਸੁਣੀਂ ਭਾਈ! ਨਾਲ ਬਾਪੂ ਦੇ
ਘਟਨਾ ਕੀ ਸੀ ਬੀਤੀ!

ਰੋਜ਼ ਓਸ ਨੂੰ ਪਾਣੀ ਪਾਵੇ,
ਕਰਦਾ ਨਿਗ੍ਹਾ-ਸਾਨੀ।
ਜ਼ਰਾ ਵਸਾਹ ਨਾ ਖਾਂਦਾ ਉਸਦਾ,
ਗੱਲ ਸੱਚੀ ਤੂੰ ਜਾਣੀਂ।

*ਅੱਗੇ ਹੋਇਆ ਇਹ:*

ਜਦ ਪੁੱਤਾਂ ਵਾਂਗੂੰ ਪਾਲਿਆ ਬੂਟਾ
ਕਾਫ਼ੀ ਵੱਡਾ ਹੋਇਆ!
ਬਾਪੂ ਕੀ ਗਿਆ

- ਇਕ ਦਿਨ-
ਬੈਠਣ:
ਸੀ ਬੁੱਢਾ ਕਿਸੇ ਦਾ
ਮੋਇਆ-

ਪਿੱਛੋਂ ਆਇਆ ਇੱਕ
ਇੱਜੜ ਓਥੇ
ਤੇ ਬੂਟਾ ਮੁੱਛ ਗਿਆ
ਸਾਰਾ!
'ਕੱਲਾ ਓਥੇ ਡੱਕਾ ਰਹਿ ਗਿਆ,
ਬਾਪੂ ਪਿਆ ਵੇਖੇ - ਵਿਚਾਰਾ!!

ਨਾਲੇ ਪੱਟੀ ਵਾੜ, ਇੱਜੜ ਨੇ
ਜਿਹੜੀ ਨਾਲ ਝਾਫਿਆਂ ਲਾਈ!
ਵੇਖ ਬਾਪੂ ਨੂੰ ਗੁੱਸਾ ਚੜ੍ਹਿਆ,
ਸੁੱਝੇ ਨਾ ਹੋਰ ਹੁਣ ਕਾਈ!
ਜਾ ਰਾਹ ਵਿੱਚ



ਬੱਕਰੀਆਂ ਵਾਲੇ ਘੇਰੇ, ਤੇ
ਬੜੀ ਹੋਈ ਸੀ ਲਾ-ਲਾ ਲਾ-ਲਾ!
ਗੁੱਸਾ "ਪੀਤੇ" 'ਤੇ ਵੀ ਲਾਹਿਆ
ਸੀ ਛੁਲਕਿਆ "ਪੱਤੋ" ਵਾਲਾ।

**ਹਰਪ੍ਰੀਤ ਪੱਤੋ**

ਪਿੰਡ ਪੱਤੋ ਹੀਰਾ ਸਿੰਘ ਮੋਗਾ
94658-21417

ਕਵਿਤਾ

# ਅਨੋਖੀ ਕਲਾਕਾਰ*

## ਮੇਅ ਸਾਰਟੋਨ

ਡ੍ਰਾਇੰਗਾਂ ਬਿਨ-ਮੂਰਤ
ਨਾਜ਼ੁਕ, ਜਪਾਨੀ ਅੱਖਰਕਾਰੀ
ਵਰਗੀਆਂ।
ਜਦੋਂ ਪੇਂਟਰ ਡੇ ਕੂਨਿੰਗ ਨੂੰ
ਸਨ ਵਿਖਾਈਆਂ, ਉਸ ਕਿਹਾ,
"ਦਿਲਚਸਪ।
ਕਿਸੇ ਬਾਲਕ ਨਹੀਂ ਬਣਾਈਆਂ,
ਮੈਨੂੰ ਲੱਗਦਾ।
ਜੇ ਬਣਾਈਆਂ, ਤਾਂ ਅਲੋਕਾਰ ਹੈ
ਬਾਲ।"

"ਕਲਾਕਾਰ ਹਥਣੀ ਹੈ, ਜਨਾਬ।
ਨਾਂ ਹੈ ਸਿਰੀ।"

ਹੋਇਆ ਇਓਂ-
ਰਾਖੇ ਨੇ ਵੇਖ ਲਈ ਸੀ
ਉਸਦੀ ਨਖ਼ਰੇ ਕਰਦੀ ਸੁੰਡ
ਘੱਟੇ ਵਿਚ ਨਮੂਨੇ ਪਾਉਂਦੀ
ਕੁਝ ਤੱਤਾ ਤੱਤਾ ਬੋਲ ਬੁਲਾਰਾ
ਚਿੜੀਆਘਰ ਦੇ ਮੁਖੀ ਨਾਲ
ਜੋ ਉਸ 'ਤੇ ਹੱਸਿਆ, ਫਿਰ
ਰਾਖੇ ਆਪੇ ਲਿਆਂਦੇ ਮੁੱਲ
ਵੱਡੇ ਵੱਡੇ ਕਾਗਜ਼
ਤੇ ਕੱਚੇ-ਕੋਲੇ ਦੇ ਡੱਬੇ ਕੁਝ ਕੁ
ਲਿਆ ਧਰੇ ਸਿਰੀ ਦੇ ਪੈਰੀਂ।

ਘੰਟਾ ਘੰਟਾ
ਨਿਹਾਲ, ਨੀਝ ਲਾ
ਹਥਣੀ ਜਾਏ ਨਮੂਨੇ ਪਾਉਂਦੀ।
ਜਪਾਨੀ ਅੱਖਰਕਾਰੀ ਵਰਗੇ।
ਕਿਹੜਾ ਹੱਥ, ਕਿਸ ਕਲਾਕਾਰ ਦਾ
ਏਨਾ ਹੁਨਰੀ, ਦੱਸੋ
ਜਿੰਨੀ ਉਹ ਸੁੰਡ ਨਖਰੇਲੋ
ਪਿਆਰੀ?

ਅਨੁ: ਪੂਨਮ ਸਿੰਘ

*The Artist, May Sartone

# ਆਓ, ਸਿਰੀ ਨਾਂ ਦੀ ਹਥਣੀ ਨਾਲ ਦੋਸਤੀ ਕਰੀਏ










ਇਸ ਜ਼ੂ ਦੀ ਵੈਬਸਾਈਟ ਵਿਚ ਸਿਰੀ ਨੂੰ ਸਟੂਡੀਓ 'ਤੇ ਫੋਟੋ

ਸਿਰੀ ਨਾਂ ਦੀ ਇਹ ਹਥਣੀ Rosamond Gifford Zoo, Syracuse, New York ਰਹਿੰਦੀ ਹੈ। ਸਾਰੀ ਦੁਨੀਆ ਵਿੱਚ ਮਸ਼ਹੂਰ, ਏਸ਼ਿਆਈ ਕਿਸਮ, 1967 ਵਿਚ ਜੰਮੀ, ਹੁਣ ਕੋਈ 68 ਸਾਲ ਦੀ ਹੈ। ਆਮ ਤੌਰ ਉੱਤੇ ਜ਼ੂ ਵਿਚ ਹਾਥੀ ਵੱਧ ਤੋਂ ਵੱਧ 50 ਸਾਲ ਜਿਉਂਦੇ ਹਨ! ਸਿਰੀ ਨੂੰ ਸਾਂਭਣ ਵਾਲੇ ਉਸਨੂੰ ਬਹੁਤ ਪਿਆਰ ਕਰਦੇ ਹਨ। ਉਸਦੀ ਬਿਰਧ ਉਮਰ ਕਰਕੇ, ਉਸਨੂੰ ਖ਼ਾਸ ਧਿਆਨ ਨਾਲ ਰੱਖਿਆ ਜਾਂਦਾ ਹੈ। ਰੋਜ਼ਾਨਾ ਯੋਗਾ ਵੀ ਕਰਾਈ ਜਾਂਦੀ ਹੈ- ਮਨ ਅਤੇ ਸਰੀਰ ਨੂੰ ਸ਼ਾਂਤ ਰੱਖਣ ਲਈ। ਜੋੜ ਠੀਕ ਰੱਖਣ ਲਈ "ਸਟੈੱਮ ਸੈੱਲ ਇਲਾਜ", "ਲੇਜ਼ਰ ਥੈਰੇਪੀ" ਵੀ ਮਿਲਦੀ ਹੈ।

# ਵਿਸ਼ਵ ਹਾੱਕੀ ਕੱਪ ਦੀ ਟਰਾਫ਼ੀ

ਇਕਬਾਲ ਸਿੰਘ ਸਰੋਆ



**ਪਹਿਲਾਂ** ਤਾਂ "ਵਿਸ਼ਵ ਕੱਪ ਹਾਕੀ" ਟੂਰਨਾਮੈਂਟ, ਕੌਮਾਂਤਰੀ ਪੱਧਰ ਦੇ, ਉਲੰਪਿਕ ਵਿਚ ਹੋ ਰਹੇ ਹਾਕੀ ਮੁਕਾਬਲੇ ਵਾਂਗ ਹੀ ਹੋਇਆ ਕਰਦੇ ਸਨ! ਇੱਕ ਉਲੰਪਿਕ ਤੋਂ ਦੂਜੇ ਉਲੰਪਿਕ ਹੋਣ ਵਿੱਚ 4 ਸਾਲਾਂ ਦੇ ਲੰਬੇ ਫ਼ਰਕ ਕਰਕੇ, 1969 ਵਿੱਚ, ਸੰਸਾਰ ਦੇ ਹਾਕੀ ਮਾਹਿਰਾਂ ਨੇ ਸੋਚਿਆ ਕਿ ਕਿਉਂ ਨਾ ਇੱਕ ਵੱਖਰਾ ਅਤੇ ਨਿਰਾ ਹਾਕੀ ਦਾ ਟੂਰਨਾਮੈਂਟ, ਵਿਸ਼ਵ ਪੱਧਰ 'ਤੇ, ਚਲਾਇਆ ਜਾਵੇ! ਇਓਂ "ਕੌਮਾਂਤਰੀ ਹਾਕੀ ਸੰਘ" ਨੇ "ਵਿਸ਼ਵ ਹਾੱਕੀ ਕੱਪ" ਦੀ ਸ਼ੁਰੂਆਤ ਕੀਤੀ।

**ਪਹਿਲਾ ਫ਼ੈਸਲਾ:** ਵਿਸ਼ਵ ਹਾਕੀ ਕੱਪ ਮੁਕਾਬਲਾ ਹਰ 2 ਸਾਲਾਂ ਬਾਅਦ ਕਰਾਇਆ ਜਾਏਗਾ। ਸੋ, ਪਹਿਲੇ ਤਿੰਨ ਵਿਸ਼ਵ ਕੱਪ ਮੁਕਾਬਲੇ (1971, 1973 ਅਤੇ 1975) 2-2 ਸਾਲਾਂ ਦੇ ਫ਼ਰਕ ਨਾਲ ਕੀਤੇ ਗਏ। **ਦੂਜਾ ਫ਼ੈਸਲਾ:** 29 ਸਤੰਬਰ, 1974 ਨੂੰ ਕੌਮਾਂਤਰੀ ਹਾਕੀ ਸੰਘ ਨੇ ਇਹ ਟੂਰਨਾਮੈਂਟ 2 ਦੀ ਥਾਂ 4 ਸਾਲਾਂ ਦੇ ਫ਼ਰਕ ਨਾਲ ਕਰਨ ਦਾ ਫ਼ੈਸਲਾ ਕੀਤਾ। ਹੁਣ ਇਹ ਹਰ 4 ਸਾਲਾਂ ਬਾਅਦ ਹੁੰਦਾ ਹੈ।

ਹਾਕੀ ਦਾ ਜੋ ਵਿਸ਼ਵ ਕੱਪ ਤਿਆਰ ਕੀਤਾ ਗਿਆ, ਜਿਸਨੂੰ ਜਿੱਤਣ ਲਈ ਸੰਸਾਰ ਦੀਆਂ ਚੋਟੀ ਦੀਆਂ ਹਾਕੀ ਟੀਮਾਂ ਜਾਨ ਮਾਰਦੀਆਂ ਹਨ, ਇਹ ਇੱਕ ਪਾਕਿਸਤਾਨੀ ਇੰਜੀਨੀਅਰ, ਬਸ਼ੀਰ ਮੂਜਿਦ, ਨੇ ਡਿਜ਼ਾਈਨ ਕੀਤਾ ਸੀ। ਪਾਕਿਸਤਾਨੀ ਫ਼ੌਜ ਦੇ ਇਲੈਕਟ੍ਰੀਕਲ ਅਤੇ ਮਕੈਨੀਕਲ ਇੰਜੀਨੀਅਰਾਂ ਦੀ ਕੋਰ ਦੇ ਕਾਰੀਗਰਾਂ ਇਹ ਬਣਾਅ ਕੇ ਫ਼ੈਡਰੇਸ਼ਨ ਨੂੰ ਪੇਸ਼ ਕੀਤਾ ਸੀ- ਇਹ 27 ਮਾਰਚ, 1971, ਨੂੰ ਬ੍ਰੱਸਲਜ਼ (ਬੈਲਜੀਅਮ) ਵਿਚ ਕੌਮਾਂਤਰੀ ਹਾਕੀ ਸੰਘ ਦੇ ਪ੍ਰਧਾਨ ਰੈਨੇ ਫ਼ਰੈਂਕ ਨੂੰ ਸੌਂਪਿਆ ਗਿਆ।

ਵਿਸ਼ਵ ਕੱਪ ਬਨਾਉਣ ਵਿੱਚ ਸੋਨਾ 895 ਗ੍ਰਾਮ, ਚਾਂਦੀ 6815 ਗ੍ਰਾਮ, ਹਾਥੀ ਦੰਦ 350 ਗ੍ਰਾਮ ਅਤੇ ਟੀਕ ਦੀ ਲੱਕੜ 3500 ਗ੍ਰਾਮ ਲੱਗੀ ਹੈ। 1971 ਵਾਲਾ ਸਭ ਤੋਂ ਪਹਿਲਾ ਵਿਸ਼ਵ ਹਾਕੀ ਕੱਪ ਟੂਰਨਾਮੈਂਟ ਲਾਹੌਰ, ਪਾਕਿਸਤਾਨ ਵਿਚ ਹੋਣਾ ਸੀ ਪਰ 1971 ਵਿਚ ਹੀ, ਪਾਕਿਸਤਾਨ ਅਤੇ ਭਾਰਤ ਵਿਚਕਾਰ ਰਾਜਨੀਤਿਕ ਸਬੰਧ ਅਤੇ ਹਾਲਾਤ ਢੁਕਵੇਂ ਨਾ ਹੋਣ ਕਰਕੇ, ਇਹ 15 ਤੋਂ 24 ਅਕਤੂਬਰ, 1971, ਬਾਰਸੀਲੋਨਾ (ਸਪੇਨ) ਵਿਚ ਹੋਇਆ। ਇਹ ਟਰਾਫ਼ੀ -ਸੋਨੇ, ਚਾਂਦੀ ਹਾਥੀ ਦੰਦ ਅਤੇ ਟੀਕ ਦੀ ਲੱਕੜ ਦੀ ਬਣੀ ਹੋਈ, ਬਹੁਤ ਹੀ ਖ਼ੂਬਸੂਰਤ ਅਤੇ ਸ਼ਾਨਦਾਰ ਹੈ।

ਇਸ ਟਰਾਫ਼ੀ 'ਚ ਗਲੋਬ ਘੜਿਆ ਗਿਆ ਹੈ ਜਿਸ ਉੱਪਰ ਇੱਕ ਹਾਕੀ ਸਟਿੱਕ ਅਤੇ ਇੱਕ ਗੇਂਦ ਟਿਕਾਈ ਹੋਈ ਹੈ -ਗਲੋਬ, ਹਾਕੀ ਸਟਿੱਕ ਅਤੇ ਗੇਂਦ, ਸੋਨੇ-ਚਾਂਦੀ ਦੇ ਬਣੇ ਹੋਏ ਹਨ! ਗਲੋਬ, ਹਾਕੀ ਸਟਿੱਕ ਅਤੇ ਗੇਂਦ ਦੀ ਉਚਾਈ 20.85 mm (4.758 ਇੰਚ) ਹੈ। ਇੱਕ ਖ਼ੂਬਸੂਰਤੀ ਨਾਲ ਖੁਣੇ ਹੋਏ ਚਾਂਦੀ ਦੇ ਕੌਲ ਉੱਤੇ ਇਹ ਗਲੋਬ ਰੱਖਿਆ ਹੋਇਆ ਹੈ। ਇਸ ਵਿਸ਼ਵ ਪ੍ਰਸਿੱਧ ਹਾਕੀ ਕੱਪ ਦੀ ਕੁੱਲ ਉਚਾਈ, ਆਪਣੇ ਟਿਕਾਣੇ ਉੱਤੇ ਰੱਖੇ ਹੋਏ ਦੀ, 26 ਇੰਚ ਹੈ। ਇਸ ਦਾ ਕੁੱਲ ਵਜ਼ਨ 11,560 ਗ੍ਰਾਮ, ਯਾਨੀ 11.56 ਕਿੱਲੋ ਹੈ।

1971 ਤੋਂ 2023 ਤੱਕ ਵਿਸ਼ਵ ਹਾਕੀ ਕੱਪ 15 ਵਾਰ ਹੋਇਆ ਹੈ। ਭਾਰਤ ਨੂੰ ਹੁਣ ਤੱਕ ਸਿਰਫ਼1975 ਦਾ ਇੱਕੋ ਇੱਕ ਵਿਸ਼ਵ ਕੱਪ ਜਿੱਤਣ ਦਾ ਮਾਣ ਪ੍ਰਾਪਤ ਹੈ। ਆਓ, ਇਹ ਕੱਪ ਮੁੜ ਲਿਆਉਣ ਦੀ ਲਲਕਾਰ ਨੂੰ ਕਬੂਲੀਏ!

16ਵਾਂ ਹਾਕੀ ਵਿਸ਼ਵ ਕੱਪ, ਨੀਦਰਲੈਂਡਜ਼ ਅਤੇ ਬੈਲਜੀਅਮ ਵਿਚ, 15 ਤੋਂ 30 ਅਗਸਤ, 2026 ਤੱਕ ਹੋਣਾ ਹੈ। ਪਹਿਲੀ ਵਾਰ, ਮਰਦ ਅਤੇ ਜ਼ਨਾਨਾ ਹਾਕੀ ਮੁਕਾਬਲੇ ਇਕੱਠੇ ਅਤੇ ਇੱਕੋ ਥਾਵਾਂ ਉੱਤੇ ਹੋਣਗੇ। ਭਾਰਤੀ ਖੇਡ ਪ੍ਰੇਮੀ, 1975 ਤੋਂ ਲੈ ਕੇ ਹੁਣ ਤੱਕ ਹਰ ਵਾਰ ਇਸ ਟਰਾਫ਼ੀ ਨੂੰ ਭਾਰਤੀ ਖਿਡਾਰੀਆਂ ਦੇ ਹੱਥਾਂ ਵਿੱਚ ਦੇਖਣਾ ਲੋਚਦੇ ਰਹੇ ਹਨ ਪਰ ਹਰ ਵਾਰ ਨਿਰਾਸ਼ ਹੋ ਜਾਂਦੇ ਰਹੇ ਹਨ। ਇਸ ਵਾਰ ਮੁੜ ਆਸਾਂ ਹਨ।

99140-22101 2101/7, ਮੋਹਾਲੀ

# ਮੈਂ ਕਦੇ ਆਪਣੀਆਂ ਧੀਆਂ ਨੂੰ ਨਹੀਂ ਸੀ ਦੱਸਿਆ ਕਿ ਮੈਂ ਕੀ ਕੰਮ ਕਰਦਾ ਹਾਂ

**ਮੈਂ ਕਦੇ ਆਪਣੀਆਂ ਧੀਆਂ ਨੂੰ ਨਹੀਂ ਸੀ ਦੱਸਿਆ ਕਿ ਮੈਂ ਕੀ ਕੰਮ ਕਰਦਾ ਹਾਂ।**




ਮੈਂ ਕਦੇ ਨਹੀਂ ਸੀ ਚਾਹਿਆ ਕਿ ਉਹ ਮੇਰੇ ਕਰਕੇ ਸ਼ਰਮ ਮਹਿਸੂਸ ਕਰਨ। ਜਦੋਂ ਵੀ ਮੇਰੀ ਨਿੱਕੀ ਧੀ ਨੇ ਪੁੱਛਿਆ ਕਿ ਮੈਂ ਪੈਸੇ ਕਮਾਉਣ ਲਈ ਕੀ ਕੰਮ ਕਰਦਾ ਹਾਂ, ਮੈਂ ਝਿਜਕ ਜਾਂਦਾ ਅਤੇ ਸਿਰਫ਼ ਏਨਾ ਕਹਿੰਦਾ ਕਿ ਮੈਂ ਮਜ਼ਦੂਰ ਹਾਂ। ਹਰ ਰੋਜ਼, ਕੰਮ ਤੋਂ ਘਰ ਮੁੜਦਾ ਸੀ ਤਾਂ, ਮੈਂ ਜਨਤਾ ਦੇ ਗੁਸਲਖਾਨੇ ਵਿਚ ਨਹਾਅ ਲੈਂਦਾ ਸੀ, ਤਾਂ ਕਿ ਕਿਤੇ ਉਨ੍ਹਾਂ ਨੂੰ ਮੇਰੇ ਅਸਲੀ ਕੰਮ ਦੀ ਕੋਈ ਝਲਕ ਵੀ ਨਾ ਪੈ ਜਾਏ। ਮੈਂ ਆਪਣੀਆਂ ਧੀਆਂ ਨੂੰ ਸਕੂਲ ਭੇਜਣਾ ਚਾਹੁੰਦਾ ਸੀ, ਤਾਂ ਜੋ ਉਨ੍ਹਾਂ ਦੀ ਪੜ੍ਹਾਈ ਚੰਗੀ ਤਰ੍ਹਾਂ ਹੋ ਜਾਏ। ਮੈਂ ਚਾਹੁੰਦਾ ਸੀ ਕਿ ਉਹ ਦੁਨੀਆ ਵਿਚ ਸਿਰ ਚੁੱਕ ਕੇ ਖੜ੍ਹੀਆਂ ਹੋਣ। ਮੈਂ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਨੂੰ ਦੁਨੀਆ ਉਸੇ ਤਰ੍ਹਾਂ ਨੀਵਾਂ ਜਿਹਾ ਸਮਝੇ ਜਿਵੇਂ ਉਹ ਮੈਨੂੰ ਸਮਝਦੀ ਆਈ ਹੈ। ਮੇਰੀ ਹਮੇਸ਼ਾ ਬੇਇੱਜ਼ਤੀ ਕੀਤੀ ਜਾਂਦੀ ਰਹੀ ਹੈ। ਮੈਂ ਆਪਣੀ ਕਮਾਈ ਦਾ ਹਰ ਪੈਸਾ ਉਨ੍ਹਾਂ ਦੀ ਪੜ੍ਹਾਈ ਉੱਤੇ ਲਾਉਂਦਾ ਰਿਹਾ। ਮੈਂ ਕਦੇ ਆਪਣੇ ਲਈ ਨਵੇਂ ਕੱਪੜੇ ਨਹੀਂ ਖਰੀਦੇ; ਇਸਦੀ ਥਾਂ ਉਸ ਪੈਸੇ ਤੋਂ ਮੈਂ ਉਨ੍ਹਾਂ ਲਈ ਨਵੀਆਂ ਕਿਤਾਬਾਂ ਖਰੀਦਦਾ। ਉਨ੍ਹਾਂ ਤੋਂ ਮੈਂ ਸਿਰਫ਼ ਇੱਕੋ ਆਸ ਕਰਦਾ ਸੀ- ਇੱਜ਼ਤ।

ਮੈਂ ਇੱਕ ਸਫ਼ਾਈ ਸੇਵਕ ਹਾਂ।

ਮੇਰੀ ਬੇਟੀ ਦੀ ਕਾਲਜ ਵਿਚ ਭਰਤੀ ਹੋਣ ਦੀ ਅਖੀਰਲੀ ਤਾਰੀਖ ਤੋਂ ਇੱਕ ਦਿਨ ਪਹਿਲਾਂ ਤੱਕ, ਮੈਂ ਫ਼ੀਸ ਨਹੀਂ ਸੀ ਜੋੜ ਸਕਿਆ। ਓਸ ਦਿਨ, ਮੈਂ ਕੰਮ ਵੀ ਨਹੀਂ ਕਰ ਸਕਿਆ। ਮੈਂ ਬੱਸ ਕੂੜੇ ਦੇ ਇੱਕ ਢੇਰ ਕੋਲ ਬੈਠਾ ਸੀ, ਕਿਸੇ ਤਰ੍ਹਾਂ ਆਪਣੇ ਅੱਥਰੂ ਰੋਕਦਾ। ਆਪਣੇ ਵਿਚ ਮੈਨੂੰ ਕੋਈ ਤਾਕਤ ਨਹੀ ਸੀ ਲੱਭ ਰਹੀ, ਆਪਣਾ ਕੰਮ ਕਰਨ ਦੀ।

ਮੇਰੇ ਸਾਥੀ ਕਰਮਚਾਰੀ ਮੈਨੂੰ ਵੇਖੀ ਜਾ ਰਹੇ ਸਨ, ਪਰ ਕਿਸੇ ਦੀ ਹਿੰਮਤ ਨਾ ਹੋਈ ਕਿ ਆ ਕੇ ਮੇਰੇ ਨਾਲ ਗੱਲ ਕਰੇ। ਮੈਨੂੰ ਆਪਣਾ ਆਪ ਹਾਰਿਆ ਹੋਇਆ ਲੱਗ ਰਿਹਾ ਸੀ। ਟੁੱਟੇ ਹੋਏ ਦਿਲ ਅਤੇ ਲਾਚਾਰੀ ਨਾਲ ਬੈਠਾ ਹੋਇਆ ਸੀ, ਕੁਝ ਨਹੀਂ ਸੀ ਸਮਝ ਆ ਰਹੀ ਸੀ ਕਿ ਆਪਣੀ ਧੀ ਨੂੰ ਕੀ ਕਹਾਂਗਾ ਜਦੋਂ ਉਹ ਫ਼ੀਸ ਮੰਗੇਗੀ।

ਮੈਂ ਬਹੁਤ ਗਰੀਬ ਹੀ ਜੰਮਿਆ ਸੀ ਅਤੇ ਹੁਣ ਮੈਨੂੰ ਲੱਗ ਰਿਹਾ ਸੀ ਕਿ ਮੇਰੇ ਵਰਗੇ ਗਰੀਬ ਨਾਲ ਕਦੇ ਵੀ ਕੁਝ ਵੀ ਚੰਗਾ ਹੋ ਹੀ ਨਹੀਂ ਸਕਦਾ।

ਕੰਮ ਤੋਂ ਬਾਅਦ, ਸਾਰੇ ਸਫ਼ਾਈ ਕਰਮਚਾਰੀ ਆ ਕੇ ਮੇਰੇ ਨੇੜੇ ਬੈਠ ਗਏ। ਉਨ੍ਹਾਂ ਪੁੱਛਿਆ ਕਿ ਕੀ ਮੈਂ ਉਨ੍ਹਾਂ ਨੂੰ ਆਪਣੇ ਭਰਾ ਸਮਝਦਾ ਹਾਂ ਕਿ ਨਹੀਂ। ਇਸ ਤੋਂ ਪਹਿਲਾਂ ਕਿ ਮੈਂ ਕੋਈ ਵੀ ਜਵਾਬ ਦੇ ਸਕਦਾ. ਉਨਾਂ ਆਪਣੀ ਇੱਕ ਦਿਨ ਦੀ ਸਾਰੀ ਤਨਖ਼ਾਹ ਮੇਰੇ ਹੱਥਾਂ ਵਿਚ ਫੜਾਅ ਦਿੱਤੀ। ਜਦੋਂ ਮੈਂ ਪੈਸਾ ਲੈਣੋਂ ਨਾਂਹ ਕੀਤੀ, ਉਨ੍ਹਾਂ ਕਿਹਾ: "ਲੋੜ ਪਈ, ਤਾਂ ਅਸੀਂ ਸਾਰੇ ਇੱਕ ਦਿਨ ਭੁੱਖੇ ਰਹਿ ਲਵਾਂਗੇ - ਪਰ ਸਾਡੀ ਧੀ ਕਾਲਜ ਜ਼ਰੂਰ ਜਾਏਗੀ।"

ਮੈਂ ਇੱਕ ਸ਼ਬਦ ਨਾ ਬੋਲ ਸਕਿਆ। ਉਸ ਦਿਨ, ਮੈਂ ਘਰ ਮੁੜਣ ਤੋਂ ਪਹਿਲਾਂ ਨਹਾਅ ਕੇ ਨਾ ਗਿਆ। ਮੈਂ ਛਾਤੀ ਚੌੜੀ ਕਰ ਕੇ ਮਾਣ ਨਾਲ ਘਰ ਪਰਤਿਆ, ਇੱਕ ਸਫ਼ਾਈ ਸੇਵਕ ਵਾਂਗ।

ਮੇਰੀ ਵੱਡੀ ਬੇਟੀ ਛੇਤੀ ਹੀ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰ ਲਏਗੀ। ਉਹ ਪਾਰਟ-ਟਾਈਮ ਕੰਮ ਵੀ ਕਰਦੀ ਹੈ। ਤਿੰਨੋਂ ਧੀਆਂ ਟਿਊਸ਼ਨ ਵੀ ਪੜ੍ਹਾਉਂਦੀਆਂ ਹਨ। ਉਹ ਹੁਣ ਮੈਨੂੰ ਕੰਮ ਉੱਤੇ ਵੀ ਨਹੀਂ ਜਾਣ ਦਿੰਦੀਆਂ। ਅਕਸਰ, ਮੇਰੀ ਵੱਡੀ ਧੀ ਮੈਨੂੰ ਮੇਰੀ ਕੰਮ ਵਾਲੀ ਥਾਂ ਘੁਮਾਅ ਕੇ ਲਿਆਉਂਦੀ ਹੁੰਦੀ ਹੈ। ਉਹ ਮੈਨੂੰ ਅਤੇ ਮੇਰੇ ਸਾਥੀ ਕਰਮਚਾਰੀਆਂ ਲਈ ਕੁਝ ਖਾਣ ਲਈ ਲਿਆਉਂਦੀ ਹੈ। ਉਹ ਹੱਸਦੇ ਹਨ ਅਤੇ ਉਸ ਨੂੰ ਪੁੱਛਦੇ ਹਨ, "ਤੂੰ ਏਸ ਤਰ੍ਹਾਂ ਸਾਨੂੰ ਖੁਆਉਂਦੀ ਕਿਉਂ ਰਹਿੰਦੀ ਹੈਂ, ਧੀ ਰਾਣੀਏ?"

ਅੱਗੋਂ ਉਹ ਕਹਿੰਦੀ ਹੈ,


"ਉਸ ਦਿਨ, ਤੁਸੀਂ ਸਾਰਿਆਂ ਮੇਰੇ ਲਈ ਆਪਣਾ ਖਾਣਾ ਛੱਡਿਆ ਸੀ। ਤੁਹਾਡੇ ਕਰਕੇ, ਮੈਂ ਓਥੇ ਪੁੱਜੀ ਹਾਂ ਜਿੱਥੇ ਅੱਜ ਹਾਂ। ਪ੍ਰਾਰਥਣਾ ਕਰੋ ਕਿ ਇੱਕ ਦਿਨ ਮੈਂ ਤੁਹਾਨੂੰ ਸਭ ਨੂੰ ਹਰ ਰੋਜ਼ ਖੁਆ ਸਕਾਂਗੀ।"

ਅੱਜ, ਮੈਨੂੰ ਆਪਣਾ ਆਪ ਗ਼ਰੀਬ ਨਹੀਂ ਲੱਗਦਾ। ਕੋਈ ਗਰੀਬ ਕਿਵੇਂ ਹੋ ਸਕਦਾ ਹੈ ਜਦੋਂ ਉਸ ਕੋਲ ਅਜਿਹੇ ਅਣਮੋਲ ਬੱਚੇ ਹੋਣ?



# ਸਾਉਣ ਮਹੀਨੇ ਦੀ ਆਮਦ

## ਤਰਸੇਮ ਬਸ਼ਰ



ਪੰਜਾਬ ਦੇ ਹਲਾਤ ਸ਼ਾਇਦ ਖ਼ਰਾਬ ਨਹੀਂ ਸਨ ਹੋਏ ਜਾਂ ਫਿਰ ਸਾਨੂੰ ਬੱਚਿਆਂ ਨੂੰ ਇਲਮ ਨਹੀਂ ਸੀ । ਅਸੀਂ ਬੇਨਿਆਜ਼ ਸੀ, ਬੇਫ਼ਿਕਰ। ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਹ ਰੌਣਕਾਂ, ਇਹ ਮਸਤੀ ਕੁਝ ਸਾਲਾਂ ਬਾਅਦ ਸਿਰਫ਼ ਯਾਦਾਂ 'ਚ ਰਹਿ ਜਾਏਗੀ, ਲੋਕ ਇਸ ਤਰ੍ਹਾਂ ਜੁਦਾ ਹੋ ਜਾਣਗੇ ਕਿ ਫਿਰ ਸ਼ਾਇਦ ਮਿਲਣਾ ਵੀ ਨਾ ਹੋਵੇ!

ਉਦੋਂ ਗਰਮੀ ਮਹਿਸੂਸ ਹੀ ਨਹੀਂ ਹੋਈ ਕਦੇ। ਖੂਹ 'ਤੇ ਜਾਣਾ, ਪਾਣੀ ਨਾਲ ਚੁਬੱਚਾ ਭਰਿਆ ਹੁੰਦਾ, ਸਾਫ਼ ਸ਼ੀਸ਼ੇ ਵਰਗਾ ਪਾਣੀ– ਠੰਡੇ ਪਾਣੀ ਨੇ ਕੰਬਣ ਲਾ ਦੇਣਾ। 'ਕੱਲੇ ਨਹਾਉਂਦੇ ਹੀ ਨਹੀਂ ਸੀ, ਪੁੱਠੀਆਂ ਸਿੱਧੀਆਂ ਛਾਲਾਂ ਮਾਰਦੇ, ਖੇਡਦੇ।

ਹੁਣ ਜਦੋਂ ਕਦੇ ਵੱਡੇ ਪੰਜ ਸਿਤਾਰਾ ਹੋਟਲਾਂ ਦਾ ਸਵਿਮਿੰਗ ਪੂਲ ਦੇਖਦੇ ਹਾਂ ਤਾਂ ਮੈਨੂੰ ਅਕਸਰ ਇਹ ਚੁਬੱਚਾ ਯਾਦ ਆਉਂਦਾ ਹੈ। ਪਿਆਰੇਆਨਾ, ਸਾਡਾ ਪਿੰਡ, ਸੇਮ ਨਾਲਿਆਂ ਨਾਲ ਦੋ ਪਾਸਿਆਂ ਤੋਂ ਘਿਰਿਆ ਹੋਇਆ ਹੈ –ਤੇ ਸੇਮ ਨਾਲਿਆਂ ਨੂੰ ਮੈਂ ਛੋਟੇ ਛੋਟੇ ਦਰਿਆਵਾਂ ਦੇ ਤੌਰ 'ਤੇ ਦੇਖਦਾ। ਅਕਸਰ ਸੁੱਕੇ ਪਏ ਰਹਿੰਦੇ ਸੇਮ ਨਾਲਿਆਂ ਵਿੱਚ ਇਹਨੀਂ ਦਿਨੀਂ ਭੂਰੇ ਰੰਗ ਦਾ ਪਾਣੀ ਆਉਣਾ ਸ਼ੁਰੂ ਹੋ ਜਾਂਦਾ, ਜਿਸ ਵਿੱਚ ਹਰੀ ਹਰੀ ਬੂਟੀ ਦੇ ਪੌਦੇ ਅਕਸਰ ਤਰਦੇ ਨਜ਼ਰ ਆਉਂਦੇ। ਜ਼ਿਆਦਾਤਰ ਝੁੰਡਾਂ ਵਿੱਚ ਹੁੰਦੇ ਪਰ ਜਦੋਂ ਕਦੇ ਇਕੱਲਾ ਇਕਹਿਰਾ ਪੌਦਾ ਦੇਖਦਾ ਤਾਂ ਮੈਨੂੰ ਕਿਸੇ ਇਕੱਲੇ ਸ਼ਖ਼ਸ ਦਾ ਖ਼ਿਆਲ ਆਉਂਦਾ...।

ਅਸੀਂ ਦੋਸਤ ਇੱਕ ਅੱਧਾ ਗੇੜਾ ਸੇਮ ਨਾਲੇ ਵੱਲ ਵੀ ਕੱਢ ਆਉਂਦੇ, ਨਵੇਂ ਦ੍ਰਿਸ਼ ਨੂੰ ਦੇਖਣ ਵਾਸਤੇ। ਮੈਂ ਉਹਨਾਂ ਟਿੱਬਿਆਂ ਨੂੰ ਹਰਿਆਲੀ ਨਾਲ ਢਕਿਆ ਦੇਖ ਕੇ ਹੈਰਾਨ ਹੁੰਦਾ, ਉਹਨਾਂ ਨੂੰ ਦੇਖ ਕੇ ਛੋਟੇ ਜਿਹੇ ਪਹਾੜ ਦਾ ਤਸੱਵਰ ਪੈਦਾ ਹੁੰਦਾ ਜੋ ਖੇਤਾਂ 'ਚ ਵਾਧੂ ਮਿੱਟੀ ਕਾਰਨ ਖੇਤਾਂ ਵਿੱਚ ਹੀ ਲਾ ਦਿੱਤੇ ਗਏ ਸੀ।

ਇਹ ਜ਼ਮੀਨਾਂ ਪੱਧਰ ਕਰਨ ਦਾ ਦੌਰ ਸੀ। ਹਰਿਆਲੀ ਇਹਨਾਂ ਟਿੱਬਿਆਂ 'ਤੇ ਹੀ ਨਹੀਂ ਹੁੰਦੀ ਸੀ, ਅਸਲ ਵਿੱਚ ਸਭ ਪਾਸੇ ਹਰਿਆਲੀ ਹੁੰਦੀ। ਸੇਮ ਨਾਲੇ ਦੀ ਪਟੜੀਆਂ ਤੇ ਖੇਤਾਂ ਨੂੰ ਜਾਂਦਿਆਂ ਰਾਹਾਂ 'ਤੇ, ਸਾਰੀਆਂ ਉਹਨਾਂ ਕੱਚੀਆਂ ਥਾਵਾਂ 'ਤੇ, ਇਥੋਂ ਤੱਕ ਕਿ ਗ਼ਰੀਬ ਘਰਾਂ ਦੇ ਕੱਚੇ ਕੋਠਿਆਂ ਦੀਆਂ ਛੱਤਾਂ 'ਤੇ ਵੀ। ਸਭ ਥਾਵਾਂ 'ਤੇ ਜਿੱਥੇ ਸਾਉਣ ਮਹੀਨੇ ਦੀਆਂ ਕਣੀਆਂ ਦਸਤਕ ਦਿੰਦੀਆਂ ਸਨ, ਇਨ੍ਹਾਂ ਦੀ ਠੰਢੀ ਸਿੱਲ੍ਹ ਪਹੁੰਚਦੀ ਸੀ। ਸੇਮ ਨਾਲੇ ਦੀਆਂ ਪਟੜੀਆਂ 'ਤੇ ਇਹਨਾਂ ਦਿਨਾਂ ਵਿੱਚ ਖੁੰਬਾਂ ਉੱਗਦੀਆਂ। ਪਿੰਡ ਦੇ ਕਈ ਸਿਆਣੇ ਤੇ ਬੱਚੇ ਇਹਨਾਂ ਖੁੰਬਾਂ ਦੀ ਭਾਲ ਵਿੱਚ ਉੱਥੇ ਘੁੰਮਦੇ। ਪਟੜੀਆਂ ਥੱਲੇ ਤੱਕ ਹਰਿਆਲੀ ਨਾਲ ਢਕੀਆਂ ਹੁੰਦੀਆਂ ਸਨ– ਦੇਖ ਕੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਹਰਿਆਲੀ ਦਾ ਦਰਿਆ ਵਹਿ ਰਿਹਾ ਹੋਵੇ।

ਸਾਡੇ ਘਰ ਦੇ ਨਾਲ ਅਤੇ ਨੇੜਿਓਂ ਲੰਘ ਰਹੀ ਸੜਕ ਦੇ ਵਿਚਾਲੇ ਵੱਡਾ ਸਾਰਾ ਕਿੱਕਰ ਦਾ ਦਰਖ਼ਤ ਸੀ, ਇਹ ਜਗ੍ਹਾ ਸ਼ਾਇਦ ਚਾਚੇ ਹਰੀ ਦੇ ਪਰਿਵਾਰ ਦੀ ਸੀ।

ਇਹਨਾਂ ਦਿਨਾਂ ਵਿੱਚ ਕੁੜੀਆਂ ਉੱਥੇ ਪੀਂਘ ਪਾ ਲੈਂਦੀਆਂ ਸਨ, ਲੰਮੀ ਸਾਰੀ ਪੀਂਘ, ਰੱਸਾ ਕਾਫ਼ੀ ਮੋਟਾ ਹੁੰਦਾ ਸੀ– ਜਿਸ ਵਿੱਚ ਬੈਠਣ ਲਈ ਇੱਕ ਫੱਟੀ ਫਸਾਈ ਜਾਂਦੀ ਸੀ। ਇਹ ਫੱਟੀ ਅਕਸਰ ਸਾਡੇ ਹੀ ਘਰ ਪਈ ਹੁੰਦੀ ਸੀ। ਭਾਵੇਂ ਅਸੀਂ ਛੋਟੇ ਬੱਚੇ ਸਾਂ ਪਰ ਸਾਡਾ ਉੱਥੇ ਉਹਨਾਂ ਕੋਲ ਪੀਂਘ ਝੂਟਣਾ ਵੀ ਵਰਜਿਤ ਸੀ। ਉਥੇ ਕੁੜੀਆਂ ਹੀ ਜ਼ਿਆਦਾ ਹੁੰਦੀਆਂ, ਉਹਨਾਂ ਵਿੱਚ ਉਹ ਕੁੜੀਆਂ ਵੀ ਸ਼ਾਮਿਲ ਹੁੰਦੀਆਂ ਜੋ ਵਿਆਹੀਆਂ ਗਈਆਂ ਸਨ ਅਤੇ ਇਸ ਮਹੀਨੇ ਪਿੰਡ ਆ ਜਾਂਦੀਆਂ ਸਨ।

ਜਦੋਂ ਕਦੇ ਰੱਸਾ ਖਾਲੀ ਦੇਖਣਾ ਆਪਣੇ ਪੀਂਘ ਝੂਟਣ ਦਾ ਚਾਅ ਵੀ ਲਾਹ ਲੈਣਾ ਤੇ ਜਲਦੀ ਖੂਹ ਵੱਲ ਭੱਜ ਜਾਣਾ। ਬਹੁਤਾ ਸਪਸ਼ਟ ਤਾਂ ਨਹੀਂ ਯਾਦ ਪਰ ਕਈ ਵਾਰ ਦੇਖਿਆ ਕਿ "ਬੌਰੀਆਂ" ਦੇ ਘਰਾਂ ਵਿੱਚ ਸਾਉਣ ਦੀ ਵਿਸ਼ੇਸ਼ ਹਲਚਲ ਹੁੰਦੀ।

ਉਨਾਂ ਦੀਆਂ ਤੀਵੀਆਂ ਘੱਗਰਾ ਕੁੜਤਾ ਪਾ ਕੇ ਹੱਥ ਵਿੱਚ ਥਾਲ਼ੀ ਲੈ ਕੇ ਕਿਤੇ ਮੱਥਾ ਟੇਕਣ ਜਾਂਦੀਆਂ ਸਨ। ਇਹ ਪਹਿਰਾਵਾ ਉਹ ਇਹਨਾਂ ਦਿਨਾਂ ਵਿੱਚ ਹੀ ਪਹਿਨਦੀਆਂ ਸਨ ਜਿਨਾਂ ਨੂੰ ਅਸੀਂ ਚਾਚੀਆਂ, ਤਾਈਆਂ ਤੇ ਭਰਜਾਈ ਦੇ ਤੌਰ 'ਤੇ ਜਾਣਦੇ ਸਾਂ। ਉਹਨਾਂ ਦੀਆਂ ਆਪਣੀਆਂ ਰਸਮਾਂ ਹਨ, ਆਪਣੀ ਹੀ ਬੋਲੀ ਹੈ ਤੇ ਆਪਣਾ ਪਹਿਰਾਵਾ ਵੀ।

ਝੋਨਾ ਲੱਗ ਚੁੱਕਿਆ ਹੁੰਦਾ ਸੀ, ਅਸਮਾਨ 'ਤੇ ਬੱਦਲ ਅਤੇ ਵਾਤਾਵਰਣ ਵਿੱਚ ਠੰਡੀ ਹਵਾ ਦੀਆਂ ਸਰਗੋਸ਼ੀਆਂ, ਨਾਲਦੀਆਂ ਝੁਗੀਆਂ (ਪਿਆਰਿਆਨੇ ਪਿੰਡ ਦੇ ਹਿੱਸੇ ਵਿੱਚ ਹੀ ਆਉਂਦੇ ਕੁਝ ਘਰਾਂ ਦਾ ਸਮੂਹ) ਵਿੱਚੋਂ ਸਪੀਕਰ 'ਤੇ ਵੱਜਦੇ "ਨਾਗਿਨ" ਫ਼ਿਲਮ ਦੇ ਗਾਣਿਆਂ ਦੀ ਅਵਾਜ਼ ਹੋਰ ਸਪਸ਼ਟ ਤੇ ਉੱਚੀ ਹੋ ਜਾਂਦੀ, ਕਿਤੇ ਦੂਰ ਕੋਹਲੂ ਦੀ ਕੂਕ ਕੂਕ ਆਵਾਜ਼ ਵੀ ਫ਼ਿਜ਼ਾ 'ਚ ਗੂੰਜਦੀ, "ਨਾਗਿਨ" ਦੇ ਗੀਤਾਂ ਵਿੱਚ ਵੱਜਦੀ ਬੀਨ ਨੇ ਜਿਵੇਂ ਪੂਰੀ ਕਾਇਨਾਤ ਨੂੰ ਕੀਲ ਲਿਆ ਹੋਵੇ । ਅਜਬ ਦਿਲਕਸ਼ ਵਾਯੂਮੰਡਲ, ਜਿਸ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ ਸ਼ਾਇਦ, ਬਿਆਨਿਆ ਨਹੀ ਜਾ ਸਕਦਾ...।
ਮੇਰੇ ਜ਼ਿਹਨ ਵਿੱਚ ਅੱਜ ਵੀ ਪਾਣੀ ਨਾਲ ਭਰੇ ਹੋਏ ਝੋਨੇ ਦੇ ਖੇਤ ਲਹਿਰਾਅ ਜਾਂਦੇ ਹਨ... ਜਦੋਂ ਕਦੇ ਝੋਨੇ ਦੇ ਖੇਤ ਉੱਤੇ ਬਾਰਿਸ਼ ਪਈ ਦੇਖਦਾ ਹਾਂ।
"ਮਾਨੇ ਆਲੇ" ਨੂੰ ਜਾਂਦੀ ਸੜਕ 'ਤੇ ਇੱਕ ਸੇਮ ਨਾਲਾ ਹੋਰ ਆਉਂਦਾ ਸੀ, ਜਿਸ ਦੀ ਪਟੜੀ ਤੋਂ ਖੜ੍ਹ ਕੇ ਸਾਹਮਣੇ ਪਿੰਡ ਦਿਸਦਾ। ਪਰ ਇਹਨਾਂ ਦਿਨਾਂ 'ਚ ਪਹਿਲਾਂ ਝੋਨੇ ਨਾਲ ਹਰੇ ਹਰੇ ਖੇਤ ਭਰੇ ਹੋਏ ਦਿਖਾਈ ਦਿੰਦੇ, ਫਿਰ ਕੁਝ ਘਰ, ਮੰਦਰ ਅਤੇ ਫਿਰ -ਪਿੰਡ। ਉਸ ਹਰਿਆਲੀ 'ਤੇ ਕਦੇ ਕਦਾਈਂ ਬਹੁਤ ਕਾਲੀ ਘਟਾ ਵੀ ਛਾਈ ਹੁੰਦੀ। ਜਿਵੇਂ ਕਿਸੇ ਮੁਟਿਆਰ ਨੇ ਗੂੜ੍ਹੇ ਰੰਗ ਦਾ ਸੁਰਮਾ ਪਾ ਲਿਆ ਹੋਵੇ। ਇਹ ਦ੍ਰਿਸ਼ ਅੱਜ ਵੀ ਜ਼ਿਹਨ ਵਿੱਚ ਤਾਜ਼ਾ ਹਨ, ਇਹਨਾਂ ਨੂੰ ਦੁਬਾਰਾ ਦੇਖਣ ਲਈ ਕਈ ਵਾਰ ਪਿੰਡ ਵੀ ਗਿਆ ਹਾਂ ਪਰ ਇਹ ਦ੍ਰਿਸ਼ ਨਹੀਂ ਮਿਲੇ।

"ਚਾਚੇ ਮੱਲੇ" ਦਾ ਘਰ ਵੀ ਸੜਕ 'ਤੇ ਲਗਦਾ ਸੀ, ਸਾਡੇ ਵਾਲੀ ਸਾਈਡ ਦੇ ਬਿਲਕੁਲ ਉਲਟ ਸਾਹਮਣੇ, ਥੋੜ੍ਹੀ ਦੂਰੀ 'ਤੇ। ਉਹਨਾਂ ਦਾ ਗੱਡਾ ਦਰਵਾਜ਼ੇ 'ਤੇ ਖੜ੍ਹਾ ਰਹਿੰਦਾ, ਨਲਕੇ ਦੇ ਨਾਲ। ਜਦੋਂ ਮੀਂਹ ਪੈਂਦਾ ਅਸੀਂ ਸਾਰੇ ਗੱਡੇ ਕੋਲ ਖੇਡਦੇ, ਕਦੇ ਗੱਡੇ ਥੱਲੇ ਲੁਕ ਜਾਂਦੇ। ਕਦੇ ਨਲਕੇ ਵਿੱਚੋਂ ਪਾਣੀ ਭਰ ਕੇ ਮੀਂਹ ਵਿਚ ਫਿਰ ਤੋਂ ਨਹਾਅ ਲੈਂਦੇ। ਉਦੋਂ ਨਲਕਿਆਂ ਵਿੱਚ ਦਮ ਸੀ, ਧਰਤੀ ਹੇਠ ਪਾਣੀ ਤੇ ਸ਼ਕਤੀ ਸੀ, ਮਾੜਾ ਜਿਹਾ ਗੇੜੇ ਤੋਂ ਈ ਛੱਲਾਂ ਭਾਰ ਆਉਂਦੀਆਂ। ਬਾਰਸ਼ਾਂ ਵੀ ਅੱਜ ਦੀ ਤਰ੍ਹਾਂ ਨਹੀਂ ਸਨ, ਉਦੋਂ ਬੱਦਲ ਰੱਜ ਕੇ ਵਰ੍ਹਦਾ ਸੀ। ਇਸ ਵਿੱਚ ਭਰਪੂਰ ਪਾਣੀ ਵੀ ਹੁੰਦਾ ਸੀ।

ਜਦੋਂ ਕਦੇ ਵੀ ਮੌਸਮ ਬਦਲਦਾ ਹੈ, ਸਾਉਣ ਮਹੀਨੇ ਦਾ ਜ਼ਿਕਰ ਆਉਂਦਾ ਹੈ, ਤਾਂ ਖ਼ਿਆਲ ਆਪ ਮੁਹਾਰੇ ਬਚਪਨ ਦੇ ਉਹਨਾਂ ਦਿਨਾਂ ਦੇ ਨਾਲ ਜੁੜ ਜਾਂਦੇ ਹਨ। ਬੜੀ ਵਾਰ ਸੋਚਿਆ ਹੈ - ਨਦਾਨੀ ਹੈ, ਹੁਣ ਉਹ ਨਜ਼ਾਰੇ ਨਹੀਂ ਬੱਝਣੇ। ਮੌਸਮ ਬਦਲ ਗਏ ਹਨ। ਲੋਕਾਂ ਦੇ ਨੈਣ ਨਕਸ਼ ਹੀ ਨਹੀਂ ਬਦਲੇ, ਰਫ਼ਤਾਰ ਨੇ ਉਹਨਾਂ ਨੂੰ ਵੀ ਬਦਲ ਦਿੱਤਾ ਹੈ ਤੇ ਬਹੁਤ ਸਾਰੇ ਤਾਂ ਸਦਾ ਲਈ ਚਲੇ ਵੀ ਗਏ ਹਨ।
..ਹੁਣ ਪਿੰਡ ਵੀ ਤਾਂ ਜ਼ਿਆਦਾ ਨਹੀਂ ਜਾਇਆ ਜਾਂਦਾ। ਇਹ ਤਾਂ ਨਹੀਂ ਕਿ ਜਦੋਂ ਸੋਚਿਆ ਚਲੇ ਜਾਓ, ਜ਼ਿੰਦਗੀ ਦੀਆਂ ਉਲਝਣਾਂ ਇਸ ਤਰ੍ਹਾਂ ਉਲਝ ਗਈਆਂ ਹਨ ਕਿ ਮਰਜ਼ੀ ਨਹੀਂ ਚੱਲਦੀ। ਪਰ ਬਚਪਨ ਦੇ ਇਹ ਦਿਨ ਅੱਜ ਵੀ ਕਿਸੇ ਫ਼ਿਲਮ ਦੀ ਤਰ੍ਹਾਂ ਦਿਲ ਵਿੱਚ ਜ਼ਿੰਦਾ ਹਨ, ਤੇ ਸ਼ਾਇਦ ਰਹਿਣਗੇ ਵੀ।

ਬਚਪਨ ਦੇ ਉਹਨਾਂ ਕਿਰਦਾਰਾਂ ਬਾਰੇ ਕਦੇ ਸੋਚਦਾ ਹਾਂ ਤਾਂ ਲੱਗਦਾ ਹੈ ਇਹ ਕੋਈ ਮਿਕਨਾਤੀਸੀ ਸੁਪਨਾ ਸੀ, ਕੋਈ ਕਲਾਤਮਕ ਫ਼ਿਲਮ ਸੀ ਸ਼ਾਇਦ।

ਅਜਿਹੇ ਲੋਕ ਧਰਤੀ 'ਤੇ ਕਿੱਥੇ ਹੁੰਦੇ ਹਨ?! ਅਜਿਹੇ ਦਿਨ ਵੀ ਧਰਤੀ 'ਤੇ ਕਿੱਥੇ ਹੁੰਦੇ ਹੋਣਗੇ?!

# ਪਰਵੀਨ ਕੌਰ, ਪੇਂਟਰ
## -ਦੋ ਕਵਿਤਾਵਾਂ



## ਅਲਵਿਦਾ

ਪੱਤਝੜ ਵਿੱਚ ਜਦੋਂ ਪੱਤੇ ਝੜਦੇ ਨੇ,
ਤਾਂ ਰੁੱਖ ਕਦੇ ਰੋਂਦਾ ਨਹੀਂ।
ਉਹ ਪੁਰਾਣੇ ਵਰਕਿਆਂ ਨੂੰ
ਜਾਣ ਦਿੰਦਾ ਐ
ਕਿਉਂਕਿ ਉਹਨੂੰ ਭਰੋਸਾ ਹੁੰਦਾ ਹੈ...
ਕਿ ਨਵੀਂ ਬਹਾਰ ਵਿੱਚ
ਹਰੇ ਪੱਤੇ ਮੁੜ ਕੇ ਆਉਣੇ ਨੇ।

ਜੇ ਜ਼ਿੰਦਗੀ ਵਿੱਚ ਛੁੱਟ ਰਿਹਾ ਐ,
ਤਾਂ ਉਹਨੂੰ ਹੱਸ ਕੇ ਜਾਣ ਦਿਓ...
ਰੱਬ ਨੇ ਤੁਹਾਡੀ ਝੋਲੀ ਵਿੱਚ
ਕੁਝ ਬਹੁਤ ਖ਼ੂਬਸੂਰਤ ਪਾਉਣਾ ਐ।

## ਜੇ ਮੈਂ ਨਾ ਹੁੰਦੀ

ਜੇ
ਮੈਂ ਨਾ ਹੁੰਦੀ
ਤੇ ਇਹ ਦੁਨੀਆ ਵੀ
ਨਾ ਹੁੰਦੀ
ਤੇ ਨਾ ਰੱਬ ਹੁੰਦਾ

ਇੱਕ ਬੀ ਨੂੰ
ਪਾਲਣਾ
ਆਪਣੇ ਰੱਤ ਨਾਲ
ਜਨਮ ਦੇਣਾ
- ਅਤੇ ਜੀਵਨ ਦੇਣਾ
ਫੇਰ ਆਪਾ ਵਾਰ ਕੇ
ਪੋਸਣਾ-
ਕਾਮਯਾਬੀ ਬਖ਼ਸ਼ਣੀ
ਇਸ ਘਾੜਤ ਨੂੰ
ਘੜਣ ਵਾਸਤੇ
ਮਿਟ ਜਾਣਾ

ਕੈਨੇਡਾ-ਚੰਡੀਗੜ੍ਹ

# ਨਾਉ ਦਮੋਦਰ ਜਾਤ ਗਲਹਾਟੀ, ਆਇਆ ਸੁੱਕ ਸਿਆਲੀ

**ਪੰਜਾਬੀ** ਸਾਹਿਤ ਦਾ ਪਹਿਲਾ ਕਿੱਸਾਕਾਰ ਜਿਸ ਨੇ ਪੰਜਾਬੀ ਸਾਹਿਤ ਵਿੱਚ ਕਿੱਸਾ ਕਾਵਿ ਦੀ ਨੀਂਹ ਰੱਖੀ, ਉਹ ਹੈ: **ਦਮੋਦਰ ਗਲਾਟੀ**। ਆਪਣੀ ਕਲਮ ਨਾਲ ਉਸ ਨੇ **ਹੀਰ-ਰਾਂਝੇ** ਦੇ ਜੀਵਨ ਵਿੱਚ ਵਾਪਰੀ ਪ੍ਰੇਮ ਗਾਥਾ ਨੂੰ ਹਕੀਕੀ ਰੂਪ ਦੇ ਕੇ ਅਮਰ ਕਰ ਦਿੱਤਾ। ਹੀਰ-ਰਾਂਝੇ ਦੇ ਕਿੱਸੇ ਨੇ ਅਜਿਹੀ ਲੋਅ ਜਗਾਈ ਕਿ ਇਸ ਤੋਂ ਉਪਰਾਂਤ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਕਿੱਸਿਆਂ ਦੀ ਇੱਕ ਲੜੀ ਹੀ ਜੁੜ ਗਈ। ਦਮੋਦਰ ਨੇ ਸਿੱਧ ਕਰ ਦਿੱਤਾ, ਸਿਰਜਣਾਤਮਿਕਤਾ ਹੀ ਕਿਸੇ ਸਾਹਿਤਕ ਪਰੰਪਰਾ ਦੀ ਨੀਂਹ ਬਣਦੀ ਹੈ।

ਅੱਜ ਇਹ ਹਥਲੀ ਕਲਮ ਉਸ ਛਲਾਵੇ ਨੂੰ ਦੂਰ ਕਰੇਗੀ ਜੋ ਦਮੋਦਰ ਨਾਲ ਪੰਜਾਬੀ ਸਾਹਿਤ ਵਿੱਚ ਵਾਪਰਿਆ ਹੈ। ਦਮੋਦਰ ਦੇ ਕਿੱਸੇ ਵਿਚਲੀ ਕਹਾਣੀ ਦੀ ਪੂਰਨਤਾ 1472 ਈ. ਵਿੱਚ ਹੁੰਦੀ ਹੈ, ਜਦੋਂ ਕਿ ਵਾਰਿਸ ਸ਼ਾਹ ਦਾ ਜੀਵਨ 1722-1798 ਵਿਚਕਾਰ ਵਾਪਰਦਾ ਹੈ। **ਵਾਰਿਸ ਸ਼ਾਹ** ਨੇ ਦਮੋਦਰ ਦੀ ਕਹਾਣੀ ਚੋਰੀ ਕਰ ਕੇ ਆਪਣੇ ਨਾਂ ਹੇਠ ਹੀਰ-ਰਾਂਝੇ ਦਾ ਨਵਾਂ ਕਿੱਸਾ ਲਿਖ ਦਿੱਤਾ ਅਤੇ ਸਮਾਪਤੀ 'ਤੇ ਜਾ ਕੇ ਕਹਾਣੀ ਵੀ ਬਦਲ ਦਿੱਤੀ। 'ਚੋਰੀ ਕਰਕੇ' ਸ਼ਬਦ ਇਸ ਲਈ ਲਿਖਿਆ ਗਿਆ ਹੈ ਕਿਉਂਕਿ ਇਸ ਨੇ ਦਮੋਦਰ ਦਾ ਨਾਂ ਨਹੀਂ ਲਿਆ?! ਦਮੋਦਰ ਦੇ ਧਾਰਮਿਕ ਪਛੋਕੜ ਦਾ ਵਖਰੇਵਾਂ ਹੋਣ ਕਾਰਨ ਅਤੇ ਦਮੋਦਰ ਦੇ ਕਿੱਸੇ ਵਿੱਚ ਭਾਰਤੀ ਸੰਸਕ੍ਰਿਤੀ ਦਾ ਅਧਾਰ ਹੋਣਾ ਰਾਸ ਨਾ ਆਇਆ, ਤਾਂ ਦੋਵੇਂ ਪਾਸੇ ਪੰਜਾਬ ਦੇ ਲਿਖਾਰੀਆਂ ਨੇ ਦਮੋਦਰ ਨੂੰ ਭੁਲਾ ਕੇ ਵਾਰਿਸ ਸ਼ਾਹ ਦੇ ਕਿੱਸੇ ਨੂੰ ਵੱਡੀ ਮਾਨਤਾ ਦੇ ਦਿੱਤੀ। 18ਵੀਂ ਸਦੀ ਵਿੱਚ ਹੀ **ਮਕਬੂਲ** ਹੋਇਆ ਹੈ, ਉਸ ਨੇ ਵਾਰਿਸ ਸ਼ਾਹ ਤੋਂ ਥੋੜ੍ਹਾ ਪਹਿਲਾਂ ਹੀਰ-ਰਾਂਝੇ ਦੇ ਕਿੱਸੇ ਦੀ ਰਚਨਾ ਕੀਤੀ, ਉਸਨੇ ਵੀ ਕਿਤੇ ਦਮੋਦਰ ਦਾ ਨਾਂ ਨਹੀਂ ਲਿਆ, ਇਸ ਤੋਂ ਬਾਅਦ **ਅਹਿਮਦ ਯਾਰ ਮਰਾਲਵੀ** (18ਵੀਂ ਸਦੀ ਵਿੱਚ) ਅਤੇ **ਹਾਸਮ ਸ਼ਾਹ** (18ਵੀਂ ਸਦੀ) ਵਿੱਚ ਹੀਰ-ਰਾਂਝੇ ਦੇ ਕਿੱਸੇ ਰਚਦੇ ਹਨ, ਇਹਨਾਂ ਨੇ ਵੀ ਕਿਤੇ ਦਮੋਦਰ ਦਾ ਨਾਂ ਨਹੀਂ ਲਿਆ, ਇਹ ਵੀ ਚੋਰੀ ਦੇ ਇਲਜ਼ਾਮ ਤੋਂ ਮੁਕਤ ਨਹੀਂ ਹੋ ਸਕਦੇ!

ਹੁਣ ਗੱਲ ਕਰਦੇ ਹਾਂ ਕਵੀ **ਗੁਰਦਾਸ ਗੁਣੀ** ਦੀ , ਜਿਸਨੇ ਹੀਰ-ਰਾਂਝੇ ਦੀ ਪ੍ਰੇਮਗਾਥਾ ਨੂੰ ਹਿੰਦੀ ਵਿੱਚ ਲਿਖਿਆ, ਪਰ ਉਸ ਦੀ ਆਤਮਾ ਉਸ ਨੂੰ ਚੋਰੀ ਨਹੀਂ ਕਰਨ ਦਿੰਦੀ, ਉਹ ਆਪਣੇ ਕਿੱਸੇ ਦੇ ਆਰੰਭ ਵਿੱਚ ਹੀ ਸਤਿਕਾਰ ਨਾਲ ਇਸ ਨੂੰ ਦਮੋਦਰ ਗਲਾਟੀ ਦੀ ਸਿਰਜਣਾ ਦੱਸਦਾ ਹੈ। ਗੁਰਦਾਸ ਗੁਣੀ, ਜੋ ਹੀਰ-ਰਾਂਝੇ ਦੇ ਕਿੱਸੇ ਦੀ ਰਚਨਾ ਵਾਰਿਸ ਸ਼ਾਹ ਤੋਂ ਵੀ ਪਹਿਲਾਂ 1706 ਵਿੱਚ ਕਰਦਾ ਹੈ।

ਦਮੋਦਰ ਦੀ ਇਸ ਮਹਾਨ ਰਚਨਾ ਨੂੰ ਸ਼ਰੀਰ ਰੂਪ ਵਿੱਚ ਲੋਕਾਈ ਵਿੱਚ ਦਾਖਲ ਕਰਵਾਉਣ ਦਾ ਸਿਹਰਾ ਬਾਵਾ ਗੰਗਾ ਸਿੰਘ ਬੇਦੀ ਨੂੰ ਜਾਂਦਾ ਹੈ, ਜਿਸਨੇ 1927 ਵਿੱਚ ਇਸ ਕਿੱਸੇ ਦੀ ਸੰਪਾਦਨਾ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਰਾਹੀਂ ਗੁਰਮੁਖੀ ਲਿੱਪੀ ਵਿੱਚ ਕਰਵਾਅ ਕੇ, ਇਸ ਨੂੰ ਸਦਾ ਲਈ ਅਮਰ ਕਰ ਦਿੱਤਾ।

ਇਸ ਕਿੱਸੇ ਦੇ 960 ਬੰਦ ਹਨ। ਜੁਗਤ ਦਵਯਾ ਛੰਦ ਵਿੱਚ ਕੀਤੀ ਗਈ ਹੈ। ਭਾਸ਼ਾ ਦੀ ਸੁਰ ਕੇਂਦਰੀ ਪੰਜਾਬੀ; ਅਤੇ ਨਾਟਕੀ ਅੰਦਾਜ਼ ਵਿੱਚ ਪਾਤਰਾਂ ਦੇ ਸਵਾਲ-ਜਵਾਬ ਝਾਂਗੀ-ਸਿਆਲੀ ਬੋਲੀ ਵਿੱਚ ਹਨ। ਦਮੋਦਰ ਦੀ ਮੁੱਢਲੀ ਲਿਖਤ ਟਾਕਰੀ ਵਿੱਚ ਹੈ। ਦਮੋਦਰ ਦੇ ਕਿੱਸੇ ਵਿੱਚ ਪ੍ਰਕ੍ਰਿਤੀ ਦਾ ਚਿਤਰਣ, ਹੀਰ-ਰਾਂਝੇ ਦੀ ਸੁੰਦਰਤਾ ਅਤੇ ਹੀਰ ਦੀਆਂ ਸਹੇਲੀਆਂ ਦੀ ਚੰਚਲਤਾ ਨਾਲ ਸ਼ਿੰਗਾਰ ਰਸ ਦੀ ਪ੍ਰਧਾਨਤਾ ਮੁੱਢ ਤੋਂ ਲੈ ਕੇ ਅਖੀਰ ਤਕ ਰਹਿੰਦੀ ਹੈ। ਦਮੋਦਰ ਕੋਈ ਸਥਾਪਿਤ ਸਾਹਿਤਕਾਰ ਨਹੀਂ ਹੈ, ਉਹ ਕਿੱਸੇ ਵਿੱਚ ਵੀ ਆਪਣੇ ਆਪ ਨੂੰ ਇੱਕ



ਹੱਟੀਦਾਰ ਦੱਸਦਾ ਹੈ। ਕਿੱਸਾ ਕਿਤੋਂ ਵੀ ਕੋਈ ਖ਼ਿਆਲ-ਘੜੀ ਰਚਨਾ ਨਜ਼ਰ ਨਹੀਂ ਆਉਂਦੀ, ਇਹ ਪੂਰੇ ਦਾ ਪੂਰਾ ਯਥਾਰਥ ਨਜ਼ਰ ਆਉਂਦਾ ਹੈ। ਇਸ ਕਰਕੇ ਕਿੱਸੇ ਵਿੱਚ ਦਮੋਦਰ ਨੇ ਅੱਖੀਂ ਡਿੱਠਾ ਸ਼ਬਦ ਵਾਰ-ਵਾਰ ਪ੍ਰਯੋਗ ਕੀਤਾ ਹੈ। ਦਮੋਦਰ ਲਿਖਦਾ ਹੈ:

'ਅੱਖੀਂ ਡਿੱਠਾ ਕਿੱਸਾ ਕੀਤਾ, ਮੈਂ ਤਾਂ ਗੁਣੀ ਨਾ ਕਾਈ'

ਆਪਣੀ ਸਾਰੀ ਲਿਖਤ ਵਿੱਚ ਦਮੋਦਰ ਆਪਣੀ ਧਰਤੀ ਦੀ ਸੰਸਕ੍ਰਿਤੀ ਦਾ ਪੱਲਾ ਰੱਤੀ ਭਰ ਵੀ ਛੱਡਦਾ ਨਜ਼ਰ ਨਹੀਂ ਆਉਂਦਾ। ਅਰਬੀ-ਫ਼ਾਰਸੀ ਲਿਪੀ ਤਾਂ ਕੀ, ਉਹ ਆਪਣੇ ਸਾਰੇ ਕਿੱਸੇ ਵਿੱਚ ਉਸ ਦਾ ਇੱਕ ਸ਼ਬਦ ਤੱਕ ਨਹੀਂ ਵਰਤਦਾ। ਦਮੋਦਰ ਕਿੱਸੇ ਦਾ ਆਰੰਭ ਆਪਣੇ ਨਾਮ ਤੋਂ ਹੀ ਕਰਦਾ ਹੈ:

'ਨਾਉਂ ਦਮੋਦਰ ਜਾਤ ਗਲਹਾਟੀ,
ਆਇਆ ਸੁੱਕ ਸਿਆਲੀਂ,
ਆਪਣੇ ਮਨ ਵਿੱਚ ਮਸਲਤ ਕੀਤੀ, ਬੈਠ ਉਥਾਈ ਜਾਲੀ'

ਦਮੋਦਰ ਝੰਗ ਸਿਆਲਾਂ ਵਿੱਚ ਆਪਣੀ ਹੱਟੀ ਬਾਰੇ ਕਹਿੰਦਾ ਹੈ:

'ਚੂਚਕ ਬਹੁੰ ਦਿਲਾਸਾ ਕੀਤਾ ਤਾਂ ਦਿਲਗੀਰੀ ਲਾਹੀ,
ਆਖ ਦਮੋਦਰ ਹੋਇਆ ਦਿਲਾਸਾ, ਹੱਟੀ ਇੱਥੇ ਪਾਈ'

ਦਮੋਦਰ, ਚੂਚਕ ਦੇ ਘਰ ਹੀਰ ਦੇ ਜੰਮਣ ਤੇ ਕਬੀਲੇ ਦੀ ਖ਼ੁਸ਼ੀ ਦਾ ਪ੍ਰਗਟਾਵਾ ਇੰਝ ਕਰਦਾ ਹੈ:

'ਹੀਰ ਛੋਹਰ ਜੰਮੀ ਹੈ ਲੋਕਾ, ਸੂਰਤ ਨੰਦ ਨਾ ਕਾਈ

ਪੱਟ ਵਲ੍ਹੇਟੀ, ਮੱਖਣ ਪਾਲੀ ਕੁੱਛੜ ਕੀਤੀ ਦਾਈ'

ਹੀਰ ਦੇ ਬਾਪ ਦਾ ਨਾਮ ਚੂਚਕ ਹੈ, ਉਹ ਆਪਣੇ ਕਬੀਲੇ ਦਾ ਚੌਧਰੀ ਹੈ, ਵੱਡਾ ਜ਼ਮੀਂਦਾਰ ਹੈ, ਮਾਂ ਦਾ ਨਾਮ ਮਲਕੀ ਹੈ, ਝਨਾਅ ਦੇ ਕਿਨਾਰੇ ਪਿੰਡ ਝੰਗ ਵਿਖੇ ਰਹਿੰਦੇ ਹਨ, ਗੋਤ ਵੱਜੋਂ ਸਿਆਲ ਅਖਵਾਉਂਦੇ ਹਨ। ਕਿੱਸੇ ਵਿੱਚ ਹੀਰ ਨੂੰ ਹੀਰ, ਰੰਝੇਟੀ, ਸਲੇਟੀ, ਜਟੇਟੀ ਅਤੇ ਚਕੇਟੀ ਕਿਹਾ ਗਿਆ ਹੈ। ਹੀਰ ਦੀਆਂ 360 ਸਹੇਲੀਆਂ ਹਨ ਅਤੇ ਹੱਸੀ ਉਸ ਦੀ ਸਭ ਤੋਂ ਵੱਧ ਵਫ਼ਾਦਾਰ ਸਹੇਲੀ ਹੈ। ਰਾਂਝੇ ਦਾ ਪਿੰਡ ਤਖਤ ਹਜ਼ਾਰਾ ਹੈ, ਉਸ ਦੇ ਬਾਪ ਦਾ ਨਾਂ ਮੌਜੂ ਚੌਧਰੀ ਹੈ, ਤਾਹਿਰ, ਜਾਹਿਰ ਅਤੇ ਜੀਵਨ ਰਾਂਝੇ ਦੇ ਭਰਾ ਹਨ। ਰਾਂਝਾ ਘਰ ਵਿੱਚ ਸਭ ਤੋਂ ਛੋਟਾ ਅਤੇ ਲਾਡਲਾ ਸੀ, ਇਸ ਲਈ ਉਸ ਨੂੰ ਖੇਤੀ ਦੇ ਸਖਤ ਕੰਮ ਤੋਂ ਦੂਰ ਰੱਖਿਆ ਜਾਂਦਾ ਸੀ, ਪਰ ਆਪਣੇ ਪਸ਼ੂਆਂ ਦੇ ਵੱਗ ਕੋਲ ਜਾਂਦਾ ਸੀ, ਜਿੱਥੇ ਉਹ ਬੰਸਰੀ (ਵੰਝਲੀ) ਵਜਾਉਣਾ ਸਿੱਖ ਗਿਆ। ਕਿੱਸੇ ਵਿੱਚ ਰਾਂਝੇ ਨੂੰ ਧੀਦੋ, ਰੰਝੇਟਾ, ਚਾਕ ਅਤੇ ਰਾਂਝਾ, ਆਦਿ, ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ। ਮਾਂ-ਬਾਪ ਦੇ ਮਰਨ ਉਪਰਾਂਤ ਰਾਂਝੇ ਨਾਲ ਭਰਾਵਾਂ ਵੱਲੋਂ ਭਾਰੀ ਧੱਕਾ ਕੀਤਾ ਜਾਂਦਾ ਹੈ, ਉਸ ਨਾਲ ਜ਼ਮੀਨ ਦੀ ਵੰਡ ਵਿੱਚ ਬੇ-ਇਨਸਾਫ਼ੀ ਹੁੰਦੀ ਹੈ ਤਾਂ ਉਹ ਤਖਤ ਹਜਾਰਾ ਛੱਡ ਦਿੰਦਾ ਹੈ। ਦਮੋਦਰ ਰਾਂਝੇ ਦੇ ਲਿਬਾਸ ਬਾਰੇ ਵੀ ਦੱਸਦਾ ਹੈ:

'ਤਾਂ ਕਰ ਵਿਦਾ ਭਰਾਵਾਂ ਨਾਲੋਂ,
ਰਾਂਝਾ ਘਰੋਂ ਸਿਧਾਇਆ
ਖੂੰਡੀ ਤੇ ਹੱਥ ਵੰਝਲੀ ਕੀਤੀ
ਚਲਣ ਤੇ ਚਿੱਤ ਚਾਇਆ
ਚੀਰਾ ਲਾਲ ਅਤੇ ਅੰਬਰੀ ਹਿੰਝ ਨੀਲਾ
ਖੇਸ ਬੰਨ੍ਹਾਇਆ
ਨੱਕ ਬਲਾਕ ਤੇ ਕੁਨੀਨ ਲੁੜ੍ਹਕੇ
ਚੁਣੀਆਂ ਰੰਜ ਨ ਲਾਇਆ'

ਦਮੋਦਰ ਦੇ ਅਨੁਸਾਰ ਰਾਂਝੇ ਨੇ ਅੱਠ ਤੱਕ ਵਿੱਦਿਆ ਲੈ ਲਈ ਸੀ।

'ਅੱਠ ਵਿੱਦਿਆ ਲੈ ਚੱਲਿਆ ਧੀਦੋ,
ਚੱਲਣ ਤੇ ਚਿੱਤ ਚਾਇਆ,
ਆਖ ਦਮੋਦਰ ਬਣੀ ਹਕੀਕਤ
ਸੁੱਕ ਸਿਆਲੀਂ ਆਇਆ'

ਦਮੋਦਰ ਨੂੰ ਭਾਰਤੀ ਸੰਸਕ੍ਰਿਤੀ ਅਤੇ ਵੈਦਿਕ ਰਾਗਾਂ ਦਾ ਪੂਰਨ ਗਿਆਨ ਹੈ, ਲਿਖਦਾ ਹੈ:

'ਲਲਿਤ ਰਾਗ ਵਿੱਚ ਵਾਹੀ ਵੰਝਲੀ,
ਪੈਰਾਂ ਚੰਗੀ ਭਾਈ

ਦਮੋਦਰ ਦੇ ਕਿੱਸੇ ਵਿੱਚ ਕਿਸ਼ਤੀ ਦਾ ਮਲਾਹ ਲੁੱਡਣ, ਜਾਤ ਦਾ ਝਿਊਰ, ਦੀ ਭੂਮਿਕਾ ਬਹੁਤ ਸੁਖਾਵੀਂ ਹੁੰਦੀ ਹੈ। ਰਾਂਝਾ ਉਸ ਦੀ ਕਿਸ਼ਤੀ ਰਾਹੀਂ ਹੀ ਚੂਚਕ ਦੇ ਖੇਤਾਂ ਵਿਚਲੇ ਖੂਹ ਕੋਲ ਪਹੁੰਚਦਾ ਹੈ, ਜਿੱਥੇ ਉਸ ਦੀ ਮਿਲਣੀ ਹੀਰ ਨਾਲ ਹੁੰਦੀ ਹੈ। ਹੀਰ ਦੇ ਕਹਿਣ 'ਤੇ ਚੂਚਕ ਰਾਂਝੇ ਨੂੰ ਮੱਝਾਂ ਦਾ ਪਾਲੀ ਰੱਖ ਲੈਂਦਾ ਹੈ। ਦਮੋਦਰ ਦੇ ਕਿੱਸੇ ਮੁਤਾਬਕ ਜਦੋਂ ਹੀਰ 12 ਵਰ੍ਹਿਆਂ ਦੀ ਹੁੰਦੀ ਹੈ ਤਾਂ ਰਾਂਝੇ ਨਾਲ ਪਿਆਰ ਕਰ ਬੈਠਦੀ ਹੈ।

'ਬਾਰ੍ਹਾਂ ਵਰ੍ਹਿਆਂ ਦੀ ਛੋਹਰ ਹੋਈ
ਤਾਂ ਰਾਂਝੇ ਅੱਖੀਆਂ ਲਾਈਆਂ'

ਹੀਰ ਆਪਣੇ ਨਗਰ ਵਿੱਚ ਰਾਜ ਕੁਮਾਰੀ ਵਾਂਗ ਵਿਚਰਦੀ ਹੈ। ਨੂਰਾ ਚੰਦੜ ਕਈ ਕਿਸ਼ਤੀਆਂ ਦਾ ਮਾਲਕ ਹੈ, ਉਹ ਲੁੱਡਣ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ ਅਤੇ ਲੁੱਡਣ ਨੂੰ ਮਾਰਨ ਨੂੰ ਫਿਰਦਾ ਹੈ; ਹੀਰ ਦੇ ਮਾਪਿਆਂ ਨੇ ਲੁੱਡਣ ਨੂੰ ਆਪਣੇ ਕੋਲ ਸ਼ਰਨ ਦਿੱਤੀ, ਹੀਰ ਨੇ ਆਪਣੀਆਂ ਸਹੇਲੀਆਂ ਦੀ ਫ਼ੌਜ ਲੈ ਕੇ ਨੂਰੇ ਦੀ ਧੌਣ ਵੱਢ ਦਿੱਤੀ। ਦਮੋਦਰ ਲਿਖਦਾ ਹੈ:

'ਹੀਰ ਧਰੋਹ ਕਰ ਮਾਰੀ ਮਿਸਰੀ,
ਸਿਰ ਨੂਰੇ ਦੇ ਸਿਟੀ
ਅੱਧਾ ਧੜ ਹੁਣੇ ਵਿੱਚ ਫਾਥਾ,
ਅੱਧਾ ਢੱਠਾ ਧਰਤੀ'

ਦਮੋਦਰ ਰਾਂਝੇ ਦੇ ਕਿਰਦਾਰ ਵਿੱਚੋਂ ਕ੍ਰਿਸ਼ਣ ਨੂੰ ਦੇਖਦਾ ਹੈ, ਰਾਂਝਾ ਵੰਝਲੀ ਦੀ ਸੁਰ ਛੇੜ ਕੇ ਮੱਝਾਂ ਨੂੰ ਬਲਾਉਂਦਾ ਸੀ:

'ਆਖ ਦਮੋਦਰ ਕੀਕਣ ਧੀਰਨ
ਗੋਪੀਆਂ ਕ੍ਰਿਸ਼ਨ ਬੁਲਾਈਆਂ'

ਕੈਦੋਂ (ਹੀਰ ਦਾ ਚਾਚਾ) ਹੀਰ ਅਤੇ ਰਾਂਝੇ ਦੇ ਪ੍ਰੇਮ ਦੀ ਗੱਲ ਹੀਰ ਦੇ ਬਾਪ ਕੋਲ ਕਰ ਦਿੰਦਾ ਹੈ। ਗੁੱਸੇ ਵਿੱਚ ਹੀਰ ਕੈਦੋਂ ਦੀ ਝੁੱਗੀ ਸਾੜ ਦਿੰਦੀ ਹੈ।

'ਜਲ ਬਲ ਕੋਲਾ ਕੀਤੀ ਝੁੱਗੀ,
ਕੈਦੋਂ ਨੂੰ ਕਹੀਂ ਸੁਣਾਇਆ'

ਹੀਰ ਆਪਣੀ ਮਾਂ ਨੂੰ ਕਹਿੰਦੀ ਹੈ:

'ਮਾਏ! ਸੌ ਰਾਂਝਾ ਦਰ ਦੇਵੀਂ ਮੈਨੂੰ,
ਨਿੱਤ ਸੁਹਾਗ ਢਹਿਵੇ'

ਰਾਂਝਾ ਹੀਰ ਨੂੰ ਆਪਣੇ ਪਿਛੋਕੜ ਬਾਰੇ ਦੱਸਦਾ ਹੈ:

'ਨਾ ਹੱਸ ਚਾਕ ਚਰੋਕਾ ਹੀਰੇ! ਮੈਂ ਭੀ
ਰਾਠਾਂ ਜਾਇਆ'

ਸੈਦਾ ਖੇੜਾ ਹੀਰ ਨੂੰ ਵਿਆਹੁਣ ਆਉਂਦਾ ਹੈ:

'ਬਹੁਤੀ ਜੰਜ ਖੇੜਿਆਂ ਦੀ ਆਈ,
ਬਹੁਤਾ ਰੰਗ ਹਨ ਭੀ ਰੀ'

ਦਮੋਦਰ ਹੀਰ ਦੀ ਸਹੇਲੀ ਹੱਸੀ ਦੇ ਭਾਵ ਇੰਝ ਪ੍ਰਕਟ ਕਰ ਰਿਹਾ ਹੈ:

'ਰੋਵੇ ਹੱਸੀ, ਕੋਲ ਖਲੋਤੀ,
ਜਾਂ ਵੇਖੇ ਹੀਰੇ ਤਾਈਂ
ਤੇਡੇਂ ਵਿਛੋੜੇ ਹੀਰੇ ਕੁੜੀਏ,
ਜੀਵਨ ਮੇਡਾ ਨਾਹੀਂ'

ਦਮੋਦਰ ਹੀਰ ਤੋਂ ਸੁੰਨੇ ਵਿਹੜੇ ਬਾਰੇ ਲਿਖਦਾ ਹੈ:

'ਰੋਂਦੇ ਆ ਤਨ ਤੇ ਰੋਂਦੇ ਵਿਹੜੇ
ਜਿਉਂ ਜਿਉਂ ਵਿਦਾ ਕਰੇਂਦੀ
ਰੋਵਣ ਬਿਰਖ, ਬਬੂਲ ਪਨਘੀਰੋ,
ਸਹੀਆਂ ਵਾਰੇ ਦਿੰਦੀ'

ਹੀਰ ਦੇ ਤੁਰ ਜਾਣ ਪਿਛੋਂ ਹੀਰ ਦੀਆਂ ਸਹੇਲੀਆਂ ਰਾਂਝੇ ਨੂੰ ਕਹਿੰਦੀਆਂ ਹਨ:

'ਤੂੰ ਉਹੋ ਰਾਂਝਾ ਤੇ ਅਸੀਂ ਉਹੋ ਕੁੜੀਆਂ,
ਨੂਤਨ ਇਸ਼ਕ ਲਈ ਹਾਂ
ਆਖ ਦਮੋਦਰ ਜੇ ਹੋਵੇਂ ਰਾਜੀ, ਤਾਂ ਉੱਦਮ
ਇਹ ਕਿਰਿਆ ਆਂ'

ਦਮੋਦਰ ਖੇੜਿਆਂ ਦੇ ਘਰ ਵਿੱਚ ਹੀਰ ਦਾ ਹਾਲ ਸੁਣਾਉਂਦਾ ਹੈ:

'ਬੈਠੀ ਹੀਰ, ਉਡਾਵੇ ਕਾਂਵਾਂ, ਇਹੋ
ਜਿਕਰ ਕਰੇਂਦੀ,
ਆਖ ਦਮੋਦਰ ਵਿੱਥਾਂ ਪਈਆਂ,
ਮੈਂ ਮਰਸਾਂ ਖੋਜ ਢੁਢੇਂਦੀ'

ਜਿਵੇਂ ਪਹਿਲਾਂ ਵੀ ਕਿਹਾ ਗਿਆ ਹੈ, ਦਮੋਦਰ ਭਾਰਤੀ ਸੰਸਕ੍ਰਿਤੀ ਦਾ ਪੱਲਾ ਫੜ ਕੇ ਚੱਲਦਾ ਹੈ, ਹੀਰ ਆਪਣਾ ਹਾਲ ਪੱਥਰ ਦੀ ਅਹਿੱਲਿਆ ਵਾਂਗ ਦੱਸਦੀ ਹੈ:

'ਮਰਨ ਅਹੁਲਿਆ, ਸੱਚ ਸਿਆਲੀਂ, ਮੈਂ
ਭਲੀ ਦਾ ਸ਼ਰਮ ਤਸਾ ਨਹੀਂ
ਆਖ ਦਮੋਦਰ ਧੀਦੋ ਬਾਝੋਂ
ਜੀਵਨ ਮੇਡਾ ਨਾਹੀਂ'

ਦਮੋਦਰ ਇਸ ਬੰਦ ਨਾਲ ਹੀਰ-ਰਾਂਝੇ

ਦੇ ਪਿਆਰ ਨੂੰ ਹਕੀਕੀ ਰੂਪ ਵਿੱਚ ਪ੍ਰਕਟ ਕਰਦਾ ਹੈ"

'ਉਲਟੀ ਹੀਰ, ਹੀਰੇ ਵਿੱਚ ਰਾਂਝਾ,
ਹਾਲ ਨਾ ਜਾਨੇਂ ਕੋਈ
ਰਾਂਝਾ-ਰਾਂਝਾ ਕਿਹਨੂੰ ਆਖਾਂ
ਮੈਂ ਆਪੇ ਰਾਂਝਣ ਹੋਈ,
ਰਾਂਝਾ ਹੀਰ ਤੇ ਹੀਰ ਰਾਂਝੇ ਦੀ
ਰਤੀ ਫਰਕ ਨਾ ਕੋਈ
ਰਾਤੀ ਦੇਹਾਂ ਬਾਝ ਰੰਝੇਟੇ,
ਉਸ ਨੂੰ ਜਿਕਰ ਨਾ ਕੋਈ'

ਹੀਰ ਦੀ ਉਸ ਦੀ ਨਨਾਣ ਸਹਿਤੀ ਨਾਲ ਪ੍ਰਸ਼ਨੋ-ਉੱਤਰੀ ਚੱਲਦੀ ਹੈ, ਦਮੋਦਰ ਹੀਰ ਦੇ ਬਿਆਨਾਂ ਨੂੰ ਇੰਝ ਚਿਤਰਦਾ ਹੈ:

ਜਿਹੀ ਪ੍ਰੀਤ ਦਸਰਥ ਸੱਤ ਨੰਦਨ, ਦੂਜੀ ਸੀਤਾ ਆ ਹੀ,
ਜਿਹੀ ਪ੍ਰੀਤ ਨੰਦ ਕੇ ਨੰਦਨ, ਔਰ ਵਿਰਖ ਭਾਣ ਕੀ ਜਾਈ
ਹੁਣ ਤੈਂਡੀ, ਮੈਂਡੀ ਪ੍ਰੀਤ ਅਜਿਹੀ ਜਾ ਨੈਣ ਸਭ ਲੋਕਾਈ
ਆ ਦਮੋਦਰ ਸਨ ਮੀਆਂ ਰਾਂਝਾ, ਤੂੰ ਮੈਂਡਾ ਸਿਰ ਸਾਈਂ'

ਰਾਂਝਾ ਜੋਗੀਆਂ ਟਿੱਲੇ ਨਾਥ ਜੋਗੀ ਤੋਂ ਜੋਗ ਲੈਣ ਜਾਂਦਾ ਹੈ। ਸਾਰੇ ਕਿੱਸੇ ਵਿੱਚ ਕਿਤੇ ਗੋਰਖ ਦਾ ਨਾਮ ਨਹੀਂ ਆਉਂਦਾ, ਦਮੋਦਰ ਸਿੱਧ ਬਗਾਈ ਦਾ ਨਾਮ ਲੈਂਦਾ ਹੈ, ਜਿਸ ਤੋਂ ਰਾਂਝਾ ਜੋਗ ਲੈਂਦਾ ਹੈ। ਇਸ ਤੋਂ ਭਾਵ ਗੋਰਖਨਾਥ ਇਹਨਾਂ ਤੋਂ ਪਹਿਲਾਂ ਹੋਏ ਸਨ। ਦਮੋਦਰ ਹਰ ਪਲ ਭਾਰਤੀ ਸੰਸਕ੍ਰਿਤੀ ਵਿੱਚ ਰੰਗਿਆ ਹੋਇਆ ਲਿਖਦਾ ਹੈ:

'ਸਰਨੀ ਤੇਰੀ ਆਇਆ ਆ ਹੂੰ,
ਰਾਂਝੇ ਸੁਖਨ ਕੇਤੂ ਈ
ਜਿਹਨਾ ਤੇ ਕਿਰਿਆ ਤੁਮਰੀ ਹੋਈ,
ਜੱਗ ਤੇ ਤੁਰਿਆ ਸੌ ਈ
ਜੋਗ ਲਿਆ ਗੋਪੀ ਚੰਦ, ਭਰਥਰੀ,
ਮੈਂ ਗਰੀਬ ਕੀ ਹੋਈ
ਆਖ ਦਮੋਦਰ ਰਾਂਝਾ ਟਿੱਲੇ,
ਚਰਨੀ ਆ ਪਇਓ ਈ'

ਜੋਗ ਲੈਣ ਤੋਂ ਬਾਅਦ ਰਾਂਝਾ ਖੇੜਿਆਂ ਦੇ ਪਿੰਡ ਡੇਰਾ ਲਾਉਂਦਾ ਹੈ, ਸਹਿਤੀ ਹੀਰ ਨੂੰ ਜੋਗੀ ਨਾਲ ਮਿਲਾਉਂਦੀ ਹੈ:

ਹੀਰ ਕਹਿੰਦੀ ਹੈ:

*'ਸੁਨ ਵੇ ਨਿੰਘਰਿਆ ਜੋਗੀਆ!*
*ਰੋਗ ਨਾ ਮੈਂਡਾ ਛੀੜਾ*
*ਅੰਦਰ ਸਲਗੇ ਜਾਮਕੀ,*
*ਲਾਟ ਬੱਲੇ ਬਣ ਤੇਲ*
*ਢੋਲ ਨਾ ਕਾਈ ਬਾਤੜੀ*
*ਮਾਰ ਨਾ ਮੈਨੂੰ ਸੈਲ*
*ਜੇ ਤੁਧ ਰੋਗ ਵਣਜਾਰਨਾ,*
*ਤਾਂ ਚਾਕ ਅਸਾਂ ਨੂੰ ਮੇਲ'*

ਰਾਂਝਾ ਹੀਰ ਸਾਹਮਣੇ ਆਪਣਾ ਭੇਤ ਖੋਲਦਾ ਹੈ:

'ਤਖ਼ਤ ਹਜਾਰਾ ਜਮ ਹੈ,
ਚੰਦਲ ਵਹਿੰਦੀ ਨੀਰ
ਸਿੱਧ ਬਗਾਈ ਦੀ ਥਾਪਣਾ
ਜਿਹੜਾ ਟਿੱਲੇ ਦਾ ਪੀਰ
ਆ ਯਮ ਕਪਰ ਝਾਗ ਕੇ,
ਨੀਂ ਬੂਟੇ ਝੱਲ ਚੀਰ
ਅਖੀਂ ਵੇਖ ਸਨਜਾਨ ਤੋਂ,
ਮੈਂ ਰਾਂਝਾ ਤੇ ਤੂੰ ਹੀਰ'

ਸਹਿਤੀ ਇੱਕ ਔਰਤ ਦੀਆਂ ਭਾਵਨਾਵਾਂ ਅਤੇ ਸੱਚੇ ਪ੍ਰੇਮ ਦੇ ਦਰਦ ਨੂੰ ਸਮਝਦੀ ਹੈ। ਕਿਉਂਕਿ ਉਸ ਦਾ ਆਪਣਾ ਪ੍ਰੇਮ ਮੁਰਾਦ ਬਲੋਚ ਨਾਲ ਹੁੰਦਾ ਹੈ। ਉਹ ਹੀਰ ਅਤੇ ਰਾਂਝੇ ਨੂੰ ਮੁੜ ਤੋਂ ਮਿਲਾਉਣ 'ਚ ਅਹਿਮ ਭੂਮਿਕਾ ਅਦਾ ਕਰਦੀ ਹੈ। ਉਸ ਦੇ ਕਹਿਣ 'ਤੇ ਹੀ ਰਾਂਝਾ ਹੀਰ ਨੂੰ ਉਧਾਲ ਕੇ ਲੈ ਜਾਂਦਾ ਹੈ। ਖੇੜਿਆਂ ਦੇ ਘੋੜਸਵਾਰ ਅੱਗੇ ਜਾ ਕੇ ਦੋਹਾਂ ਨੂੰ ਫੜ ਲੈਂਦੇ ਹਨ ਅਤੇ ਰਾਂਝੇ 'ਤੇ ਹਮਲਾ ਕਰ ਦਿੰਦੇ ਹਨ। ਜਦੋਂ ਚੂਚਕ ਨੂੰ ਇਸ ਘਟਨਾ ਦਾ ਪਤਾ ਲਗਦਾ ਹੈ ਤਾਂ ਉਹ ਇਸ ਮਸਲੇ ਨੂੰ ਕੋਟ ਕਬੂਲੇ, ਅਬੂਲ ਫਤੈਹ ਦੀ ਕਚਹਰੀ ਵਿੱਚ ਪੇਸ਼ ਕਰ ਦਿੰਦਾ ਹੈ। ਕਾਜੀ ਮੂਹਰੇ ਹੀਰ ਆਪਣਾ ਜਵਾਬ ਦਾਵਾ ਆਪ ਦਿੰਦੀ ਹੈ:

'ਸੁਨ ਕਾਜੀ ਦਿਲ ਨਹੀਂ ਰਾਜੀ,
ਤੁਧ ਕੀ ਪਾਈ ਬਾਜੀ?
ਮੈਂ ਤਾਂ ਰਾਂਝੇ ਨਿਉਂ ਚਰੋਕਾ,
ਜਾਂ ਸਾਹਿਬ ਖਲਕਤ ਸਾਜੀ
ਰੱਬ ਨਿਕਾਹ ਦਿਲਾਂ ਦੇ ਬੱਧੇ,
ਤੂੰ ਕੀ ਬਨਹਸੀ ਕਾਜੀ
ਸਹੀ ਸ਼ਰ੍ਹਾ ਨਿਆਉਂ ਚਕਾਈ,
ਜੇ ਇਸ਼ਕ ਨਾ ਚੱਖੀਆ ਭਾਜੀ'

ਹੀਰ ਫੇਰ ਕਹਿੰਦੀ ਹੈ:

'ਤੂੰ ਕਿਉਂ ਜੋਰੀ ਕਰਨਾ ਐਂ ਕਾਜੀ,
ਡਰੇਂ ਖੁਦਾ ਤੋਂ ਨਾਹੀਂ
ਮੇਰਾ ਹੱਕ ਰੰਝੇਟਾ ਇਹੋ,
ਜਾਣੇ ਸਭ ਲੋਕਾਈ
ਲੈ ਕਰ ਵੱਢੀ ਹੱਕ ਗਵਾਈ,
ਕੱਢ ਕਿਤਾਬ ਵਿਖਾਈ
ਆਖ ਦਮੋਦਰ ਹੀਰ ਆਖੇ ਕਾਜਾ!
ਭਲਾ ਨਿਆਉਂ ਚੁਕਾਈ'

ਕਾਜੀ ਖੇੜਿਆਂ ਦੇ ਹੱਕ ਵਿੱਚ ਫੈਸਲਾ ਸੁਣਾਉਂਦਾ ਹੈ:

'ਖੇੜਾ ਤੇਰਾ ਹੱਕ ਜੋ ਹੀਰੇ,
ਤੈਨੂੰ ਨਾਂਹ ਛੜੀਸੀ
ਕੀਕਣ ਹੋਵੇ ਇਹ ਸੁਣ ਹੀਰੇ
ਖਸਮ ਸੁੱਟ ਕੇ ਯਾਰ ਮਨੀਸੀ'

ਜਦੋਂ ਕਾਜੀ ਨੇ ਹੀਰ ਖੇੜਿਆਂ ਨੂੰ ਦੇ ਦਿੱਤੀ ਤਾਂ ਨਗਰ ਵਿੱਚ ਭਾਰੀ ਅੱਗ ਲੱਗ ਗਈ:

'ਤਾਂ ਕਲਰ ਕੋਟ ਕਬੂਲੇ ਸੁਣਦੇ,
ਅੱਗ ਲੱਗੀ ਦਰਵਾਜੇ'

ਇਸ ਫੈਸਲੇ ਦੇ ਖਿਲਾਫ ਨਗਰ ਦੇ ਲੋਕ ਉੱਠ ਖੜੇ ਹੋਏ, ਕੈਦੋਂ ਫੈਸਲੇ ਦੇ ਹੱਕ ਵਿੱਚ ਸੀ, ਪਰ ਚੂਚਕ ਫੈਸਲੇ ਦੇ ਵਿਰੁੱਧ ਸੀ। ਅੰਤ ਨੂੰ ਕਾਜੀ ਨੂੰ ਆਪਣਾ ਫੈਸਲਾ ਬਦਲਣਾ ਪਿਆ।

'ਸਭਾ ਪਈ ਜੋਗੀ ਦੇ ਪੈਰੀਂ,
ਅਜਮਤ ਚਾਕ ਵਿਖਾਈ
ਕਾਜੀ, ਮੁਫਤੀ ਤੇ ਕੁੱਲ੍ਹ ਆਲਮ
ਸਭਾ ਮਿੰਨਤ ਆਈ
ਗੱਲ ਵਿੱਚ ਪਲ, ਦਸਤ ਪੈਰਾਂ ਤੇ
ਅਜਮਤ ਭਲੀ ਵਿਖਾਈ
ਆਖ ਦਮੋਦਰ ਹੀਰ ਹੱਕ ਤੈਂਡਾ,
ਮਿਲ ਜੋਗੀ ਥੇ ਆਈ'

ਲੋਕਾਂ ਨੇ ਖੇੜਿਆਂ ਨੂੰ ਭਜਾ ਦਿੱਤਾ:

'ਸਭਾ ਆ ਪੈਰਾਂ ਨੂੰ ਲੱਗੀ, ਅਜਮਤ ਚਾਕ ਵਿਖਾਈ
ਹਾਕਮ, ਕਾਜੀ ਤੇ ਕੁੱਲ੍ਹ ਆਲਮ, ਸਭਾ ਜਿਆਰਤ ਆਈ
ਪਹਿਲੋਂ ਮਾਰ ਕੱਢੇ ਖੀੜਿਆਦ ਨੂੰ, ਵਿੱਤ ਨਾ ਦੇਣ ਵਿਖਾਈ
ਆਖ ਦਮੋਦਰ ਕੱਢੇ ਖੇੜੇ ਤਾਂ ਸੱਤ ਚਿੱਟੇ ਸਿਰ ਛਾਈਂ'

ਹੁਣ ਦਮੋਦਰ ਕਿੱਸੇ ਦੀ ਸਮਾਪਤੀ ਵੱਲ ਵਧਦਾ ਹੈ:

ਪੰਦਰਾ ਸੌ ਅੰਤਰੀ,
ਸੰਮਤ ਬਿਕਰਮ ਰਾਏ
ਹੀਰ ਤੇ ਰਾਂਝਾ ਹੋਏ ਇੱਕਠੇ
ਝੇੜੇ ਰੱਬ ਚੁਕਾਏ
ਪਾਤਸ਼ਾਹੀ ਜੋ ਅਕਬਰ ਸੁਣਦੀ,
ਦਿਨ ਦਿਨ ਚੜ੍ਹੇ ਸਿਵਾਏ
ਆਖ ਦਮੋਦਰ ਰਈਏ ਅਸੀਸਾਂ
ਸ਼ਹਿਰੋਂ ਬਾਹਰ ਆਏ

ਦਮੋਦਰ ਦੇ ਕਿੱਸੇ ਮੁਤਾਬਿਕ ਹੀਰ ਤੇ ਰਾਂਝਾ ਮੱਕੇ ਵੱਲ ਜਿਆਰਤ ਕਰਨ ਤੁਰ ਜਾਂਦੇ ਹਨ। ਦਮੋਦਰ ਕਿੱਸੇ ਦਾ

ਆਖਰੀ ਬੰਦ ਆਪਣੀ ਆਤਮਾ ਨੂੰ ਪਾਠਕਾਂ ਅੱਗੇ ਰੱਖ ਕੇ ਲਿਖਦਾ ਹੈ:

'ਪੂਰੀ ਭਈ ਕਥਾ ਹੀਰੇ ਦੀ, ਇਸ ਸਮ ਇਸ਼ਕ ਨਾ ਕੋਈ
ਜਿਉਂ ਚਾਈਂ ਤੋੜ ਨਿਭਾਈ ਜਾਨਤ ਹੈ ਤੁਰੇ ਲੋਈ
ਨਾਉ ਦਮੋਦਰ ਜਾਤ ਗਲਹਾਟੀ, ਡਿੱਠਾ ਸੋ ਲਿਖਿਓ ਈ
ਵਿੱਚ ਸਿਆਲੀ ਪਾਸ ਚੂਚਕ ਦੇ ਅਸਾਂ ਤਾਂ ਰਹਿਣ ਕੇਤੂ ਈ'

ਦਮੋਦਰ ਦੇ ਕਿੱਸੇ ਦੀ ਸਮਾਪਤੀ ਪੂਰੀ ਤਰਾਂ ਸੁਖਾਂਤਕ ਹੈ, ਕਿੱਸੇ ਦੀ ਕਹਾਣੀ ਦੀ ਬਣਤਰ ਵਿੱਚ ਕਿਤੇ ਵੀ ਕਲਪਣਾ-ਗਲਪ ਦੀ ਨਿਸ਼ਾਨੀ ਨਜ਼ਰ ਨਹੀਂ ਆਉਂਦੀ। ਕਹਾਣੀ ਦੀ ਬਣਤਰ ਦਮੋਦਰ ਦੁਆਰਾ ਅੱਖੀਂ ਡਿੱਠਾ ਯਥਾਰਥ ਦਾ ਚਿਤਰਣ ਹੈ। ਜੇਕਰ ਕਿੱਸੇ ਵਿੱਚ ਦਮੋਦਰ ਦੇ ਲਿਖੇ ਹੋਏ ਸ਼ਬਦਾਂ ਅਤੇ ਤੱਥਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਘਟਨਾਵਾਂ ਸਮੇਂ-ਅਨੁਸਾਰ ਸਹੀ ਬੈਠਦੀਆਂ ਹਨ। ਕੋਟ ਕਬੂਲੇ, ਅਬੁਲ ਫਤੈਹ ਵੇਲੇ ਪੰਜਾਬ ਅਤੇ ਦਿੱਲੀ ਵਿੱਚ ਲੋਧੀ ਵੰਸ਼ ਦਾ ਰਾਜ ਸੀ। ਦਮੋਦਰ ਹੀਰ ਤੇ ਰਾਂਝੇ ਦੇ ਦੁਬਾਰਾ ਮੇਲ ਦਾ ਸਮਾਂ ਪੰਦਰਾਂ ਸੌ ਅੰਤਰੀ ਸੰਮਤ ਬਿਕਰਮੀ ਲਿਖਦਾ ਹੈ, ਇਹ 1472 ਈ. ਸਨ ਬਣਦਾ ਹੈ। ਦਮੋਦਰ ਨੇ ਹੀਰ ਦੇ ਪਿੰਡ ਜਿਹੜੀ ਹੱਟੀ ਪਾਈ ਸੀ, ਲਗਦੈ ਉਹ 1460-65 ਦੇ ਵਿਚਕਾਰ ਪਾਈ ਹੋਵੇਗੀ। ਪਾਣੀਪਤ ਦੇ ਦੂਜੇ ਯੁੱਧ ਵਿੱਚ ਅਕਬਰ ਜੇਤੂ ਹੋਇਆ ਸੀ ਅਤੇ ਹਿੰਦੋਸਤਾਨ ਦੀ ਗੱਦੀ 'ਤੇ ਬੈਠਿਆ ਸੀ, ਇਹ ਸਮਾਂ ਸੀ 1556 ਈ. ਸਨ, ਹੋ ਸਕਦੈ ਦਮੋਦਰ ਨੇ ਇਹ ਕਿੱਸਾ 1556-65 ਦੇ ਵਿਚਕਾਰ ਲਿਖਿਆ ਹੋਵੇ ਜਦੋਂ ਹਿੰਦੋਸਤਾਨ ਉੱਪਰ ਅਕਬਰ ਦਾ ਰਾਜ ਸੀ ਅਤੇ ਇਸ ਹਿਸਾਬ ਨਾਲ ਦਮੋਦਰ ਦੀ ਉਮਰ 110 ਵਰ੍ਹਿਆਂ ਦੀ ਹੋਵੇ, ਭਾਵ ਉਸ ਦਾ ਜਨਮ 1450 ਈ. ਸਨ ਦੇ ਆਸ ਪਾਸ ਹੋਵੇ, ਇੰਝ ਉਹ ਹੀਰ ਦਾ ਹਾਣੀ ਹੋਇਆ। ਬਾਬਾ ਸ੍ਰੀ ਚੰਦ ਜੀ ਨੇ ਵੀ 125 ਵਰ੍ਹਿਆਂ ਦੀ ਉਮਰ ਹੰਢਾਈ ਸੀ। ਦਮੋਦਰ ਨੇ ਖੁਦ ਕਿੱਸੇ ਵਿੱਚ ਇਸ ਵੱਲ ਇਸ਼ਾਰਾ ਵੀ ਕੀਤਾ ਹੈ: ਜਦੋਂ ਰਾਂਝਾ ਸਹਿਤੀ ਨਾਲ ਗੱਲਾਂ ਕਰਦਾ ਹੈ:

'ਸਨ ਵੇ ਚਾਕਾ! ਛਾਹ ਪਿਆਕਾ,
ਤੈਨੂੰ ਮਤ ਨਾ ਆਈ
ਹੀਰ ਨਾ ਤੁਧ ਪਰਬਤ ਤੇ ਚਾੜ੍ਹੀ,
ਨਾ ਤੁਧ ਸਿੰਧ ਲੰਘਾਈ
ਫਿਰ ਫਿਰ ਝੰਗ ਸਿਆਲਾਂ ਦੇ ਵਿੱਚ,
ਸੰਜੇ ਬਾਜੀ ਪਾਈ
ਆਖ ਦਮੋਦਰ ਭੌਂਦੀ ਹੈ
ਤੱਤੀ ਦੇ ਸਿਰ ਆਈ'

ਇੱਥੇ ਦਮੋਦਰ ਮਹਾਂਭਾਰਤ ਵਾਲੇ ਸੰਜੇ ਦੀ ਗੱਲ ਕਰਦਾ ਹੈ, ਜੋ ਦੂਰ ਬੈਠਾ ਯੁੱਧ ਦਾ ਸਾਰਾ ਹਾਲ ਧ੍ਰਿਤਰਾਸ਼ਟਰ ਨੂੰ ਸੁਣਾਉਂਦਾ ਹੈ। ਦਮੋਦਰ ਦੀ ਆਤਮਾ ਸੰਜੇ ਵਾਂਗ ਉਸ ਦੇ ਬਚਪਨ ਅਤੇ ਨੌਜਵਾਨੀ ਵਿੱਚ ਅੱਖੀਂ ਦੇਖੀਆਂ ਸਾਰੀਆਂ ਘਟਨਾਵਾਂ ਨੂੰ ਅਕਬਰ ਦੇ ਰਾਜ ਵੇਲੇ ਆਪਣੀ ਮਾਂ ਬੋਲੀ ਝਾਂਗੀ ਅਤੇ ਲਿੱਪੀ ਟਾਕਰੀ ਵਿੱਚ ਕਲਮਬੰਦ ਕਰਦਾ ਹੈ। ਉਸ ਦਾ ਦਿਲ ਅਤੇ ਮਨ ਗੰਗਾ ਜਲ ਵਾਂਗ ਪਵਿੱਤਰ ਹੈ, ਸਾਰੇ ਕਿੱਸੇ ਵਿੱਚ ਕਿਤੇ ਕੋਈ ਫਰੇਬ ਜਾਂ ਮਨਘੜੰਤ ਗੱਲ ਨਜ਼ਰ ਨਹੀਂ ਆਉਂਦੀ। ਨੂਰੇ ਚੰਦੜ ਦੀ ਘਟਨਾ ਕਹਾਣੀ ਦਾ ਭਾਗ ਨਾ ਹੁੰਦੇ ਹੋਏ ਵੀ, ਕਿੱਸੇ ਵਿੱਚ ਅਹਿਮ ਸਥਾਨ ਰੱਖਦੀ ਹੈ, ਜੇਕਰ ਇਹ ਰਚਨਾ ਗਲਪ ਹੁੰਦੀ ਤਾਂ ਇਸ ਘਟਨਾ ਦਾ ਜ਼ਿਕਰ ਨਾ ਆਉਂਦਾ। ਯਥਾਰਥ ਕਾਰਨ ਹੀ, ਇਹ ਘਟਨਾ ਕਿੱਸੇ ਵਿੱਚ ਸ਼ਾਮਿਲ ਹੋ ਗਈ। ਭਾਈ ਗੁਰਦਾਸ (1551-1636) ਜੀ ਆਪਣੀ ਬਾਣੀ ਵਿੱਚ ਇੱਕ ਵਿਦਵਾਨ ਦੇ ਤੌਰ 'ਤੇ ਦਮੋਦਰ ਦਾ ਜ਼ਿਕਰ ਕਰਦੇ ਹਨ ਅਤੇ ਆਪਣੀ 27ਵੀਂ ਵਾਰ ਵਿੱਚ ਲਿਖਦੇ ਹਨ: 'ਰਾਂਝਾ-ਹੀਰ ਵਿਖਾਣੀਐ ਉਹ ਪਿਰਮ ਪਰਾਤੀ'

(ਹਥਲੀ ਲਿਖਤ, ਹੀਰ-ਰਾਂਝੇ ਦੀ ਅਮਰ ਕਹਾਣੀ ਨੂੰ- ਕਿੱਸੇ ਦੇ ਰੂਪ ਵਿੱਚ ਬੋਹੜ ਦੀ ਇੱਕ ਟਾਹਣੀ- ਪੰਜਾਬ ਦੀ ਧਰਤੀ ਵਿੱਚ ਲਾਉਣ ਵਾਲੇ ਦਮੋਦਰ ਗਲਾਟੀ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ।)




**ਪ੍ਰੇਮਲਤਾ**
ਪ੍ਰਿੰਸੀਪਲ ਸਰਦਾਰ ਪਟੇਲ ਗਰੀਨ ਵੁੱਡ
ਪਬ. ਸੀ. ਸੈ. ਸਕੂਲ,
ਧੂਰੀ 9814341746




**ਸ. ਨਵਤੇਜ ਸਿਘ**
*(1925-1981)* ਦੀ 45ਵੀਂ ਬਰਸੀ ਉੱਤੇ ਉਨ੍ਹਾਂ ਦੇ ਕੀਤੇ ਕੰਮ ਨੂੰ ਯਾਦ ਕਰਦੇ ਅਤੇ ਉਨ੍ਹਾਂ ਨੂੰ ਸਲਾਮ ਕਰਦੇ ਹਾਂ- **ਪ੍ਰੀਤ ਲੜੀ**

## ਨਵੀਂ ਕਿਤਾਬ



*ਡੀਏਵੀ ਮਲੋਟ ਦੇ ਪ੍ਰਿੰਸੀਪਲ ਰਾਕੇਸ਼ ਕੁਮਾਰ ਵੱਲੋਂ ਡਾ. ਵਿਜੈ ਗਰਗ ਦੀ ਪੁਸਤਕ "Most Influential Indian Scientists of All Times" ਦਾ ਲੋਕ ਅਰਪਣ ਕੀਤਾ ਗਿਆ। ਇਹ ਪੁਸਤਕ ਭਾਰਤ ਦੇ ਮਹਾਨ ਵਿਗਿਆਨੀਆਂ ਦੇ ਜੀਵਨ, ਸੰਘਰਸ਼, ਖੋਜਾਂ ਅਤੇ ਵਿਗਿਆਨਕ ਯੋਗਦਾਨ ਨੂੰ ਬਹੁਤ ਹੀ ਸਰਲ ਅਤੇ ਪ੍ਰੇਰਣਾਦਾਇਕ ਢੰਗ ਨਾਲ ਪੇਸ਼ ਕਰਦੀ ਹੈ; ਅਜਿਹੀਆਂ ਪੁਸਤਕਾਂ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ, ਖੋਜ ਦੀ ਭਾਵਨਾ ਅਤੇ ਨਵੀਨਤਾ ਪ੍ਰਤੀ ਰੁਚੀ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਅਤੇ ਦੇਸ਼ ਦੀ ਤਰੱਕੀ ਵਿਚ ਹਿੱਸਾ ਪਾਉਣ ਲਈ ਪ੍ਰੇਰਣਾ ਦਿੰਦੀਆਂ ਹਨ। ਸਿੱਖਿਆ ਅਤੇ ਸਾਹਿਤ ਖੇਤਰ ਵਿੱਚ ਡਾ. ਵਿਜੇ ਗਰਗ ਵੱਲੋਂ ਪਾਏ ਜਾ ਰਹੇ ਮਹੱਤਵਪੂਰਨ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਗਈ।*

48ਵੀਂ ਬਰਸੀ ’ਤੇ

# ਗੁਰਬਖਸ਼ ਸਿੰਘ ਦੀ ਪੰਜਾਬ ਨੂੰ ਦੇਣ

## ਲੇਖਕ – ਗੁਰਚਰਨ ਸਿੰਘ ਸਹਿੰਸਰਾ

(“ਵਤਨੋਂ ਦੂਰ” ਦੇ ਮਈ, 1978 ਦੇ ਅੰਕ ਵਿੱਚ ਛਪਿਆ, ਹੁਣ ਉਨ੍ਹਾਂ ਦੁਬਾਰਾ ਛਾਪਿਆ ਹੈ- ਔਨਲਾਈਨ ਹਾਸਿਲ ਕਰਾਉਣ ਲਈ। ਅਮਰਜੀਤ ਚੰਦਨ ਮੁਤਾਬਕ ‘ਇਹ ਸ਼ਾਇਦ ਸਰਦਾਰ ਗੁਰਬਖ਼ਸ਼ ਸਿੰਘ ਉੱਤੇ ਕਿਸੇ ਪੰਜਾਬੀ ਸਰਗਰਮ ਕਮਿਊਨਿਸਟ ਵੱਲੋਂ ਲਿਖਿਆ ਸਭ ਤੋਂ ਚੰਗਾ ਲੇਖ ਹੈ। ਲੇਖਕ ਦੀ ਆਪਾ-ਨਿਘੋਚੂ ਪਹੁੰਚ ਤੋਂ ਹੈਰਾਨੀ ਹੋਈ ਹੈ’। – ਸੰ.)

**ਸ. ਗੁਰਬਖਸ਼ ਸਿੰਘ** ਸਾਡੇ ਜੁਗ ਦੀ ਮੰਨੀ ਪਰਮੰਨੀ ਇਤਿਹਾਸਕ ਹਸਤੀ ਹਨ। ਸਾਡੇ ਜੁਗ ਤੋਂ ਮੁਰਾਦ ਉਹ ਸਮਾਂ ਹੈ ਜੋ ਸਰਮਾਇਆਦਾਰ ਜਮਹੂਰੀਅਤ ਤੇ ਫ਼ਿਊਡਲ ਜੁਗ ਦੀ ਸਮਾਜੀ ਤੇ ਸਿਆਸੀ ਜੂਲੀ ਪਾੜਨ ਤੇ ਦੇਸ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ੀ ਸਾਮਰਾਜ ਨਾਲ ਸੰਗਰਾਮ ਕਰਨ ਵਿੱਚ ਲੰਘਿਆ। ਇਕ ਪਾਸੇ ਜਨਤਾ ਦੀ ਅਨਪੜ੍ਹਤਾ ਤੇ ਅਗਿਆਨਤਾ ਦੇ ਕਾਰਨ ਫਿਊਡਲ ਰਹਿਤ ਦੇ ਪਿਛਾਖੜ ਨੇ ਜਨਤਾ ਨੂੰ ਧਾਰਮਿਕ ਸ਼ਰਧਾ ਦੇ ਵਹਿਮਾਂ ਭਰਮਾਂ, ਜਾਤਪਾਤ ਦੀਆਂ ਵੰਡੀਆਂ ਤੇ ਵਿਤਕਰਿਆਂ ਤੇ ਕਰਮ ਕਾਂਡਾਂ, ਸਾਧਾਂ ਸੰਤਾਂ, ਪੀਰਾਂ ਫਕੀਰਾਂ ਤੇ ਮੜ੍ਹੀ ਮਸਾਣਾਂ ਦੀ ਮਾਨਤਾ, ਸਮਾਜੀ ਸੰਸਕਾਰਾਂ ਅੰਦਰ ਜਾਦੂ ਟੂਣਿਆਂ ਤੇ ਕਰਾਮਾਤਾਂ ਦੇ ਪਾਖੰਡਾਂ ਵਿੱਚ ਗਰਸਿਆ ਹੋਇਆ ਸੀ, ਦੂਸਰੇ ਪਾਸੇ ਅੰਗਰੇਜ਼ੀ ਸਾਮਰਾਜ ਆਪਣੇ ਹਿਤਾਂ ਲਈ ਸਾਡੇ ਦੇਸ਼ ਦੀ ਆਰਥਕ, ਸਮਾਜੀ ਤੇ ਸਿਆਸੀ ਉਨਤੀ ਤੇ ਪਸਾਰ ਨੂੰ ਰੋਕੀ ਖੜਾ ਸੀ।

ਫਿਊਡਲਚਾਰੇ ਦੀ ਇਹ ਪਿਛਾਖੜ ਅੰਗਰੇਜ਼ ਦੇ ਬੜੇ ਕੰਮ ਆ ਰਹੀ ਸੀ। ਉਹ ਏਸ ਨੂੰ ਸਾਡੇ ‘ਤੇ ਠੋਸੀ ਰੱਖ ਕੇ ਜਨਤਾ ਨੂੰ ਜਮਹੂਰੀ ਸੋਝੀ ਨਹੀਂ ਸੀ ਆਉਣ ਦੇਣਾ ਚਾਹੁੰਦਾ। ਸਿਆਸੀ ਤੌਰ ‘ਤੇ ਇਹ ਅੰਗਰੇਜ਼ੀ ਸਾਮਰਾਜ ਤੇ ਫਿਊਡਲ ਪਿਛਾਖੜ ਤੋਂ ਛੁਟਕਾਰਾ ਪਾਉਣ ਦਾ ਬੁਰਜੁਆ ਜਮਹੂਰੀ ਇਨਕਲਾਬ ਦਾ ਦੌਰ ਸੀ। ਫਿਊਡਲਿਜ਼ਮ ਤੋਂ ਅਗਾਂਹ ਸਰਮਾਇਦਾਰੀ ਵਲ ਵਧਣ ਦਾ ਸਮਾਂ। ਭਾਵ ਪਿਛਾਖੜ ਤੋਂ ਅਗੇਤਰ ਵਲ ਬਦਲੀ ਹੋ ਰਹੀ ਸੀ।

ਇਹ ਇਤਿਹਾਸਕ ਬਦਲੀਆਂ ਦੋ ਤਰ੍ਹਾਂ ਹੁੰਦੀਆਂ ਹਨ, ਇਨਕਲਾਬ ਜਾਂ ਰੁਮਕ (ਐਵੋਲਿਊਸ਼ਨ) ਨਾਲ। ਇਨਕਲਾਬੀ ਬਦਲੀ ਲੋਕਾਂ ਦੀ ਸਿਆਸੀ ਜਾਗ੍ਰਤ ਦੇ ਜ਼ੋਰ ‘ਤੇ ਜਬਰ ਨਾਲ ਛੜੱਪਾ ਮਾਰ ਕੇ ਹੁੰਦੀ ਹੈ। ਰੁਮਕ ਵਾਲੀ ਬਦਲੀ ਸਮੇਂ ਦੀਆਂ ਪੈਦਾਵਾਰ ਹਾਲਤਾਂ ਅੰਦਰ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਨਾਲੋ ਨਾਲ ਜਨਤਾ ਦੇ ਵਿਚਾਰਾਂ ਤੇ ਕਰਨੀਆਂ ਨੂੰ ਮੱਠੀ ਮੱਠੀ ਚਾਲੇ ਅਗਾਂਹ ਲਈ ਜਾਂਦੀ ਹੈ, ਜਿਸ ਨੂੰ ਲੋਕ ਸ਼ਬਦਾਵਲੀ ਵਿੱਚ ਸੁਧਾਰ ਆਖ ਲਿਆ ਜਾਂਦਾ ਹੈ। ਇਨਕਲਾਬ ਦਾ ਚਾਰਾ ਤਾਂ ਪੋਲੀਟਕਲ ਪਾਰਟੀਆਂ ਤੇ ਉਹਨਾਂ ਦੀ ਲੀਡਰਸ਼ਿੱਪ ਕਰਦੀ ਹੈ, ਪਰ ਸਮਾਜ ਨੂੰ ਰੁਮਕਾਉਣ ਦਾ ਕੰਮ ਸੂਝਵਾਨ ਵਿਅਕਤੀ ਹੀ ਕਰਦੇ ਹਨ।

ਸਾਡਾ ਸੁਧਾਰ ਸਮਾਂ ਅੰਗਰੇਜ਼ ਵਿਰੁੱਧ ਆਜ਼ਾਦੀ ਦੀ ਲੜਾਈ ਨਾਲੋਂ ਪਹਿਲਾਂ ਸ਼ੁਰੂ ਹੋਇਆ। ਆਰੀਆ ਸਮਾਜ ਤੇ ਸਿੰਘ ਸਭਾ ਇਸ ਸੁਧਾਰ ਦੀਆਂ ਲਹਿਰਾਂ ਸਨ, ਜੋ ਕੇਵਲ ਧਾਰਮਿਕ ਮਨਾਉਤਾਂ ਤੇ ਕਰਮਕਾਂਡਾਂ ਵਿੱਚ ਸੁਧਾਰ ਦੀਆਂ ਮੀਰੀ ਤਾਂ ਸਨ ਪਰ ਸਮਾਜੀ ਜੀਵਨ ਨੂੰ ਪਿਛਾਖੜ ਤੋਂ ਮੁਕਤ ਨਹੀਂ ਕਰਵਾਉਂਦੀਆਂ ਸਨ। ਇਹ ਕੰਮ ਲੋਕਾਂ ਵਿੱਚ ਸਿਆਸੀ ਜਾਗ੍ਰਤੀ ਆਏ ਬਿਨਾਂ ਨਹੀਂ ਤੁਰਨਾ ਸੀ। ਪਰ ਵੀਹਵੀਂ ਸਦੀ ਚੜ੍ਹਦਿਆਂ ਦੇਸ਼ ਦੇ ਸੂਝਵਾਨਾਂ ਵਿੱਚ ਅੰਗਰੇਜ਼ ਦੀ ਗੁਲਾਮੀ ਵਿਰੁੱਧ ਰੋਹ ਜਾਗਣ ਲਗ ਪਿਆ ਜੋ ਸਮੇਂ ਸਮੇਂ ਜਨਤਕ ਲਹਿਰਾਂ ਤੇ ਮੋਰਚਿਆਂ ਵਿੱਚ ਫੁਟ ਤੁਰਦਾ ਰਿਹਾ।

ਪਹਿਲੀ ਵੱਡੀ ਜੰਗ ਮੁੱਕਣ ਤੋਂ ਬਾਅਦ ਕੌਮੀ ਲਹਿਰ ਅੰਦਰ ਸਮੇਂ ਸਮੇਂ ਉਭਾਰ ਆਉਣ ਲੱਗ ਪਏ। 1921 ਦੀ ਕਾਂਗਰਸ ਲਹਿਰ ਤੇ ਇਸ ਦੇ ਨਾਲ ਹੀ ਉੱਠ ਤੁਰੀ ਅਕਾਲੀ ਲਹਿਰ ਦੇ ਅੰਗਰੇਜ਼ ਹਕੂਮਤ ਨਾਲ ਲਾਏ ਮੋਰਚੇ ਨੇ ਜਨਤਾ ਵਿੱਚ ਆਜ਼ਾਦੀ ਦੀ ਰੂਹ ਫੂਕ ਦਿੱਤੀ। ਉਧਰੋਂ ਰੂਸੀ ਇਨਕਲਾਬ ਦੀ ਸਫਲਤਾ ਦੀਆਂ ਸੋਆਂ ਦੀ ਲਾਗ ਨਾਲ ਕਿਰਤੀ ਤੇ ਕਿਸਾਨ ਜਮਾਤਾਂ ਦੇ ਵਿਚਾਰਵਾਨ ਸਮਾਜਵਾਦ ਦੀ ਲਾਈਨ ਗ੍ਰਹਿਣ ਕਰਨ ਲੱਗ ਪਏ। ਕਾਂਗਰਸ ਦੇ ਫੈਲਣ ਦੇ ਨਾਲ ਨਾਲ ਕਮਿਊਨਿਸਟ ਪਾਰਟੀ ਅਤੇ ਕਿਰਤੀ ਕਿਸਾਨਾਂ



ਗੁਰਚਰਨ ਸਿੰਘ ਸਹਿੰਸਰਾ, 1934. ਗਦਰ ਪਾਰਟੀ ਦਾ ਇਤਿਹਾਸ” ਦਾ ਸਰਵਰਕ

### ਗੁਰਚਰਨ ਸਿੰਘ ਸਹਿੰਸਰਾ

(24 ਦਸੰਬਰ 1907- 7 ਮਈ 1979)

*ਭਾਰਤੀ ਆਜ਼ਾਦੀ ਘੁਲਾਟੀਏ ਅਤੇ ਪੰਜਾਬੀ ਸਾਹਿਤਕਾਰ ਸਨ। ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਦੇਸ਼ ਦੀ ਸੁੰਤਤਰਤਾ ਦੀ ਖਾਤਰ ਜੂਝਣ ਵਾਲੇ ਸੰਗਰਾਮੀ ਵੀ ਸਨ ਤੇ ਇਸ ਸੰਗਰਾਮ ਦੇ ਇਤਿਹਾਸਕਾਰ ਵੀ ਸਨ।*

*ਗੁਰਚਰਨ ਸਿੰਘ ਸਹਿੰਸਰਾ ਨੇ ਆਪਣਾ ਸਾਰਾ ਜੀਵਨ ਇਨਕਲਾਬੀ ਲਹਿਰਾਂ ਵਿੱਚ ਸਰਗਰਮ ਮੈਂਬਰ ਵਜੋਂ ਕੰਮ ਕਰਦੇ ਗੁਜ਼ਾਰਿਆ। ਉਹ ਕ੍ਰਾਂਤੀਕਾਰੀ ਚੇਤਨਾ ਵਾਲੇ ਬੁੱਧੀਜੀਵੀ ਸਨ ਅਤੇ ਰੁਮਾਂਟਿਕ ਬਿਰਤੀ ਦੇ ਧਾਰਨੀ ਵੀ ਸਨ।*

*ਉਹਨਾਂ ਨੂੰ ਪੰਜਾਬੀ ਦੇ ਪ੍ਰਮੁੱਖ ਸਾਹਿਤਕ ਸੰਗਠਨ ‘ਕੇਂਦਰੀ ਪੰਜਾਬੀ ਲੇਖਕ ਸਭਾ’ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਵਿੱਚ ਉਹਨਾਂ ਨੇ ਬੜੀ ਲਗਨ ਵਿਖਾਈ। ਕਿਰਤੀ ਪਾਰਟੀ ਦੇ ਸਰਗਰਮ ਮੈਂਬਰ ਰਹੇ ਅਤੇ ਅਖ਼ਬਾਰ ‘ਕਿਰਤੀ’, ‘ਲਾਲ ਢੰਡੋਰਾ’, ‘ਪ੍ਰੀਤਮ’ ਪਰਚਿਆਂ ਦੇ ਸੰਪਾਦਕ ਦਾ ਕੰਮ ਕੀਤਾ। ਆਪਣੇ ਜੀਵਨ ਦਾ ਵਡੇਰਾ ਭਾਗ ਸੁਤੰਤਰਤਾ ਸੰਗਰਾਮ ਅਤੇ ਲੋਕ ਲਹਿਰਾਂ ਲਈ ਸਿਧਾਂਤਕ ਸਰਗਰਮੀ ਵਿੱਚ ਗੁਜ਼ਾਰਿਆ।*

*ਦੇਸ਼ ਭਗਤ ਯਾਦਾਗਰ ਹਾਲ ਵਿੱਚ ਰਹਿ ਕੇ ਆਪਣੇ ਵਰਗੇ ਹੀ ਹੋਰਨਾਂ ਸੰਗਰਾਮੀਆਂ ਦੁਆਰਾ ਅਮਲ ਵਿੱਚ ਰਚੇ ਇਤਿਹਾਸ ਨੂੰ ਕਲਮਬੰਦ ਕੀਤਾ। ਇਸ ਕਲਮ ਨਾਲ ਉਹਨਾਂ ਦੀ ਸਿਧਾਂਤਕ ਲਿਖਤ ਦੇ ਪੱਖ ਵਿੱਚ ਮਜ਼ਬੂਤੀ ਅਤੇ ਪਰਪੱਕਤਾ ਆਈ। ਸਹਿੰਸਰਾ ਤੋਂ ਪਹਿਲਾਂ ਵੀ ਅਜਿਹੇ ਲੇਖਕ ਬਹੁਤ ਸਨ ਜਿਹਨਾਂ ਨੇ ਸੰਗਰਾਮੀ ਜੀਵਨ ਵਿੱਚ ਵੀ ਅਹਿਮ ਯੋਗਦਾਨ ਦਿੱਤਾ ਅਤੇ ਕਵਿਤਾਵਾਂ, ਕਹਾਣੀਆਂ ਰਾਹੀਂ ਆਪਣੇ ਜ਼ਿੰਦਗੀ ਦੇ ਅਨੁਭਵ ਵੀ ਪੇਸ਼ ਕੀਤੇ। ਸਹਿੰਸਰਾ ਦੀ ਪਹਿਲੀ ਕਹਾਣੀ ‘ਸਾਈਕਲੋ ਮਸ਼ੀਨ’ ਸੀ ਜੋ ਕਾਫ਼ੀ ਚਰਚਿਤ ਹੋਈ।*

ਰਚਨਾਵਾਂ: *ਗ਼ਦਰ ਪਾਰਟੀ ਦਾ ਇਤਿਹਾਸ (1961), ਉਹ ਵੀ ਦਿਨ ਸਨ (1965), ਡਿੱਠੇ ਸੁਣੇ ਪਠਾਣ (1981), ਇਤਿਹਾਸਕ ਪਦਾਰਥਵਾਦੀ ਆਲੋਚਨਾ (1976)*

ਤੇ ਨੌਜਵਾਨਾਂ ਦੀਆਂ ਇਨਕਲਾਬੀ ਜਥੇਬੰਦੀਆਂ ਬਣ ਗਈਆਂ ਜਿਹਨਾਂ ਨੇ 1930 ਵਿੱਚ ਕਾਂਗਰਸ ਨਾਲ ਰਲ ਕੇ ਸਿਵਲ-ਨਾ-ਫੁਰਮਾਨੀ ਦੀ ਲਹਿਰ ਨੂੰ ਵਿਸ਼ਾਲ ਤੇ ਜ਼ੋਰਾਵਰ ਕਰ ਦਿੱਤਾ। ਇਸ ਦੀ ਸਫਲਤਾ ਨਾਲ ਸਾਰੇ ਦੇਸ਼ ਵਿੱਚ ਆਜ਼ਾਦੀ ਦੀ ਹਵਾ ਵਗ ਤੁਰੀ। ਸਾਡੇ ਲੇਖਕਾਂ ਦੀਆਂ ਸਾਹਿਤ ਰਚਨਾਵਾਂ ਨੇ ਇਸ ਹਵਾ ਨੂੰ ਬਣਨ ਤੇ ਵਗਾਉਣ ਲਈ ਬੜਾ ਰੋਲ ਅਦਾ ਕੀਤਾ। ਉਹਨਾਂ ਦੀਆਂ ਕਲਮਾਂ ਜਿੱਥੇ ਕੌਮੀ ਏਕਾ ਉਸਾਰਨ, ਤੇ ਆਜ਼ਾਦੀ ਦੇ ਮੁਤਾਲਬੇ ਕਰਨ ਲਗ ਪਈਆਂ ਸਨ, ਉੱਥੇ ਫਿਊਡਲ ਪਿਛਾਖੜ ਨੂੰ ਵੀ ਨੌਲਣ ਲਗ ਪਈਆਂ ਸਨ। ਇਹ ਬੁਰਜੁਆ ਜਮਹੂਰੀਅਤ ਦੀ ਹਵਾ ਸੀ, ਜੋ ਦੇਸ ਦੀ ਆਜ਼ਾਦੀ ਤੇ ਵਿਕਾਸ ਦੇ ਰਾਹ ਦੀਆਂ ਸਭ ਪ੍ਰਕਾਰ ਦੀਆਂ ਰੁਕਾਵਟਾਂ ਨੂੰ ਚੈਲਿੰਜ ਕਰਦੀ ਸੀ।

ਉਸ ਸਮੇਂ ਅਸੀਂ ਕਮਿਊਨਿਸਟ ਤੇ ਹੋਰ ਖੱਬੇ ਪੱਖ ਦੇ ਅੰਸ਼ ਇਸ ਗੱਲ 'ਤੇ ਦ੍ਰਿੜ ਸਾਂ, ਕਿ ਅੰਗਰੇਜ਼ ਨੂੰ ਸਿਆਸੀ ਜਬਰ ਜ਼ੋਰ ਨਾਲ ਦੇਸ਼ ਵਿੱਚੋਂ ਕੱਢਣ ਉਪਰੰਤ ਹੀ ਬੁਰਜੂਆ ਜਮਹੂਰੀ ਇਨਕਲਾਬ ਤੁਰ ਸਕਦਾ ਹੈ, ਪਹਿਲੋਂ ਨਹੀਂ। ਕਿਉਂਕਿ ਅਸੀਂ ਬੁਰਜੁਆਜ਼ੀ ਨੂੰ ਇਸ ਕੰਮ ਦੇ ਅਸਮਰਥ ਸਮਝਦੇ ਸਾਂ। ਅਸੀਂ ਸਮਾਜਕ ਰੁਮਕ (ਐਵੋਲਿਊਸ਼ਨ) ਦੀ ਅਹਿਮੀਅਤ ਨੂੰ ਨਹੀਂ ਸਮਝਦੇ ਸਾਂ, ਸਗੋਂ ਇਸ ਨੂੰ ਇਨਕਲਾਬ ਦਾ ਕੁਰਾਹ ਦਸਦੇ ਸਾਂ।

ਇਹ ਸਮਾਂ ਸੀ ਜਦੋਂ ਗੁਰਬਖਸ਼ ਸਿੰਘ ਕਲਮ ਦਵਾਤ ਲੈ ਕੇ ਸਾਹਿਤਕ ਪਿੜ ਵਿੱਚ ਆ ਨਿਤਰੇ। ਉਹ ਅਮਰੀਕਾ ਵਿੱਚੋਂ ਆਏ ਸਨ, ਜਿੱਥੇ ਬੁਰਜੂਆ ਜਮਹੂਰੀਅਤ ਪ੍ਰਚੱਲਤ ਸੀ। ਕੋਈ ਕਿਸੇ ਤਰ੍ਹਾਂ ਦੀ ਸਮਾਜੀ, ਸਿਆਸੀ, ਆਰਥਕ ਤੇ ਸ਼ਖਸੀ ਬੰਦਸ਼ ਨਹੀਂ ਸੀ, ਕਿਸੇ ਭਾਈਚਾਰਕ ਰਹੁ-ਰੀਤ ਦਾ ਸੰਗ ਸੰਕੋਚ ਨਹੀਂ ਸੀ, ਕੋਈ ਬਰਾਦਰੀ ਭਾਈਚਾਰਾ ਨਹੀਂ ਸੀ। ਹਰ ਕਿਸੇ ਨੂੰ ਆਪਣੀ ਕਹਿਣ ਤੇ ਸਹਿਣ ਦੀ ਖੁੱਲ੍ਹ ਸੀ। ਪਰਾਏ ਇਸਤਰੀ ਮਰਦ ਨੂੰ ਆਪਸ ਵਿੱਚ ਗੱਲਬਾਤ ਕਰਨਾ, ਮਿਲਣਾ ਮਿਲਾਉਣਾ ਜਾਂ ਫਿਰਨਾ ਤੁਰਨਾ ਕੋਈ ਪਾਪ ਜਾਂ ਐਬ ਨਹੀਂ ਸੀ। ਕੁੜੀ ਮੁੰਡਾ ਆਪਣੀ ਰਲੀ ਮਰਜ਼ੀ ਨਾਲ ਵਿਆਹ ਕਰ ਲੈਂਦੇ ਤੇ ਨਾ ਨਿਭੇ ਤਾਂ ਤੋੜ ਲੈਂਦੇ ਸਨ। ਉੱਥੇ ਉਹਨਾਂ ਸਮਾਜੀ ਬਸਤੀਆਂ ਵੀ ਵੇਖੀਆਂ, ਜਿੱਥੇ ਸੈਂਕੜੇ ਟੱਬਰ ਰਲ ਕੇ ਰਹਿੰਦੇ ਤੇ ਇਕੋ ਥਾਂ ਖਾਂਦੇ ਪੀਂਦੇ ਤੇ ਗੱਪ ਗਪੋੜ ਕਰਦੇ। ਉਹਨਾਂ ਬਸਤੀਆਂ ਦੇ ਇਸ ਸਭ ਕਾਸੇ ਵਿੱਚ ਇਕ ਪ੍ਰਕਾਰ ਦੀ ਪਿਆਰ ਭਾਵਨਾ ਕੰਮ ਕਰਦੀ ਸੀ, ਜੋ ਇਸ ਸਮਾਜੀ ਕਰਮ-ਕਾਂਡ ਨੂੰ ਚਲਾ ਰਹੀ ਸੀ। ਉਹਨਾਂ ਨੇ ਇਸ ਜੀਵਨ ਜਾਚ ਨੂੰ ਪਸੰਦ ਕੀਤਾ ਤੇ ਸਾਡੀ ਪਿਛਾਖੜ ਹਟਾਉਣ ਲਈ ਇਸ ਨੂੰ ਬਹੁਤ ਲਾਹੇਵੰਦ ਸਮਝਿਆ ਤੇ ਹਿੰਦੁਸਤਾਨ ਵਿੱਚ ਆ ਕੇ ਇਸ ਦੇ ਪ੍ਰਚਾਰ ਤੇ ਸਥਾਪਣਾ ਲਈ ਆਪਣਾ ਤਨ, ਮਨ ਤੇ ਧਨ ਲਾ ਦੇਣ ਦਾ ਫੈਸਲਾ ਕੀਤਾ।

ਹਿੰਦੁਸਤਾਨ ਆ ਕੇ ਗੁਰਬਖਸ਼ ਸਿੰਘ ਹੋਰਾਂ ਆਪਣੇ ਵਿਚਾਰ ਪੇਸ਼ ਕਰਨ ਲਈ ਪਹਿਲਾਂ ਨੁਸ਼ਹਿਰਿਓਂ ਤੇ ਫੇਰ ਲਾਹੌਰੋਂ ਪ੍ਰੀਤ ਲੜੀ ਨਾਂ ਦਾ ਪੰਜਾਬੀ ਮਾਸਕ ਪੱਤਰ ਜਾਰੀ ਕੀਤਾ, ਜਿਸ ਵਿੱਚ ਉਹਨਾਂ ਨੇ ਸਮਾਜ ਦੀ ਨਵੀਂ ਉਸਾਰੀ ਲਈ ਅਮਰੀਕਾ ਵਿੱਚ ਵੇਖੀ ਤੇ ਸਿੱਖੀ ਨਵੀਂ ਜਮਹੂਰੀ ਜੀਵਨ ਜਾਚ ਦਾ ਪ੍ਰਚਾਰ ਸ਼ੁਰੂ ਕੀਤਾ। ਧਾਰਮਿਕ ਵਹਿਮਾਂ, ਭਰਮਾਂ ਤੇ ਕਰੀਤੀਆਂ, ਸਾਧਾ ਸੰਤਾਂ ਤੇ ਪੀਰਾਂ ਫਕੀਰਾਂ ਦੇ ਪਾਖੰਡਾਂ, ਜਾਤਪਾਤ ਤੇ ਉੱਚ ਨੀਚ ਦੀਆਂ ਵੰਡਾਂ, ਮੜ੍ਹੀ ਮਸਾਣਾਂ ਦੀ ਪੂਜਾ, ਜਾਦੂ ਟੂਣਿਆਂ ਤੇ ਕਰਾਮਾਤਾਂ ਦੀ ਨਿਖੇਧੀ ਸ਼ੁਰੂ ਕੀਤੀ, ਅੰਨੀ ਸ਼ਰਧਾ ਦੇ ਕੜ ਤੋੜੇ, ਪਰਮਾਤਮਾ ਦੀ ਵਿਚਾਰਧਾਰਾ ਤੋਂ ਨਾਬਰਤਾ ਦਰਸਾਈ, ਸ਼ਖਸੀ ਆਜ਼ਾਦੀ ਤੇ ਪ੍ਰੀਤ ਕਰਨ ਕਰਾਨ ਦਾ ਹੱਕ ਪੂਰਿਆ। ਵਿਆਹ ਨੂੰ 'ਖਸਮ ਦਾ ਗਲਬਾ' ਨਹੀਂ, ਦੰਪਤੀ ਦੀ ਮਿੱਤਰਤਾ ਦਾ ਜੀਵਨ ਨਿਰਬਾਹ ਦੱਸਿਆ।

ਨਤੀਜਾ ਇਹ ਹੋਇਆ, ਪੰਜਾਬੀ ਜਗਤ ਵਿੱਚ ਇਕ ਹਲਚਲ ਮੱਚ ਗਈ। ਨੌਜਵਾਨ ਬੁੱਧੀਜੀਵੀਆਂ ਤੇ ਪੜ੍ਹਿਆਂ ਲਿਖਿਆਂ ਨੂੰ ਨਵੀਂ ਜਾਗ ਲਗ ਤੁਰੀ। ਪਿਛਾਖੜ ਵਿਰੁੱਧ ਬਗਾਵਤ ਹੋ ਉੱਠੀ, ਭਾਈਆਂ ਗਰੰਥੀਆਂ, ਸਾਧੂ ਸੰਤਾਂ, ਪੀਰਾਂ ਫਕੀਰਾਂ, ਮੁੱਲਾਂ ਕਾਜ਼ੀਆਂ ਦੇ ਪਖੰਡੀ ਬਹੁਰੂਪ ਨੰਗੇ ਹੋਣ ਲੱਗ ਪਏ। ਸਾਹਿਤਕਾਰ, ਜੋ ਪਹਿਲਾਂ ਧਾਰਮਿਕ ਪਰੰਪਰਾਵਾਦੀ ਆਸ਼ਿਆਂ 'ਤੇ ਹੀ ਸਾਹਿਤ ਰਚਨਾ ਕਰਦੇ ਸਨ, ਇਹਨਾਂ ਨਵੇਂ ਆਸ਼ਿਆਂ ਨੂੰ ਮੁੱਖ ਰੱਖ ਤੁਰੇ। ਉਹਨਾਂ ਨਿਰਾ ਕਵਿਤਾ ਨੂੰ ਹੀ ਨਹੀਂ ਗਲਪ ਨੂੰ ਵੀ ਧਰਮੋਂ ਨਿਰਲੇਪ ਕਰਕੇ ਪਿਛਾਖੜੀ ਪਰੰਪਰਾ ਤੋਂ ਬੇਮੁੱਖ ਕਰ ਲਿਆ। ਕਵਿਤਾ, ਕਹਾਣੀ, ਨਾਵਲ, ਨਾਟਕ ਤੇ ਲੇਖਾਂ ਨੂੰ ਧਰਮ ਮਰਿਯਾਦਾ ਵਿੱਚੋਂ ਕੱਢ ਕੇ ਨਿਰੋਲ ਸਮਾਜੀ ਜਾਂ ਸਿਆਸੀ ਆਸ਼ਿਆਂ ਦੀ ਲੀਹੇ ਪਾ ਲਿਆ। ਉਹ 'ਪ੍ਰੀਤ ਲੜੀ' ਦੇ ਨਿਰੇ ਸਨੇਹੀ ਹੀ ਨਹੀਂ ਸਗੋਂ ਉਪਾਸ਼ਕ ਬਣ ਗਏ। 'ਪ੍ਰੀਤ ਲੜੀ' ਦੀ ਚੜ੍ਹ ਮੱਚ ਗਈ। 'ਪ੍ਰੀਤ ਲੜੀ' ਤੋਂ ਪਹਿਲਾਂ ਧਾਰਮਿਕ ਆਸ਼ਿਆਂ 'ਤੇ ਚੱਲ ਰਹੇ ਹੋਰ ਮਾਸਕ ਪੱਤਰਾਂ ਨੇ ਵੀ ਧਰਮ ਨਿਰਲੇਪਤਾ ਧਾਰਨ ਕਰ ਲਈ।

ਪਰ ਧਾਰਮਿਕ ਜਗਤ ਬਹੁਤ ਔਖਾ ਹੋਇਆ। ਧਾਰਮਿਕ ਸਥਾਨਾਂ 'ਤੇ ਜਥੇਬੰਦੀਆਂ ਵਲੋਂ ਹਾਲ ਪਾਹਰਿਆ ਸ਼ੁਰੂ ਹੋ ਗਈ। ਅਨਹੰਦੜ ਪਰੰਪਰਾ ਤੇ ਧਰਮ ਮਰਿਯਾਦਾ ਦੇ ਨਾਮਧਰੀਕ ਰਾਖੇ ਬਹੁਤ ਲੋਹੇ ਲਾਖੇ ਹੋਏ। ਦੀਵਾਨਾਂ ਤੇ ਜੋੜ ਮੇਲਿਆਂ ਵਿੱਚ 'ਪ੍ਰੀਤ ਲੜੀ' ਦੇ ਬਾਈਕਾਟ ਤੇ ਸਰਦਾਰ ਜੀ ਵਿਰੁੱਧ ਘਿਰਨਾ ਪ੍ਰਗਟਾਉਣ ਦੇ ਮਤੇ ਹੋਏ। ਗੱਲ ਕੀ ਸਾਰਾ ਪਿਛਾਖੜੀ ਲਾਣਾ ਪਿੱਟ ਉੱਠਿਆ। ਪਰ ਗੁਰਬਖਸ਼ ਸਿੰਘ ਹੋਰਾਂ ਕੱਖ ਪਰਵਾਹ ਨਾ ਕੀਤੀ, ਬਿਨਾਂ ਕਿਸੇ ਡਰ ਡੁੱਕਰ ਦੇ ਆਪਣੇ ਆਦੇਸ਼ 'ਤੇ ਡਟੇ ਰਹੇ। ਤੇ 'ਲੇਖਕ ਦਲੇਰ' ਹੋ ਤੁਰੇ। ਨਤੀਜਾ ਇਹ ਹੋਇਆ, ਕਿ 'ਪ੍ਰੀਤ ਲੜੀ' ਦੀ ਮਾਨਤਾ ਹੋਰ ਵੱਧ ਗਈ ਤੇ ਉਹ ਪੰਜਾਬੀ ਦਾ ਸਿਰਕੱਢ ਪਰਚਾ ਹੋ ਗਿਆ।

ਸ. ਗੁਰਬਖਸ਼ ਸਿੰਘ ਨੇ ਆਪਣੇ ਸਾਹਿਤਕ ਵਿਚਾਰਾਂ ਦਾ ਸਾਕਾਰ ਨਮੂਨਾ ਪੇਸ਼ ਕਰਨ ਲਈ 'ਪ੍ਰੀਤ ਲੜੀ' ਦੇ ਉਪਾਸ਼ਕਾਂ ਦੀ ਅਮਰੀਕਾ ਦੀਆਂ ਸਾਂਝੀਵਾਲ ਬਸਤੀਆਂ ਵਾਂਗ ਪਰਸਪਰ ਪ੍ਰੀਤ ਤੇ ਆਧਾਰਤ ਇਕ ਬਸਤੀ ਵਸਾਉਣ ਦਾ ਮਨ ਬਣਾਇਆ, ਜਿਸ ਦਾ ਨਾਂ 'ਪ੍ਰੀਤ ਨਗਰ' ਰੱਖਿਆ। ਕਲਮ ਦੇ ਜ਼ੋਰ ਇਸ ਬਸਤੀ ਦੇ ਵਸਨੀਕ ਤਿਆਰ ਕੀਤੇ ਜੋ 'ਪ੍ਰੀਤ ਮੰਡਲ' ਦੇ ਨਾਂ ਨਾਲ ਪ੍ਰਸਿੱਧ ਹੋਏ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਲੋਪੋਕੇ ਲਾਗੇ ਦੋ ਕੁ ਪੱਕੀਆਂ ਹਵੇਲੀਆਂ ਤੇ ਇਕ ਤਲਾਬ ਵਾਲੀ ਕਈ ਏਕੜ ਬੇਆਬਾਦ ਜ਼ਮੀਨ ਖਰੀਦ ਲਈ। ਪ੍ਰੀਤ ਉਪਾਸ਼ਕਾਂ ਦੀ ਇਕੋ ਜਿਹੇ ਹਿੱਸਿਆਂ ਦੇ ਮਕਾਨਾਂ 'ਤੇ ਅਧਾਰਤ ਇਹ ਬਸਤੀ ਤਿਆਰ ਹੋ ਗਈ। ਸਾਰੀ ਬਸਤੀ ਦੇ ਜੀਆਂ ਦਾ ਖਾਣਾ ਇਕੋ ਲੰਗਰ ਵਿੱਚ ਪਕਾਇਆ ਤੇ ਖਾਧਾ ਜਾਂਦਾ। ਸਾਰੇ

ਟੱਬਰਾਂ ਦੇ ਇਸਤਰੀ ਮਰਦ ਤੇ ਕੁੜੀਆਂ ਮੁੰਡੇ ਬਿਨਾਂ ਸੰਗ ਸਰਫੇ ਦੇ ਆਪਸ ਵਿੱਚ ਮਿਲ ਬਹਿਣ ਖਲੋਣ ਤੇ ਬੋਲਣ ਲਗ ਪਏ। ਨਰ ਨਾਰੀ ਵਾਲਾ ਪਿਛਾਖੜੀ ਲੋਕ ਲੱਜ ਤੇ ਝਕ ਝਕਾਅ ਜਾਂਦਾ ਰਿਹਾ। ਕੁੜੀਆਂ ਮੁੰਡਿਆਂ ਦਾ ਰਲਵਾਂ ਸਕੂਲ ਚਲਾਇਆ ਗਿਆ, ਜਿੱਥੇ ਪੜ੍ਹਾਈ ਦੇ ਨਾਲ ਕੋਈ ਨਾ ਕੋਈ ਕਿੱਤਾ ਕਰਨਾ ਸਿਖਾਇਆ ਜਾਂਦਾ। ਗੁਰਬਖਸ਼ ਸਿੰਘ ਦੇ ਪ੍ਰੀਤ ਫਲਸਫੇ ਦੀ ਇਹ ਨਗਰ ਤੇ ਸਕੂਲ ਸਾਕਾਰ ਮੂਰਤ ਸੀ। ਇਸ ਦੀ ਸਥਾਪਨਾ ਨਾਲ ਗੁਰਬਖਸ਼ ਸਿੰਘ ਆਪਣੇ ਬੱਚਿਆਂ ਤੋਂ ਅਗਾਂਹ ਹਰ ਕਿਸੇ ਦੇ 'ਦਾਰ ਜੀ' ਬਣ ਗਏ।

ਪ੍ਰੀਤ ਨਗਰ ਦੀ ਸਥਾਪਣਾ ਤੋਂ ਨਿਰਾ ਪਿਛਾਖੜ ਹੀ ਔਖਾ ਨਾ ਹੋਇਆ, ਅਸਾਂ ਕਮਿਊਨਿਸਟਾਂ ਨੇ ਵੀ ਕੰਨ ਚੁੱਕ ਲਏ। ਅਸਾਂ ਇਸ ਨੂੰ ਜਮਹੂਰੀ ਇਨਕਲਾਬ ਦੇ ਆਪਣੇ ਘੋਰ ਦੇ ਰਸਤੇ ਨੂੰ ਕੁਰੱਸਤੇ ਪਾਉਣਾ ਸਮਝਿਆ। ਕਾਰਲ ਮਾਰਕਸ ਵੇਲੇ ਓਵਨ ਰਾਬਰਟ ਤੇ ਕਾਬਤ ਨੇ ਨਵੀਂ ਆਬਾਦ ਹੋ ਰਹੀ ਅਮਰੀਕਾ ਵਿੱਚ ਜਾ ਜਾ ਸਾਂਝੀਵਾਲਤਾ ਦੇ ਅਸੂਲਾਂ 'ਤੇ ਆਧਾਰਤ ਬਸਤੀਆਂ ਬਣਾ ਬਣਾ ਵਸਣ ਦੇ ਇਸ ਤਰ੍ਹਾਂ ਯੋਰਪ ਵਿੱਚ ਮਚੀ ਹੋਈ ਜਮਾਤੀ ਜੰਗ ਦੀ ਘੈਂਸ ਘੈਂਸ ਤੋਂ ਦੂਰ ਜਾ ਕੇ ਸਮਾਜਵਾਦ ਸਥਾਪਤ ਕਰ ਲੈਣ ਦਾ ਰਾਹ ਦੱਸਿਆ। ਮਾਰਕਸ ਨੇ ਇਸ ਨੂੰ 'ਸੰਕਲਪਤ ਸਮਾਜਵਾਦ' ਆਖ ਕੇ ਨਿੰਦਿਆ ਸੀ। ਗੁਰਬਖਸ਼ ਸਿੰਘ ਅਮਰੀਕਾ ਅਜਿਹੀਆਂ ਬਸਤੀਆਂ ਚਲਦੀਆਂ ਵੇਖ ਕੇ ਆਇਆ ਸੀ। ਮਾਰਕਸ ਨੇ ਤਾਂ ਕਮਿਊਨਿਜ਼ਮ ਸਥਾਪਨਾ ਦੇ ਸਿਲਸਿਲੇ ਵਿੱਚ ਇਹ ਕੀਤਾ ਹੋਵੇਗਾ ਪਰ ਸਾਡੇ ਸਾਹਮਣੇ ਬੁਰਜੂਆ ਜਮਹੂਰੀਅਤ ਦੀ ਗੱਲ ਸੀ, ਜਿਸ ਨੂੰ ਇਨਕਲਾਬ ਰਾਹੀਂ ਲਿਆਇਆ ਜਾਣਾ ਸੱਚ ਮੰਨਦੇ ਸਾਂ ਤੇ ਜਮਹੂਰੀਅਤ ਲਈ ਰੁਮਕੀ (ਐਵੋਲੂਸ਼ਨਰੀ) ਰਾਹ ਦੀ ਕੀਮਤ ਨਹੀਂ ਪਾਉਂਦੇ ਸਾਂ। ਪ੍ਰੀਤ ਨਗਰ ਦੀ ਸਥਾਪਨਾ ਗੁਰਬਖਸ਼ ਸਿੰਘ ਦਾ ਜਮਹੂਰੀਅਤ ਲਈ ਰੁਮਕੀ ਚਾਰਾ ਸੀ, ਜੋ ਸਾਡੇ ਭਾਣੇ ਇਨਕਲਾਬ ਵਿਰੋਧੀ ਸੀ। ਪਰ ਇਹ ਸਾਡੇ ਤੇ ਪਿਛਾਖੜ ਦੇ ਵਿਰੋਧ ਦੇ ਬਾਵਜੂਦ ਚਾਲੂ ਰਿਹਾ।

ਚਿਰਾਂ ਬਾਅਦ ਜਦ ਅਸੀਂ ਇਨਕਲਾਬ ਵਾਸਤੇ ਕਖ ਨਾ ਕਰ ਸਕੇ ਤੇ ਰੁਮਕ ਆਪਣਾ ਕੰਮ ਕਰ ਗਈ ਤਾਂ ਸਾਨੂੰ ਰੁਮਕ ਦੇ ਇਤਿਹਾਸਕ ਰੋਲ ਦਾ ਪਤਾ ਲੱਗਾ, ਅਸੀਂ ਮੱਠੇ ਪੈ ਗਏ।

ਜਦੋਂ ਪ੍ਰੀਤ ਲੜੀ ਚਾਲੂ ਹੋਈ ਤਾਂ ਗੁਰਬਖਸ਼ ਸਿੰਘ ਜਮਹੂਰੀਅਤ ਦੇ ਵਿਚਾਰ ਲੈ ਕੇ ਮੈਦਾਨ ਵਿੱਚ ਆਏ, ਉਦੋਂ ਪੰਜਾਬ ਦੀ ਲੋਕ ਰਹਿਤ ਬਹੁਤ ਹੀ ਪਿਛਾਖੜੀ ਸੀ, ਜੋ ਦੇਸ਼ ਵਿੱਚ ਦਿਨ ਪਰ ਦਿਨ ਵਧਦੇ ਜਾ ਰਹੇ ਸਰਮਾਇਆਦਾਰ ਵਿਕਾਸ ਲਈ ਲੋੜੀਂਦੇ ਲੋਕਚਾਰੇ ਦੇ ਰਾਹ ਵਿੱਚ ਰੁਕਾਵਟ ਸੀ। ਪੰਜਾਬੀ ਲੋਕਾਂ ਦੀ ਇਹ ਇਤਿਹਾਸਕ ਲੋੜ ਪੂਰਨ ਲਈ ਜਮਹੂਰੀਅਤ 'ਤੇ ਆਧਾਰਤ ਨਵੇਂ ਲੋਕਾਚਾਰ ਦੀ ਜ਼ਰੂਰਤ ਸੀ, ਜਿਸ ਦਾ ਸਾਕਾਰ ਨਮੂਨਾ ਪ੍ਰੀਤ ਨਗਰ ਵਿੱਚ ਸਥਾਪਤ ਕੀਤਾ ਗਿਆ।

ਇਹ ਬਸਤੀ 1947 ਦੀ ਵੰਡ ਤੱਕ ਚੱਲੀ, ਜੋ ਵੰਡ ਤੋਂ ਬਾਅਦ ਕਾਇਮ ਨਾ ਰਹੀ ਪਰ ਉਸ ਦੇ ਕਾਇਮ ਕੀਤੇ ਤੇ ਚਲਾਏ ਲੋਕਚਾਰੇ ਦੀ ਵਿਸ਼ਾ ਵਸਤੂ ਸਾਡੇ ਅੱਜ ਪ੍ਰਚੱਲਤ ਹੋ ਤੁਰੇ ਸਭਿਆਚਾਰ ਦਾ ਕਾਲਬ ਬਣੀ ਹੋਈ ਹੈ।

ਸ. ਗੁਰਬਖਸ਼ ਸਿੰਘ ਦੀਆਂ ਪੰਜਾਬੀ ਲੋਕਚਾਰੇ, ਸਾਹਿਤਕਾਰੀ ਤੇ ਭਾਸ਼ਾ ਨੂੰ ਕਈ ਪਰਿਥਮਤਾਵਾਂ ਪ੍ਰਾਪਤ ਹਨ।

1. ਪੰਜਾਬੀ ਸ਼ੈਲੀ ਦਾ ਕਥਾ ਰੂਪ ਹੀ ਬਦਲ ਦਿੱਤਾ। ਇਸ ਨੂੰ ਧਾਰਮਿਕ ਸ਼ਰਧਾ ਤੇ ਮਿਥਿਹਾਸ ਵਾਲੀ ਲਫਾਫੇਬਾਜ਼ੀ ਤੋਂ ਮੁਕਤ ਕਰਕੇ ਸਾਧਾਰਨ ਲੋਕ ਭਾਸ਼ਾ ਵਿੱਚ ਪੇਸ਼ ਕਰਨਾ ਸ਼ੁਰੂ ਕੀਤਾ।

2. ਆਪਣੇ ਵਿਚਾਰਾਂ ਤੇ ਆਸ਼ਿਆਂ ਨੂੰ ਸਿੱਧ ਕਰਨ ਲਈ ਧਰਮ ਗਰੰਥਾਂ ਤੋਂ ਮਿਥਿਹਾਸ ਦੇ ਹਵਾਲੇ ਦੇਣ ਵਾਲੀ 'ਗੁਣੀ ਗਿਆਨੀਆਂ' ਦੀ ਪ੍ਰਥਾ ਛੱਡ ਕੇ ਨਿਰੋਲ ਸਾਇੰਸੀ ਤੇ ਦੁਨਿਆਵੀ ਦਲੀਲਾਂ ਤੋਂ ਕੰਮ ਲਿਆ। ਇਸ ਤਰ੍ਹਾਂ ਪੰਜਾਬੀ ਵਿੱਚ ਦਲੀਲਬਾਜ਼ੀ ਦਾ ਰਿਵਾਜ ਪਾਇਆ।

3. ਧਰਮ ਨੂੰ ਜਾਣਨ ਵਾਸਤੇ ਅੰਨੀ ਸ਼ਰਧਾ ਦੀ ਥਾਂ, ਸਾਇੰਸੀ ਜਾਣਕਾਰੀ ਨੂੰ ਅਪਨਾਇਆ। ਗੁਰੂਆਂ, ਗਰੰਥਾਂ ਤੇ ਪੀਰਾਂ ਪੈਗੰਬਰਾਂ ਨੂੰ ਸ਼ਰਧਾਲੂ ਲੋਕਾਂ ਵਾਂਗ ਕੇਵਲ ਸ਼ਰਧਾ ਪੱਖੋਂ ਹੀ ਪੂਜੀ ਤੇ ਮੰਨੀ ਜਾਣ ਦੀ ਥਾਂ, ਉਹਨਾਂ ਦੀ ਇਤਿਹਾਸ ਨੂੰ ਕਿਸੇ ਦੇਣ ਦੇ ਆਧਾਰ 'ਤੇ ਸਲਾਹਿਆ।

4. ਇਸ਼ਕ ਮੁਹੱਬਤ ਦੀ ਪੁਰਾਣੀ ਪਿਰਤ ਤੇ ਫਿਉਡਲ ਸੰਗ-ਸੰਕੋਚ ਦੀ ਥਾਂ ਇਸਤਰੀ ਮਰਦ ਵਿੱਚ ਕਾਮ ਵਾਸ਼ਨਾ ਤੋਂ ਨਿਰਲੇਪ ਖੁੱਲ੍ਹੀ ਪ੍ਰੀਤ ਦਾ ਰਿਵਾਜ ਤੋਰਿਆ। ਵਿਆਹ ਨੂੰ ਨਰੜ ਜਾਣਨ ਦੀ ਥਾਂ, ਦੋਹਾਂ ਜੀਆਂ ਦਾ ਬਰਾ-ਬਰਾਬਰ ਦਾ



ਮਿਤਰਾਨਾ ਸੰਬੰਧ ਦੱਸਿਆ।

5. ਇਸਤਰੀਆਂ ਲਈ ਸਮਾਜੀ ਬਰਾਬਰੀ ਦੇ ਨਿਸ਼ਾਨ ਬਰਦਾਰ ਹੋਏ।


6. ਵਿਰੋਧੀ ਤੇ ਹਮਾਇਤੀ ਖਿਆਲਾਂ ਤੇ ਨਿਸ਼ਚਿਆਂ ਦੀ ਪਰਸਪਰ ਹੋਂਦ ਨੂੰ ਪਰਵਾਨ ਕੀਤਾ ਤੇ ਪਰਚਾਰਿਆ।

7. ਪਾਠਕਾਂ ਦੇ ਧਰਮੀ ਭਰਮਾਂ, ਸਮਾਜੀ ਵਹਿਮਾਂ, ਰੋਗੀ ਸੁਭਾਵਾਂ ਅਤੇ ਦਿਮਾਗੀ ਤੇ ਸਰੀਰ ਉਲਝੇਵਿਆਂ ਤੇ ਮੁਸ਼ਕਲਾਂ ਨਵਿਰਤ ਕਰਨ ਦੀਆਂ ਸਲਾਹਵਾਂ ਦਿੰਦੇ ਰਹੇ।

ਗੱਲ ਕੀ ਉਹ ਅਜੋਕੇ ਸਾਹਿਤ, ਅਜੋਕੀ ਸ਼ੈਲੀ ਤੇ ਅਜੋਕੇ ਸਭਿਆਚਾਰ ਦੇ ਉਸ ਤਰ੍ਹਾਂ ਪਿਤਾਮਾ ਹਨ, ਜਿਸ ਤਰ੍ਹਾਂ ਟੈਗੋਰ ਬੰਗਾਲੀ ਸਾਹਿਤ ਤੇ ਸਭਿਆਚਾਰ ਦੇ। ਇਤਿਹਾਸਕ ਤੌਰ 'ਤੇ ਜਾਈਏ ਤਾਂ ਉਹ ਫਿਉਡਲ ਪਿਛਾਖੜ ਵਿੱਚੋਂ ਉਭਰ ਆਈ ਤੇ ਉਭਰ ਰਹੀ ਬੁਰਜੂਆ ਜਮਹੂਰੀਅਤ ਵੇਲੇ ਆਏ ਤੇ ਹੁਣ ਬੁਰਜੂਆ ਜਮਹੂਰੀਅਤ ਵਿਚੋਂ ਉਭਰ ਰਹੇ ਸੋਸ਼ਲਿਜ਼ਮ ਦੇ ਦੌਰ ਦੇ ਬੂਹੇ 'ਤੇ ਆ ਕੇ ਸਾਥੋਂ ਵਿਛੜ ਗਏ। ਇਸ ਤਰ੍ਹਾਂ ਉਹਨਾਂ ਇਕ ਪੂਰਾ ਜੁਗ ਹੰਢਾ ਲਿਆ। ਸਾਡੇ ਸਾਹਿਤ, ਲੋਕਾਚਾਰ ਤੇ ਸਮਾਜੀ ਸੋਝੀ ਨੂੰ ਪਿਛਾਖੜ ਵਿੱਚੋਂ ਕੱਢਕੇ ਸੋਸ਼ਲਿਜ਼ਮ ਦੇ ਬੂਹੇ ਤੱਕ ਲੈ ਆਉਣ ਦੇ ਇਤਿਹਾਸ ਦੇ ਉਹ ਜਮਹੂਰੀਅਤ ਦੇ ਵਿਕਾਸ ਦੀ ਤੋਰ ਦੇ ਅੱਗੇ ਹੀ ਅੱਗੇ ਰਹੇ ਤੇ ਜਦ ਜਗਤ ਵਿੱਚ ਸਮਾਜਵਾਦ ਦੀ ਮਾਨਤਾ ਤੇ ਪ੍ਰਧਾਨਤਾ ਪਰਵਾਨਤ ਹੋ ਤੁਰੀ ਤਾਂ ਆਪ ਸਮਾਜਵਾਦੀ ਪਖ ਪੂਰਨ ਲਗ ਪਏ। ਉਹਨਾਂ ਦਾ ਹਮੇਸ਼ਾਂ ਅਗਾਂਹਵਧੂ ਰੋਲ ਹੀ ਰਿਹਾ।

ਉਹ ਬੇਸ਼ਕ ਇਨਕਲਾਬੀ ਨਹੀਂ ਸਨ, ਪਰ ਤੁਰਦੇ ਉਸੇ ਪਾਸੇ ਰਹੇ ਸਨ, ਜਿਸ ਪਾਸੇ ਨੂੰ ਇਨਕਲਾਬ ਨੇ ਜਾਣਾ ਸੀ। ਉਹਨਾਂ ਦੀ ਸੁਧਾਰਕ ਤੋਰ ਇਨਕਲਾਬੀ ਆਸ਼ੇ ਦੀ ਹਮੇਸ਼ਾਂ ਸਮਰਥਕ ਰਹੀ।

# ਗੁਰਦਵਾਰਾ ਸੁਧਾਰਾਂ ਪਿਛਲੀ ਇਖ਼ਲਾਕੀ ਤਾਕਤ- ਤੇਜਾ ਸਿੰਘ ਸਮੁੰਦਰੀ



**ਤੇਜਾ** ਸਿੰਘ ਸਮੁੰਦਰੀ ਦੀ ਸਿੱਖ ਅਤੇ ਭਾਰਤੀ ਕੌਮੀ ਇਤਿਹਾਸ ਵਿਚ ਇੱਕ ਆਪਣੀ ਹੀ ਵਿਲੱਖਣ ਅਤੇ ਪਰਮ-ਸਤਿਕਾਰੀ ਥਾਂ ਹੈ- ਗੁਰਦਵਾਰਾ ਸੁਧਾਰਾਂ ਦੀ ਲਹਿਰ ਵਿਚ ਦਿੱਤੀ ਅਗਵਾਈ ਕਰਕੇ ਅਤੇ ਸਿੱਖ ਜਨਤਕ ਸਿਆਸਤ ਨੂੰ ਚੌੜੇਰੇ ਭਾਰਤੀ ਅਜ਼ਾਦੀ ਸੰਘਰਸ਼ ਨਾਲ ਇੱਕ-ਮਿਕ ਕਰਨ ਵਿਚ ਨਿਭਾਏ ਕਿਰਦਾਰ ਕਰਕੇ।

ਇੱਕ ਅਜਿਹੇ ਸਮੇਂ ਜਦੋਂ ਸਿੱਖਾਂ ਦੇ ਉੱਚ-ਪਤਵੰਤੇ ਵਰਗ ਦੇ ਇੱਕ ਹਿੱਸੇ ਖ਼ਿਲਾਫ਼ ਵੱਡਾ ਰੋਸ ਮੌਜੂਦ ਸੀ- ਖ਼ਾਸਕਰ ਉਨ੍ਹਾਂ ਖ਼ਿਲਾਫ਼ ਜਿਨ੍ਹਾਂ ਨੂੰ ਬਰਤਾਨਵੀ ਹਕੂਮਤ ਅੱਗੇ ਝੋਲੀ-ਚੁੱਕ ਸਮਝਿਆ ਜਾ ਰਿਹਾ ਸੀ- ਸਮੁੰਦਰੀ ਇੱਕ ਅਜਿਹੀ ਇਖ਼ਲਾਕੀ ਅਤੇ ਜੱਥੇਬੰਦਕ ਤਾਕਤ ਵਾਂਗ ਉੱਭਰੇ ਜਿਸ ਨੇ ਲੋਕਾਂ ਵਿਚ ਆਮ ਲੱਭਦੀ ਬੇਚੈਨੀ ਨੂੰ ਸੰਜਮ-ਅਨੁਸ਼ਾਸਨ, ਅਸੂਲੀ ਅਤੇ ਚੌੜੇ ਜਨਤਕ-ਅਧਾਰ ਵਾਲੀਆਂ ਖਾਲ-ਬੰਦ ਜਨਤਕ ਲਹਿਰਾਂ ਵਿਚ ਢਾਲ ਦਿੱਤਾ। ਹਰਿਮੰਦਿਰ ਸਾਹਬ ਦੇ ਪਵਿੱਤਰ ਪਰਿਸਰ ਦੇ ਅੰਦਰਵਾਰ ਤੇਜਾ ਸਿੰਘ ਸਮੁੰਦਰੀ ਹਾਲ ਦਾ ਨਾਂ ਰੱਖਿਆ ਜਾਣਾ ਉਨ੍ਹਾਂ ਦੀ ਗ਼ੈਰ-ਮਾਮੂਲੀ ਕਾਬਲੀਅਤ, ਦੰਭ-ਰਹਿਤ ਨਿਮਰਤਾ, ਆਚਰਣ ਦੀ ਪਕਿਆਈ ਅਤੇ ਜੀਵਨ ਭਰ ਦਿੱਤੀਆਂ ਕੁਰਬਾਨੀਆਂ ਦੀ ਗਵਾਹੀ ਭਰਦਾ ਹੈ।

1882 ਵਿਚ ਅਜੋਕੇ ਤਰਨ ਤਾਰਨ ਜ਼ਿਲ੍ਹੇ ਵਿਚ ਰਾਇ ਕਾ ਬੁਰਜ ਪਿੰਡ ਵਿਚ ਜੰਮੇ, ਤੇਜਾ ਸਿੰਘ ਸਮੁੰਦਰੀ, ਸਾਧਨ ਵਿਹੂਣੀ ਦਿਹਾਤੀ ਸ਼ੁਰੂਆਤ ਤੋਂ ਚੱਲਦੇ ਹੋਏ ਸਿੱਖ ਗੁਰਦਵਾਰਾ ਸੁਧਾਰ ਲਹਿਰ (1920-1926) ਦੀ ਕੇਂਦਰੀ ਹਸਤੀ ਹੋ ਨਿੱਬੜੇ। ਇਨ੍ਹਾਂ ਦੀ ਅਗਵਾਈ ਥੋਥੀ ਭਾਸ਼ਣਬਾਜ਼ੀ ਜਾਂ ਆਪਾ-ਚਮਕਾਊ ਕਿਸਮ ਦੀ ਨਹੀਂ ਸੀ, ਸਗੋਂ ਉਸ ਵਿਰਲੀ ਕਾਬਲੀਅਤ ਵਾਲੀ ਸੀ ਜਿਸ ਨੇ ਇਖ਼ਲਾਕੀ ਵਿਸ਼ਵਾਸਾਂ ਨੂੰ ਅਨੁਸ਼ਾਸਤ ਸਾਂਝੇ ਸਰਗਰਮ-ਕਾਰਜ ਵਿਚ ਬਦਲ ਦਿੱਤਾ।

ਉਨ੍ਹਾਂ ਰਕਾਬ ਗੰਜ, ਗੁਰੂ ਕਾ ਬਾਗ, ਚਾਬੀਆਂ ਦਾ ਮੋਰਚਾ, ਜੈਤੋ ਅਤੇ ਨਾਭਾ ਜਿਹੇ ਇਤਿਹਾਸਕ ਮੋਰਚਿਆਂ ਦੀ ਇੱਕ ਲੜੀ ਨੂੰ ਦਾਅ-ਪੇਚੀ ਅਤੇ ਫਬਵੀਂ-ਅਸੂਲੀ ਦਿਸ਼ਾ ਦਿੱਤੀ। ਇਨ੍ਹਾਂ ਵਿਚੋਂ ਗੁਰੂ ਕਾ ਬਾਗ ਮੋਰਚਾ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਇੱਕ ਫ਼ੈਸਲਾਕਰੂ ਮੋੜ ਬਣ ਗਿਆ ਸੀ। ਸਿੱਖਾਂ ਨੇ ਗਿਰਫ਼ਤਾਰੀਆਂ ਦਿੱਤੀਆਂ ਅਤੇ ਬਿਨਾ ਕੋਈ ਵਾਪਿਸੀ-ਹਿੰਸਾ ਕੀਤਿਆਂ ਵਹਿਸ਼ੀ ਮਾਰ-ਕੁੱਟ ਝੱਲੀ, ਜਿਸ ਨਾਲ ਬਸਤੀਵਾਦੀ ਹਾਕਮ ਅਤੇ ਸਾਰੀ ਭਾਰਤੀ ਜਨਤਾ ਨੇ ਦੰਦਾਂ ਤਲੇ ਉਂਗਲਾਂ ਦੇ ਲਈਆਂ ਸਨ। ਮਹਾਤਮਾ ਗਾਂਧੀ, ਮਦਨ ਮੋਹਨ ਮਾਲਵੀਯ, ਸਵਾਮੀ ਸ਼ਰਧਾਨੰਦ ਅਤੇ ਸੀ ਐੱਫ਼ ਐਂਡ੍ਰਿਊਜ਼ ਵਰਗੇ ਕੌਮੀ ਆਗੂਆਂ ਜਨਤਕ ਤੌਰ ਉੱਤੇ ਇਸ ਅ-ਹਿੰਸਕ ਮੁਖ਼ਾਲਫ਼ਤ ਦਾ ਸਿੱਕਾ ਮੰਨਿਆ। ਆਪਣੇ ਇਸ ਕੱਦ ਦੇ ਬਾਵਜੂਦ, ਸਮੁੰਦਰੀ ਨੇ ਲਗਾਤਾਰ ਰਸਮੀ ਅਹੁਦੇ ਨੂੰ ਨਾਂਹ ਕੀਤੀ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ, ਜਣੇ, ਸੰਸਥਾਵਾਂ ਤੋਂ ਉੱਤੇ ਹੋਏ ਦਿਸਣ ਤਾਂ ਸੰਸਥਾਵਾਂ-ਲਹਿਰਾਂ ਬੁੱਸ ਜਾਂਦੀਆਂ ਹੁੰਦੀਆਂ ਹਨ। ਫੇਰ ਵੀ ਉਨ੍ਹਾਂ ਦੀ ਦਿੱਤੀ ਸਲਾਹ ਹੀ ਸ਼੍ਰੋਮਣੀ ਪ੍ਰਬੰਧਕ ਕਮੇਟੀ (SGPC) ਅਤੇ ਅਕਾਲੀ ਦਲ ਨੂੰ ਇਹ ਸ਼ਕਲ ਦੇਣ ਵਿਚ ਫ਼ੈਸਲਾਕੁਣ ਹੋਈ, ਜਿਸ ਨਾਲ ਸਿੱਖ ਧਾਰਮਕ ਅਤੇ ਸਿਆਸੀ ਸੰਸਥਾਵਾਂ ਦਾ ਲੋਕਤੰਤਰੀਕਰਨ ਹੋਇਆ।

ਸਮੁੰਦਰੀ ਆਪਣੇ ਨਿੱਜੀ ਜ਼ਿੰਦਗੀ ਅਤੇ ਜਨਤਕ ਅਗਵਾਈ ਵਿਚਲੇ ਤਾਲਮੇਲ ਕਰਕੇ ਵੱਖਰੇ ਹੀ ਦਿਸਦੇ ਸਨ। ਮਾਸਟਰ ਤਾਰਾ ਸਿੰਘ ਨੇ ਕਿਹਾ ਸੀ, ਕਿ ਉਹ "ਪੂਰਨ ਗੁਰਸਿੱਖ"



ਤੇਜਾ ਸਿੰਘ ਸਮੁੰਦਰੀ, ਦਫ਼ੇਦਾਰੀ ਸਮੇਂ ਵਿਚ, ਫ਼ੌਜੀ ਵਰਦੀ ਵਿਚ

ਸਨ। ਸਮੁੰਦਰੀ ਦਾ ਮੰਨਣਾ ਸੀ ਕਿ ਤੁਹਾਡੇ ਉੱਤੇ ਓਦੋਂ ਹੀ ਵਿਸ਼ਵਾਸ ਹੋਣਾ ਸ਼ੁਰੂ ਹੁੰਦਾ ਹੈ ਜਦੋਂ ਤੁਹਾਡੇ ਵਿਚ ਨਿੱਜੀ ਸੰਜਮ ਹੋਏ ਅਤੇ ਤੁਹਾਡੀ ਦਿੱਤੀ ਅਗਵਾਈ ਇਖ਼ਲਾਕੀ ਤੌਰ 'ਤੇ ਮਿਸਾਲੀ ਹੋਏ।

ਬਰਾਬਰੀ ਵਾਸਤੇ ਉਨ੍ਹਾਂ ਦਾ ਸਮਰਪਣ ਐਵੇਂ ਭਾਸ਼ਣਬਾਜ਼ੀ ਨਹੀਂ ਸੀ। ਅਮ੍ਰਿਤਸਰ ਅਤੇ ਤਰਨ ਤਾਰਨ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ, ਉਨ੍ਹਾਂ ਨੇ ਜਾਤਪਾਤੀ ਬੰਧੇਜਾਂ ਤੋੜੀਆਂ ਜਦੋਂ ਦਲਿਤਾਂ ਨੂੰ ਸੱਦਾ ਦਿੱਤਾ ਕਿ ਸਾਂਝੇ ਖ਼ੂਹਾਂ ਵਿੱਚੋਂ ਪਾਣੀ ਲੈ ਕੇ ਜਨਤਕ ਤੌਰ ਉੱਤੇ ਉਨ੍ਹਾਂ ਨੂੰ ਪਿਆਉਣ -ਇਹ ਸ਼ੁਰੂ ਵੀਹਵੀਂ ਸਦੀ ਦੇ ਪੰਜਾਬ ਵਿਚ ਚੁਪੀਤੇ ਸਮਾਜਕ ਇਨਕਲਾਬ ਦਾ ਇੱਕ ਕਦਮ ਸੀ। 1917 ਵਿਚ ਹੀ ਉਨ੍ਹਾਂ ਸਰਹਾਲੀ ਅਤੇ ਲਾਇਲਪੁਰ ਵਿਚ ਵਿਦਿਅਕ ਸੰਸਥਾਵਾਂ ਖੜ੍ਹੀਆਂ ਕਰ ਨੌਜਵਾਨਾਂ ਅਤੇ ਨਾਰਾਂ ਦੇ ਸ਼ਕਤੀਕਰਨ ਨੂੰ ਵਧਾਵਾ ਦਿੱਤਾ।

ਉਨ੍ਹਾਂ ਦੀ ਇਖ਼ਲਾਕੀ ਪਕਿਆਈ ਇੱਥੋਂ ਤੱਕ ਗਈ ਕਿ ਉਨ੍ਹਾਂ ਤਕੜੀ ਪਦਾਰਥੀ ਕੁਰਬਾਨੀ ਵੀ ਦਿੱਤੀ। ਜਦੋਂ SGPC ਨੂੰ ਵਿੱਤੀ ਸੰਕਟ ਆ ਪਿਆ ਅਤੇ ਪ੍ਰਿਵੀ ਕਾਉਂਸਲ ਅੱਗੇ ਇੱਕ ਕਨੂੰਨੀ ਅਪੀਲ ਕਰਨ ਲਈ 1.5 ਲੱਖ ਰੁਪਏ ਦੀ ਲੋੜ ਪੈ ਗਈ, ਓਦੋਂ

# ਤਰਨਜੀਤ ਸਿੰਘ ਸੰਧੂ

## ਲੈਫ਼ ਗਵ. ਦਿੱਲੀ; ਸਾਬਕਾ ਰਾਜਦੂਤ, ਯੂਐੱਸਏ



ਨਿਹੱਥੇ ਅਕਾਲੀਆਂ ਉੱਤੇ ਵਾਰ , 1922, ਗੁਰੂ ਕਾ ਬਾਗ ਮੋਰਚਾ

ਸਿਰਫ਼ ਅੱਧਾ ਪੈਸਾ ਹੀ ਇਕੱਤਰ ਹੋ ਸਕਿਆ ਸੀ। ਸਮੁੰਦਰੀ ਨੇ 2 ਮੁਰੱਬੇ (50 ਏਕੜ) ਗਹਿਣੇ ਪਾ ਬਾਕੀ ਦਾ 75,000 ਰੁਪਿਆ ਦਿੱਤਾ। ਉਨ੍ਹਾਂ ਦੀ ਮੌਤ ਤੋਂ ਬਾਅਦ, ਜਦੋਂ ਉਹ ਕੇਸ ਅਖੀਰ ਜਿੱਤ ਲਿਆ ਗਿਆ, ਉਨ੍ਹਾਂ ਦੇ ਪਰਿਵਾਰ ਨੇ ਭਰਪਾਈ ਲੈਣੋਂ ਨਾਂਹ ਕਰ ਦਿੱਤੀ ਸੀ। ...

ਬਸਤੀਵਾਦੀ ਰਾਜਸੱਤਾ ਨੂੰ ਸਮੁੰਦਰੀ ਤੋਂ ਪੇਸ਼ ਇਖ਼ਲਾਕੀ ਧਮਕੀ ਦੀ ਪਛਾਣ ਸੀ। 1923 ਵਿਚ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫੜ ਲਿਆ ਗਿਆ, ਲਹੌਰ ਕਿਲੇ ਅਤੇ ਕੇਂਦਰੀ ਜੇਲ੍ਹ ਵਿਚ ਰੱਖਿਆ– ਇਨ੍ਹਾਂ ਜੇਲ੍ਹਾਂ ਨਾਲ ਹੀ ਬਾਅਦ ਵਿਚ ਭਗਤ ਸਿੰਘ ਦਾ ਵਾਹ ਰਿਹਾ) – ਇਨ੍ਹਾਂ ਨੂੰ ਸਾਜ਼ਿਸ਼ ਮੁਕੱਦਮੇ ਵਿਚ ਫਸਾਉਣ ਲਈ। 1926 ਵਿਚ, ਸਮੁੰਦਰੀ ਨੇ 11 ਜਣਿਆਂ ਦੇ ਟੋਲੇ – ਮਾਸਟਰ ਤਾਰਾ ਸਿੰਘ ਸਮੇਤ– ਦੀ ਅਗਵਾਈ ਕੀਤੀ ਕਿ ਅਸੀਂ ਕਿਸੇ ਦਬਾਅ ਦੇ ਹੇਠ ਰਿਹਾਈ ਨਹੀਂ ਲੈਣੀ। ਜੇਲ੍ਹ ਅਸੂਲੀ ਮੁਖ਼ਾਲਫ਼ਤ ਦੀ ਥਾਂ ਬਣ ਗਈ। ਜੁਲਾਈ 1928 ਵਿਚ ਉਨ੍ਹਾਂ ਦਾ 43 ਸਾਲਾਂ ਦੀ ਉਮਰ ਵਿਚ, ਬਰਤਾਨਵੀ ਹਿਰਾਸਤ ਵਿਚ ਹੀ ਰਹੱਸਮਈ ਹਾਲਤਾਂ ਵਿਚ ਦੇਹਾਂਤ ਹੋ ਗਿਆ। ਜਨਤਕ ਰੋਹ ਨੇ ਬਾਕੀ ਦੇ ਕੈਦੀਆਂ ਨੂੰ ਬਿਨ-ਸ਼ਰਤ ਛੱਡਣ ਲਈ ਮਜਬੂਰ ਕਰ ਦਿੱਤਾ। ਸਿੱਖ ਏਕਤਾ ਨੂੰ ਸੱਟ ਮਾਰਨ ਲਈ, ਬਸਤੀਵਾਦੀ ਪ੍ਰਸ਼ਾਸਨ ਨੇ SGPC ਦੀਆਂ ਫ਼ੌਰੀ ਚੋਣਾਂ ਦਾ ਐਲਾਨ ਕਰ ਦਿੱਤਾ। ਉਸ ਦੀ ਕੋਸ਼ਿਸ਼ ਦੇ ਉਲਟ, ਪਰ, ਪੰਜਾਬ ਵਿਚ ਇੱਕ ਬਹੁਤ ਹੀ ਵੱਡੀ ਹਮਦਰਦੀ ਦੀ ਲਹਿਰ ਚੱਲ ਪਈ ਅਤੇ ਸਮੁੰਦਰੀ ਦੀ ਸੋਚ ਵਾਲੇ ਧੜੇ ਨੂੰ ਹਰਮਨਪਿਆਰਤਾ ਵਾਲੀ ਇੱਕ ਬਹੁਤ ਹੀ ਵੱਡੀ ਬਹੁਮਤ ਮਿਲੀ– ਜੋ ਇਸ ਗੱਲ ਦੀ ਤਸਦੀਕ ਸੀ ਕਿ ਇਖ਼ਲਾਕੀਪੁਣੇ ਦਾ ਰਾਜ ਅਕਸਰ ਜ਼ੋਰ ਜ਼ਬਰਦਸਤੀ ਦੇ ਰਾਜ ਨਾਲੋਂ ਵੱਧ ਚੱਲਦਾ ਹੈ।

ਬਾਅਦ ਵਿਚ ਮਾਸਟਰ ਤਾਰਾ ਸਿੰਘ ਨੇ "ਅਕਾਲੀ ਪਤ੍ਰਿਕਾ"(ਅੰਮ੍ਰਿਤਸਰ) ਵਿਚ ਲਿਖਿਆ ਸੀ ਕਿ ਸਮੁੰਦਰੀ ਆਪਣੀ ਮੌਤ ਕਰਕੇ ਸ਼ਹੀਦ ਨਹੀਂ ਸਨ– ਉਨ੍ਹਾਂ ਦੀ ਸਾਰੀ ਜ਼ਿੰਦਗੀ ਹੀ ਸ਼ਹਾਦਤ ਵਾਲੀ ਸੀ। ਉਨ੍ਹਾਂ ਵੇਰਵਾ ਦਿੱਤਾ ਇੱਕ ਸੇਵਾ, ਪਿਆਰ, ਸਮਰਪਣ, ਸਿਆਣਪ ਅਤੇ ਬੇਖ਼ੌਫ਼ ਇਨਸਾਨ ਦਾ; ਦੁਸ਼ਮਣੀ ਰਹਿਤ, ਜਿਸ ਨੇ ਆਪਣੇ ਲਈ ਕੁਝ ਰੱਖਣ ਤੋਂ ਬਿਨਾ ਹੀ ਆਪਣਾ ਸਭ ਕੁਝ ਵਾਰ ਦਿੱਤਾ। ਉਨ੍ਹਾਂ ਲਈ, ਕੁਰਬਾਨੀ ਕੋਈ ਇੱਕ ਘਟਨਾ ਦਾ ਨਾਂ ਨਹੀਂ, ਸਗੋਂ ਉਮਰ ਭਰ ਚੱਲਣ ਵਾਲੀ ਹਾਲਤ ਦਾ ਨਾਂ ਸੀ।"

1923 ਤੱਕ, ਸਮੁੰਦਰੀ ਦਾ ਕੱਦ ਇਹੋ ਜਿਹਾ ਸੀ ਕਿ ਉਹ ਉਨ੍ਹਾਂ ਨੂੰ ਹਰਿਮੰਦਿਰ ਸਾਹਬ ਸਰੋਵਰ ਦੀ ਕਾਰ ਸੇਵਾ ਸ਼ੁਰੂ ਕਰਨ ਲਈ ਚੁਣੇ ਪੰਜ ਪਿਆਰਿਆਂ ਵਿਚੋਂ ਇੱਕ ਚੁਣਿਆ ਗਿਆ– 1842 ਤੋਂ ਬਾਅਦ ਇਹ ਪਹਿਲੀ ਅਜਿਹੀ ਸੇਵਾ ਸੀ।

ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ, ਦਰਬਾਰ ਸਾਹਬ ਪਰਿਸਰ ਦੇ ਅੰਦਰ ਤੇਜਾ ਸਿੰਘ ਸਮੁੰਦਰੀ ਹਾਲ ਨਾਂ ਰੱਖਣਾ ਇਸ ਦੀ ਇੱਕ ਸਾਂਝੀ ਮਾਨਤਾ ਬਣ ਗਿਆ ਕਿ ਕੁਝ ਜ਼ਿੰਦਗੀਆਂ ਬਿਨਾ ਕੋਈ ਯਾਦਗਾਰੀ ਮੰਗਣ ਦੇ ਵੀ ਇਤਿਹਾਸ ਨੂੰ ਸ਼ਕਲ ਦੇ ਜਾਂਦੀਆਂ ਹਨ।

ਅਜੋਕੇ ਨਜ਼ਰੀਏ ਤੋਂ ਵੇਖਿਆਂ, ਉਨ੍ਹਾਂ ਦੀ ਜ਼ਿੰਦਗੀ ਕੁਝ ਹਮੇਸ਼-ਰਹਿਣੇ ਸਬਕ ਪੇਸ਼ ਕਰਦੀ ਹੈ:

ਨਿੱਜੀ ਸੰਜਮ-ਅਨੁਸ਼ਾਸਨ ਤੋਂ ਹੀ ਕਿਸੇ ਦੀ ਸਾਖ ਬਣਦੀ ਹੈ; ਬਰਾਬਰੀ ਨੂੰ ਸਿਰਫ਼ ਐਲਾਨਣਾ ਨਹੀਂ ਚਾਹੀਦਾ, ਇਸ ਉੱਤੇ ਅਮਲ ਕਰਨਾ ਚਾਹੀਦਾ ਹੈ; ਬਿਨਾ ਇਖ਼ਲਾਕੀ ਸੰਜਮ ਦੇ ਕੀਤੇ ਰੋਸ ਮੁਜ਼ਾਹਰੇ ਆਪਣੀ ਹੀ ਵਜ੍ਹਾ ਨੂੰ ਖੋਰ ਜਾਂਦੇ ਹਨ; ਜਣਿਆਂ-ਵਿਅਕਤੀਆਂ ਨਾਲੋਂ ਸੰਸਥਾਵਾਂ ਵੱਧ ਅਹਿਮੀਅਤ ਰੱਖਦੀਆਂ ਹਨ ਅਤੇ ਕਾਇਆਕਲਪ ਕਰਨ ਲਈ ਕੁਰਬਾਨੀਆਂ ਨੂੰ ਨਾਟਕੀ ਹੋਣ ਦੀ ਲੋੜ ਨਹੀਂ ਹੁੰਦੀ।

ਅੱਜ ਦੇ ਵਿਖਾਲਾ-ਪਾਊ ਸਿਆਸਤ ਅਤੇ ਬੇਸਬਰੇ ਆਗੂਆਂ ਦੇ ਜ਼ਮਾਨੇ ਵਿਚ, ਸਰਦਾਰ ਤੇਜਾ ਸਿੰਘ ਸਮੁੰਦਰੀ ਸਾਨੂੰ ਯਾਦ ਕਰਾਉਂਦੇ ਹਨ ਕਿ ਚੁਪੀਤੀ ਹਿੰਮਤ, ਟਿਕਵਾਂ ਆਚਰਣ ਅਤੇ ਸੰਸਥਾਤਮਕ ਦੂਰਦ੍ਰਿਸ਼ਟੀ, ਜਨਤਕ ਤੌਰ 'ਤੇ ਪਾਏ ਰੌਲ਼ੇ ਨਾਲੋਂ ਵਧੇਰੇ ਛਾਪ ਛੱਡ ਸਕਦੀਆਂ ਹਨ। ਉਨ੍ਹਾਂ ਦੀ ਜ਼ਿੰਦਗੀ ਤਮਾਸ਼ਾਨੁਮਾ ਨਹੀਂ ਸੀ, ਜ਼ਮੀਰ ਵਾਲੀ ਸੀ। ਅਤੇ ਇਸੇ ਲਈ ਇਹ ਅਜੇ ਵੀ ਬੋਲ ਰਹੀ ਹੈ।

(ਲੇਖਕ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਹਨ। )

ਦ ਟ੍ਰਿਬਿਊਨ ਤੋਂ ਅਨੁ:: ਪੂਨਮ ਸਿੰਘ

# ਰੇਡੀਓ ਦੀਆਂ ਯਾਦਾਂ:  ਦੇਵਿੰਦਰ ਮਹੇਂਦਰੂ

## ਸੀਜ਼ਨ-ਦੋ; ਐਪੀਸੋਡ -30



**ਮੇਰੀ** ਵਿਆਹ ਵਾਲੀ ਪੇਟੀ ਵਿੱਚੋਂ ਚੰਦਨ ਦਾ ਇੱਕ ਬਕਸਾ ਨਿੱਕਲਿਆ ਹੈ। ਇੱਕ ਮੁਸਕਰਾਹਟ ਆਈ ਹੈ ਮੇਰੇ ਮੂੰਹ 'ਤੇ ਉਹਨੂੰ ਦੇਖ ਕੇ। 'ਸਤੱਤਰ ਵਿੱਚ ਮੈਨੂੰ ਮੇਰੇ ਵਿਆਹ 'ਤੇ ਰੇਡੀਓ ਜਲੰਧਰ ਦੇ ਸੁਪਰਡੈਂਟ ਇੰਜਨੀਅਰ ਸ੍ਰੀਨਿਵਾਸਨ ਸਰ, ਜਿਹੜੇ ਦੱਖਣ ਭਾਰਤ ਤੋਂ ਸਨ, ਦੇ ਦਿੱਤੇ ਇਸ ਤੋਹਫ਼ੇ ਦੀ ਖ਼ੁਸ਼ਬੂ ਅੱਜ ਵੀ ਓਨੀ ਹੀ ਹੈ ਜਿੰਨੀ ਉਦੋਂ ਸੀ।

ਮੇਰਾ ਵਿਆਹ ਨਵੰਬਰ 'ਸਤੱਤਰ ਵਿੱਚ ਹੋਇਆ ਸੀ। ਸਰ ਦੀ ਬਦਲੀ ਹੋ ਗਈ ਸੀ ਉਸਤੋਂ ਪਹਿਲਾਂ। ਜਾਣ ਲੱਗੇ ਉਹ ਆਪਣਾ ਅਸ਼ੀਰਵਾਦ ਅਤੇ ਇਹ ਤੋਹਫ਼ਾ ਦੇ ਗਏ ਸਨ। ਭਰੀਆਂ ਅੱਖਾਂ ਨਾਲ ਵਿਦਾਈ ਹੋਈ ਸੀ। ਮੇਰੇ ਸਿਰ 'ਤੇ ਹੱਥ ਰੱਖ ਕੇ ਉਨ੍ਹਾਂ ਕਿਹਾ ਸੀ, "ਖੁਸ਼ ਰਹੋ। ਮੈਂ ਤੋ ਤੁਮ੍ਹੇਂ ਬਹੂ ਬਨਾਕਰ ਸਾਥ ਲੇ ਜਾਨਾ ਚਾਹਤਾ ਥਾ। ਤੁਮਨੇ ਕਭੀ ਬਤਾਯਾ ਹੀ ਨਹੀਂ। ਚਲੋ ਕੋਈ ਬਾਤ ਨਹੀਂ। ਮਹਿੰਦਰੂ ਕੇ ਸਾਥ ਖੁਸ਼ਹਾਲ ਜੀਵਨ ਬਤੀਤ ਕਰਨਾ।"

ਸਰ ਇੱਕ ਵਾਰ ਮੇਰੇ ਪਿੰਡ ਵੀ ਗਏ ਸਨ, ਇਹ ਕਹਿਕੇ ਕਿ ਪੰਜਾਬ ਦੇ ਪਿੰਡ ਦੇਖਣਾ ਚਾਹੁੰਦਾ ਹਾਂ। ਮੈਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਉਹ ਅਸਲ ਵਿੱਚ ਮੇਰੇ ਮਾਂ ਬਾਪ ਨੂੰ ਮਿਲਣਾ ਚਾਹੁੰਦੇ ਸਨ। ਬਾਅਦ ਵਿੱਚ ਜਦੋਂ ਮੈਨੂੰ ਸਮਝ ਆਈ, ਮੈਂ ਮਹਿੰਦਰੂ ਸਾਹਿਬ ਨੂੰ ਬੁਲਾਇਆ ਦਫ਼ਤਰ, ਅਤੇ ਸਰ ਨਾਲ ਮਿਲਾਇਆ। ਦੱਸਿਆ ਕਿ ਸਾਡਾ ਵਿਆਹ ਹੋਣ ਵਾਲਾ ਹੈ। ਉਨ੍ਹਾਂ ਗੰਭੀਰਤਾ ਨਾਲ ਗੱਲ ਨੂੰ ਸਮਝਿਆ ਅਤੇ ਮੇਰੇ ਸਿਰ 'ਤੇ ਹੱਥ ਰੱਖਿਆ।

ਇੱਕ ਗੱਲ ਹੋਰ ਸਰ ਦੀ, ਜਿਹੜੀ ਕਦੇ ਨਹੀਂ ਭੁੱਲਦੀ, ਉਹ ਇਹ ਕਿ ਜਦੋਂ ਉਹ ਮੇਰੇ ਪਿੰਡ ਗਏ ਸਨ, ਪੂਰਾ ਵਕਤ ਟਰਾਂਜ਼ਿਸਟਰ 'ਤੇ ਰੇਡੀਓ ਜਲੰਧਰ ਟਿਊਨ ਕਰ ਕੇ ਰੱਖਿਆ ਹੋਇਆ ਸੀ, ਭਾਵੇਂ ਅਵਾਜ਼ ਹਲਕੀ ਰੱਖੀ ਹੋਈ ਸੀ। ਉਹ ਚੌਵੀ ਘੰਟੇ ਡਿਊਟੀ 'ਤੇ ਸਨ। ਰਾਤ ਨੂੰ ਬਰੇਕ ਡਾਊਨ ਹੋਣ 'ਤੇ ਉਸੇ ਵਕਤ ਉਨ੍ਹਾਂ ਡਰਾਈਵਰ ਨੂੰ ਉਠਾਇਆ ਅਤੇ ਵਾਪਸ ਜਲੰਧਰ ਲਈ ਚੱਲ ਪਏ।

ਪਿੰਡ ਵਿੱਚ ਕੋਈ ਫ਼ੋਨ ਤਾਂ ਸੀ ਨਹੀਂ ਕਿਸੇ ਦੇ ਘਰ! ਉਹ ਸਿੱਧੇ ਗੁਰਾਇਆ ਗਏ, ਹਾਈ ਪਾਵਰ ਟਰਾਂਸਮੀਟਰ 'ਤੇ ਫੇਰ ਫ਼ਾਲਟ ਠੀਕ ਕਰਵਾਅ ਕੇ ਜਲੰਧਰ ਰੇਡੀਓ ਪਹੁੰਚੇ, ਸਵੇਰ ਤੱਕ।

ਮੈਨੂੰ ਉਨ੍ਹਾਂ ਪਿੰਡ ਤੋਂ ਨਾਲ ਨਹੀਂ ਲਿਆ। ਜ਼ਿੰਮੇਵਾਰੀ ਸੀ ਉਨ੍ਹਾਂ ਦੀ। ਇੰਜੀਨੀਅਰਿੰਗ ਸਾਈਡ ਦੇ ਹੈੱਡ ਸਨ ਉਹ ਅਤੇ ਸਵੇਰ ਨੂੰ ਦਿੱਲੀ ਰਿਪੋਰਟ ਭੇਜਣੀ ਸੀ- ਇੰਨੇ ਲੰਬੇ ਬਰੇਕਡਾਊਨ ਦੀ।

ਕੁਝ ਹਸਤੀਆਂ ਨੂੰ ਤੁਸੀਂ ਕਦੇ ਨਹੀਂ ਭੁਲਾਅ ਸਕਦੇ। ਜਲੰਧਰ ਰੇਡੀਓ ਦਾ ਦਿਹਾਤੀ ਪ੍ਰੋਗਰਾਮ ਸ਼ੁਰੂ ਤੋਂ ਹੀ ਬਹੁਤ ਹਰਮਨ ਪਿਆਰਾ ਰਿਹਾ। ਲਾਹੌਰ ਰੇਡੀਓ ਵਾਲੇ "ਨਿਜ਼ਾਮੁਦੀਨ", ਜਿਨ੍ਹਾਂ ਦਾ ਅਸਲੀ ਨਾਂ ਸੁਲਤਾਨ ਬੇਗ਼ ਸੀ, ਪਾਕਿਸਤਾਨ ਬਣਨ ਤੋਂ ਪਹਿਲਾਂ ਪਿਆਰੇ ਲਾਲ ਸੂਦ ਅਤੇ ਖ਼ਰੈਤੀ ਲਾਲ ਨਾਲ ਪ੍ਰੋਗਰਾਮ ਕਰਦੇ ਸਨ, ਲਾਹੌਰ ਰੇਡੀਓ ਤੋਂ! ਹੱਲਿਆਂ ਤੋਂ ਬਾਅਦ ਦੋਵੇਂ ਜਲੰਧਰ ਰੇਡੀਓ ਵਿੱਚ ਆ ਗਏ। ਇਹ ਜਾਨ ਸਨ ਦਿਹਾਤੀ ਪ੍ਰੋਗਰਾਮ ਦੀ!
"ਨਿਜ਼ਾਮੁਦੀਨ" ਪਾਕਿਸਤਾਨ ਵਿੱਚ ਰਹਿ ਗਏ। ਉਨ੍ਹਾਂ ਨੂੰ ਇੱਧਰਲੇ ਪੰਜਾਬ ਵਿੱਚ ਵੀ ਬਹੁਤ ਸੁਣਿਆ ਜਾਂਦਾ ਸੀ। ਲਾਹੌਰ ਰੇਡੀਓ ਦਾ ਇਹ ਪ੍ਰੋਗਰਾਮ "ਨਿਜ਼ਾਮੁਦੀਨ" ਕਰਕੇ ਹੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਏਨੇ ਸ਼ੌਕ ਨਾਲ ਸੁਣਿਆ ਜਾਂਦਾ ਸੀ। ਅੱਜ ਵੀ "ਨਿਜ਼ਾਮੁਦੀਨ" ਦੀ ਅਵਾਜ਼ ਕੰਨਾਂ ਵਿੱਚ ਗੂੰਜਦੀ ਹੈ।

"ਰੇਡੀਓ ਕਸ਼ਮੀਰ, ਸ੍ਰੀਨਗਰ" ਦੇ "ਮੁਨਸ਼ੀ ਜੀ" ਅਤੇ "ਨਿੱਕੀ" ਦਾ ਪੰਜਾਬੀ ਪ੍ਰੋਗਰਾਮ, "ਵਾਦੀ ਦੀ ਆਵਾਜ਼", ਜਿਹੜਾ ਮੈਂ ਬਚਪਨ ਤੋਂ ਸੁਣਦੀ ਆ ਰਹੀ ਸੀ, ਪਿਤਾ ਨਾਲ ਬੈਠ ਕੇ। ਦੋਨੋਂ ਕਲਾਕਾਰ ਲਾਜਵਾਬ!
ਲਾਹੌਰ ਵਾਲਿਆਂ ਨੂੰ ਮਿੱਠੀਆਂ ਮਿੱਠੀਆਂ ਚੋਭਾਂ ਨਾਲ ਜਵਾਬ ਦਿੰਦੇ!

ਸੋਹਣ ਸਿੰਘ ਮੀਸ਼ਾ ਵਰਗੇ ਖੁੱਲ੍ਹੇ ਦਿਲ ਵਾਲੇ ਲੋਕ। ਧੀਮਾ ਧੀਮਾ ਬੋਲਣ ਵਾਲੇ। ਹਰ ਗੱਲ ਸਮਝਣ ਵਾਲੇ। ਸਿੱਧਾ ਦਿਲ 'ਤੇ ਅਸਰ ਕਰਦਾ ਲਿਖਣ ਵਾਲੇ:
*'ਮੈਨੂੰ ਤੇਰਾ ਮੁਹਾਂਦਰਾ ਭੁੱਲਿਆ*
*ਸੋਚ ਕਿੰਨੇ ਹਨੇਰ ਦੀ ਗੱਲ ਹੈ'*

ਜੇ ਕਿਸੇ ਨੇ ਉਹ ਇੰਟਰਵਿਊ ਸੁਣੀ ਹੋਵੇ ਜਿਹੜੀ ਉਨ੍ਹਾਂ ਅਮਿਤਾਭ ਬੱਚਨ ਨਾਲ ਕੀਤੀ ਸੀ, ਜਲੰਧਰ ਰੇਡੀਓ ਲਈ! ਅਮਿਤਾਭ ਬੱਚਨ ਏਨੇ ਅਗਰੈਸਿਵ ਮੋਡ ਵਿੱਚ ਅਤੇ ਮੀਸ਼ਾ ਜੀ ਏਨੇ ਸ਼ਾਂਤ। ਅੱਜ ਹੁਣ ਤੁਸੀਂ ਅਮਿਤਾਭ ਬੱਚਨ ਦਾ ਉਹ ਅੰਦਾਜ਼ ਮਹਿਸੂਸ ਕਰ ਸਕਦੇ ਹੋ -ਜਿਹੜਾ ਉਸ ਵੇਲੇ ਮੀਸ਼ਾ ਜੀ ਦਾ ਸੀ।

ਕਿੰਨੀ ਪਰਿਪੱਕਤਾ ਸੀ ਮੀਸ਼ਾ ਜੀ ਦੀ ਗੱਲਬਾਤ ਵਿੱਚ ਅਤੇ ਕਿੰਨੇ ਬਚਕਾਨੇ ਜਵਾਬ ਸਨ ਉਸ ਵੇਲੇ ਦੇ ਅਮਿਤਾਭ ਬੱਚਨ ਦੇ!

ਵਕ਼ਤ ਕਈ ਵਾਰ ਜ਼ਾਲਮ ਬਣ ਕੇ ਟੱਕਰਦਾ ਹੈ, ਨਹੀਂ ਤਾਂ ਮੀਸ਼ਾ ਜੀ ਦਾ ਹੁਣ ਤੱਕ ਮੇਰੇ ਵਰਗਿਆਂ ਦੇ ਸਿਰ 'ਤੇ ਹੱਥ ਰਹਿੰਦਾ।

ਪ੍ਰਕਾਸ਼ ਢਿੱਲੋਂ ਏਨਾ ਮੋਹ ਕਰਦੇ ਸਨ ਮੈਨੂੰ। ਮੇਰੀ ਹਰ ਗੱਲ ਦਾ ਧਿਆਨ ਰਹਿੰਦਾ ਸੀ ਉਨ੍ਹਾਂ ਨੂੰ, ਚਾਹੇ ਉਹ ਮੇਰੇ ਘਰ ਨਾਲ ਸੰਬੰਧਤ ਹੋਵੇ ਚਾਹੇ ਦਫ਼ਤਰ ਨਾਲ।


ਡਾ. ਨਵਦੀਪ ਕੌਰ

# ਸੁਣ ਸਖੀਏ: ਸੋਚ ਬਦਲਣ ਦਾ ਸੱਦਾ

**ਮੂਲ ਲੇਖਕ:** Chimamanda Ngozi Adichie
**ਅਨੁਵਾਦਕ:** ਜਸ਼ਨਪ੍ਰੀਤ ਕੌਰ
**ਪ੍ਰਕਾਸ਼ਕ:** ਕਿਰਤ ਪ੍ਰਕਾਸ਼ਨ।

ਕਈ ਵਾਰ ਕੋਈ ਕਿਤਾਬ, ਕਿਤਾਬ ਵਜੋਂ ਨਹੀਂ ਜਨਮ ਲੈਂਦੀ, ਪਰ ਸਮੇਂ ਦੇ ਨਾਲ ਇੱਕ ਅਜਿਹਾ ਦਸਤਾਵੇਜ਼ ਬਣ ਜਾਂਦੀ ਹੈ ਜੋ ਪੀੜ੍ਹੀਆਂ ਨਾਲ ਸੰਵਾਦ ਕਰਦਾ ਹੈ। "ਸੁਣ ਸਖੀਏ" ਅਜਿਹੀ ਹੀ ਇੱਕ ਕਿਤਾਬ ਹੈ। ਇਹ ਇਸ ਲਈ ਮਹੱਤਵਪੂਰਨ ਨਹੀਂ ਕਿ ਇਹ ਸਾਡੇ ਵਿਚਾਰਾਂ ਨਾਲ ਸਹਿਮਤ ਹੈ, ਸਗੋਂ ਇਸ ਲਈ ਕਿ ਇਹ- ਸਾਡੀਆਂ ਪੱਕੀਆਂ ਧਾਰਨਾਵਾਂ ਨੂੰ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ, ਬਹੁਤ ਹੀ ਆਪਣੇਪਣ ਨਾਲ ਹੌਲੀ ਜਿਹੀ ਟੱਕਰ ਦਿੰਦੀ ਹੈ। ਸੱਚ ਕਹਾਂ ਤਾਂ ਜੇ ਮੈਂ ਇਸ ਕਿਤਾਬ ਨੂੰ ਇਸਦੇ ਅੰਗਰੇਜ਼ੀ ਨਾਮ "Dear Ijeawele: A Feminist Manifesto in Fifteen Suggestions" ਨਾਲ ਹੀ ਦੇਖਿਆ ਹੁੰਦਾ, ਤਾਂ ਸ਼ਾਇਦ ਮੈਂ ਵੀ ਇਸ ਨੂੰ ਪੜ੍ਹਨ ਤੋਂ ਝਿਜਕ ਜਾਂਦੀ। "ਫ਼ੈਮਿਨਿਜ਼ਮ" ਸ਼ਬਦ ਨਾਲ ਜੁੜੀਆਂ ਕਈ ਪੂਰਵ-ਧਾਰਨਾਵਾਂ ਸਾਡੇ ਸਮਾਜ ਵਿੱਚ ਪਹਿਲਾਂ ਹੀ ਮੌਜੂਦ ਹਨ। ਪਰ ਜਦੋਂ ਜਸ਼ਨਪ੍ਰੀਤ ਕੌਰ ਵੱਲੋਂ ਅਨੁਵਾਦਤ "ਸੁਣ ਸਖੀਏ" ਮੇਰੇ ਹੱਥ ਆਈ, ਤਾਂ ਇਸ ਦਾ ਨਾਮ ਹੀ ਇੱਕ ਅਪਣੱਤ ਦਾ ਅਹਿਸਾਸ ਕਰਵਾਉਂਦਾ ਸੀ। ਪੜ੍ਹਨਾ ਸ਼ੁਰੂ ਕੀਤਾ ਤਾਂ ਮਹਿਸੂਸ ਹੋਇਆ ਕਿ ਇਹ ਕਿਤਾਬ ਕਿਸੇ ਵਿਚਾਰਧਾਰਾ ਦਾ ਪ੍ਰਚਾਰ ਕਰਨ ਨਹੀਂ ਆਈ, ਸਗੋਂ ਸਾਨੂੰ ਆਪਣੇ ਹੀ ਰੋਜ਼ਾਨਾ ਦੇ ਵਿਹਾਰ ਅਤੇ ਸੋਚ ਵੱਲ ਨਵੀਆਂ ਅੱਖਾਂ ਨਾਲ ਵੇਖਣ ਦਾ ਸੱਦਾ ਦਿੰਦੀ ਹੈ।

ਇਹ ਕਿਤਾਬ ਅਸਲ ਵਿੱਚ ਇੱਕ ਸਖੀ ਵੱਲੋਂ ਦੂਜੀ ਸਖੀ ਨੂੰ ਲਿਖਿਆ ਪੱਤਰ ਹੈ। ਇੱਕ ਦੋਸਤ ਨੇ ਚਿਮਾਮਾਂਡਾ ਨਗੋਜ਼ੀ ਅਡੀਚੀ ਤੋਂ ਪੁੱਛਿਆ- ਕਿ ਆਪਣੀ ਨਵਜੰਮੀ ਧੀ ਨੂੰ ਉਹ ਕਿਵੇਂ ਪਾਲੇ। ਇਸ ਸਵਾਲ ਦੇ ਜਵਾਬ ਵਿੱਚ ਲਿਖਿਆ ਗਿਆ ਪੱਤਰ ਹੀ ਬਾਅਦ ਵਿੱਚ ਇਸ ਕਿਤਾਬ ਦਾ ਰੂਪ ਧਾਰ ਗਿਆ! ਸ਼ਾਇਦ ਇਸੇ ਕਰਕੇ ਇਸ ਵਿੱਚ ਨਾ ਕੋਈ ਭਾਰੀ-ਭਰਕਮ ਸਿਧਾਂਤ ਹੈ ਅਤੇ ਨਾ ਹੀ ਕੋਈ ਉਪਦੇਸ਼। ਇਹ ਇੱਕ ਸਹਿਜ, ਇਮਾਨਦਾਰ ਅਤੇ ਬੇਹੱਦ ਵਿਚਾਰ-ਉਕਸਾਊ ਗੱਲਬਾਤ ਹੈ। ਇਸਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਹ ਸਾਨੂੰ ਵੱਡੀਆਂ ਬਹਿਸਾਂ ਵਿੱਚ ਨਹੀਂ ਉਲਝਾਉਂਦੀ। ਇਹ ਸਾਡਾ ਧਿਆਨ ਉਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਵੱਲ ਲੈ ਜਾਂਦੀ ਹੈ ਜੋ ਅਸੀਂ ਰੋਜ਼ ਕਰਦੇ ਹਾਂ ਪਰ ਜਿਨ੍ਹਾਂ ਦੇ ਦੂਰਰਸੀ ਅਸਰ ਬਾਰੇ ਘੱਟ ਹੀ ਸੋਚਦੇ ਹਾਂ।




ਅਸੀਂ ਬੱਚਿਆਂ ਨਾਲ ਕਿਹੜੀ ਭਾਸ਼ਾ ਵਰਤਦੇ ਹਾਂ? ਅਸੀਂ ਧੀਆਂ ਅਤੇ ਪੁੱਤਰਾਂ ਤੋਂ ਵੱਖ-ਵੱਖ ਉਮੀਦਾਂ ਕਿਉਂ ਰੱਖਦੇ ਹਾਂ? ਕੀ ਅਸੀਂ ਬੱਚਿਆਂ ਨੂੰ ਸਭ ਨੂੰ ਖੁਸ਼ ਰੱਖਣਾ ਸਿਖਾਅ ਰਹੇ ਹਾਂ- ਜਾਂ ਸੱਚੇ ਅਤੇ ਇਮਾਨਦਾਰ ਹੋਣਾ? ਕੀ ਅਸੀਂ ਉਨ੍ਹਾਂ ਨੂੰ ਆਪਣੀ ਪਹਿਚਾਣ ਬਣਾਉਣ ਦਿੰਦੇ ਹਾਂ- ਜਾਂ ਪਹਿਲਾਂ ਤੋਂ ਹੀ ਬਣੇ ਖਾਕਿਆਂ ਵਿੱਚ ਢਾਲਣ ਦੀ ਕੋਸ਼ਿਸ਼ ਕਰਦੇ ਹਾਂ?

ਚਿਮਾਮਾਂਡਾ ਦੇ 15 ਸੁਝਾਅ ਕਿਸੇ ਨਿਯਮ-ਪੁਸਤਕ (Rule Book) ਵਾਂਗ ਨਹੀਂ ਹਨ- ਉਹ ਬੱਸ ਸਾਨੂੰ ਰੁਕ ਕੇ ਸੋਚਣ ਲਈ ਮਜਬੂਰ ਕਰਦੇ ਹਨ।

ਇਹ ਵੀ ਇਸ਼ਾਰਾ ਮਿਲਦਾ ਹੈ ਕਿ ਬਦਲਾਅ ਵੱਡੇ ਨਾਅਰਿਆਂ ਨਾਲ ਨਹੀਂ, ਰੋਜ਼ਮੱਰਾ ਦੇ ਸਾਡੇ ਵਿਹਾਰ ਅਤੇ ਰੋਜ਼ਾਨਾ ਦੀਆਂ ਚੋਣਾਂ ਨਾਲ ਸ਼ੁਰੂ ਹੁੰਦਾ ਹੈ।

ਇਸ ਸੰਗ੍ਰਹਿ ਦਾ ਇੱਕ ਹੋਰ ਬੇਹੱਦ ਪ੍ਰਭਾਵਸ਼ਾਲੀ ਲੇਖ ਹੈ 'ਇੱਕੋ-ਇਕ ਕਹਾਣੀ ਦਾ ਖ਼ਤਰਾ' (The Danger of a Single Story)। ਇਹ (ਇੱਕ ਪ੍ਰਸਿੱਧ TED Talk ਉੱਤੇ ਅਧਾਰਤ) ਸਾਨੂੰ ਆਪਣੀ ਹੀ ਸੋਚ ਦਾ ਸ਼ੀਸ਼ਾ ਵਿਖਾਉਂਦਾ ਹੈ। ਅਸੀਂ ਸਾਰੇ ਹੀ ਕਹਾਣੀਆਂ ਸੁਣਦੇ ਵੀ ਹਾਂ ਅਤੇ ਕਹਾਣੀਆਂ ਬੁਣਦੇ ਵੀ ਹਾਂ- ਮੁਸ਼ਕਲ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਵਿਅਕਤੀ, ਕੌਮ, ਭਾਈਚਾਰੇ, ਜਾਤ, ਪੇਸ਼ੇ ਜਾਂ ਸਮਾਜ ਦੇ ਕਿਸੇ ਵਰਗ ਬਾਰੇ ਸਾਡੇ ਕੋਲ "ਸਿਰਫ਼ ਇੱਕੋ ਕਹਾਣੀ" ਹੋਏ। ਉਹ ਕਹਾਣੀ ਸ਼ਾਇਦ ਸੱਚ ਦਾ ਇੱਕ ਹਿੱਸਾ ਹੋਵੇ, ਪਰ ਪੂਰਾ ਸੱਚ ਕਦੇ ਨਹੀਂ ਹੁੰਦੀ। ਕਈ ਵਾਰ ਅਜਿਹੀਆਂ ਕਹਾਣੀਆਂ ਕਿਸੇ ਦੇ ਆਪਣੇ ਹਿੱਤਾਂ ਵਿਚੋਂ ਜਨਮ ਲੈਂਦੀਆਂ ਹਨ ਅਤੇ ਫਿਰ ਪੀੜ੍ਹੀ ਦਰ ਪੀੜ੍ਹੀ ਦੁਹਰਾਈਆਂ ਜਾਂਦੀਆਂ ਹਨ। ਹੌਲੀ-ਹੌਲੀ ਉਹ ਸਾਡੀ ਸੋਚ ਨੂੰ ਇੰਨਾ ਸਉੜਾ ਕਰ ਦਿੰਦੀਆਂ ਹਨ ਕਿ ਅਸੀਂ ਮਨੁੱਖਾਂ ਨੂੰ ਉਨ੍ਹਾਂ ਦੀ ਪੂਰੀ ਮਨੁੱਖਤਾ ਨਾਲ ਨਹੀਂ, ਸਗੋਂ ਇੱਕ ਬਣਾਈ ਹੋਈ ਤਸਵੀਰ (ਉਨ੍ਹਾਂ ਬਾਰੇ ਪਾਈ ਹੋਈ ਕਹਾਣੀ) ਰਾਹੀਂ ਦੇਖਣ ਲੱਗ ਪੈਂਦੇ ਹਾਂ।

ਇਹ ਲੇਖ ਸਾਨੂੰ ਹਰ ਕਹਾਣੀ ਦਾ ਦੂਜਾ, ਤੀਜਾ ਅਤੇ ਚੌਥਾ ਪਾਸਾ ਵੀ ਸੁਣਨ ਦੀ

> *"ਚਿਮਾਮਾਂਡਾ ਦੀ ਲਿਖਤ ਵਿਚ ਤੁਹਾਨੂੰ ਇਸ ਤਰ੍ਹਾਂ ਦੇ ਬਹੁਤ ਪ੍ਰਸੰਗ ਮਿਲਣਗੇ ਕਿ ਔਰਤਾਂ ਦੀ ਸਮਾਜਕ ਸਥਿਤੀ ਕੁਝ ਇਸ ਤਰ੍ਹਾਂ ਦੀ ਹੈ ਕਿ ਅੱਜ ਦੇ ਸਮਾਜ ਵਿਚ ਜੇ ਔਰਤ ਆਪਣੇ ਪਤੀ ਤੋਂ ਵੱਧ ਕਮਾਉਣ ਵੀ ਲੱਗ ਜਾਵੇ, ਤਾਂ ਉਹ ਘਰ ਵਿਚ ਆਪਣੀ ਜਗ੍ਹਾ ਘਟਾ ਕੇ ਰੱਖਦੀ ਹੈ, ਤਾਂ ਕਿ ਮਰਦ ਦੀ ਹਉਮੈਂ ਨੂੰ ਸੱਟ ਨਾ ਵੱਜੇ। – ਮੌਨਿਕਾ ਕੁਮਾਰ*

ਨਿਮਰਤਾ ਦੀ ਵਕਾਲਤ ਕਰਦਾ ਹੈ। ਇਸ ਸੰਗ੍ਰਹਿ ਦਾ ਪਹਿਲਾ ਲੇਖ 'ਸਾਨੂੰ ਸਭ ਨੂੰ ਨਾਰੀਵਾਦੀ ਹੋਣਾ ਚਾਹੀਦਾ ਹੈ' (We Should All Be Feminists) ਵੀ, ਸਾਨੂੰ ਆਪਣੀ ਸੋਚ 'ਤੇ ਸਵਾਲ ਕਰਨ ਲਈ ਮਜਬੂਰ ਕਰਦਾ ਹੈ। ਇਹ ਹਰ ਪੱਕੇ ਹੋ ਚੁੱਕੇ ਵਿਚਾਰ ਦੇ ਦਰਵਾਜ਼ੇ 'ਤੇ ਦਸਤਕ ਦਿੰਦਾ ਹੈ। ਇਹ, ਨਾਰੀਵਾਦ ਨੂੰ ਕਿਸੇ ਟਕਰਾਅ ਦੀ ਵਿਚਾਰਧਾਰਾ ਵਜੋਂ ਨਹੀਂ, ਸਗੋਂ ਬਰਾਬਰੀ, ਸਨਮਾਨ ਅਤੇ ਮਨੁੱਖੀ ਮਰਿਆਦਾ ਦੇ ਸੁਆਲ ਵਜੋਂ ਦੇਖਣ ਦਾ ਸੱਦਾ ਦਿੰਦਾ ਹੈ। ਗੱਲ ਸਾਫ਼ ਹੋ ਜਾਂਦੀ ਹੈ ਕਿ ਨਾਬਰਾਬਰੀ ਸਿਰਫ਼ ਨਾਰ ਲਈ ਨਹੀਂ, ਪੂਰੇ ਸਮਾਜ ਲਈ ਇੱਕ ਮਸਲਾ ਹੈ। ਇਸ ਸੰਗ੍ਰਹਿ ਦੇ ਤਿੰਨੇ ਲੇਖ—We Should All Be Feminists, Dear Ijeawele: A Feminist Manifesto in Fifteen Suggestions ਅਤੇ The Danger of a Single Story, ਬੜੀ ਸਹਿਜ ਭਾਸ਼ਾ ਵਿੱਚ ਅਜਿਹੇ ਗੰਭੀਰ ਸਵਾਲ ਉਠਾਉਂਦੇ ਹਨ, ਜਿਨ੍ਹਾਂ ਉੱਤੋਂ ਦੀ ਅਸੀਂ ਅਕਸਰ ਬਿਨਾਂ ਸੋਚੇ ਲੰਘ ਜਾਂਦੇ ਹਾਂ।

ਇਹ ਪੁਸਤਕ ਕਿਸੇ ਵਿਚਾਰਧਾਰਾ ਨੂੰ ਥੋਪਦੀ ਨਹੀਂ, ਸਾਨੂੰ ਆਪਣੇ ਆਪ ਨੂੰ ਪਰਖਣ ਦਾ ਸੱਦਾ ਦਿੰਦੀ ਹੈ। ਮੁੱਕਦੀ ਗੱਲ ਇਹ, ਕਿ ਅਣਜਾਣੇ ਵਿੱਚ ਅਸੀਂ ਜਿਸ ਨੂੰ ਆਪਣੀ ਸੋਚ, ਸਮਾਜਕ ਧਾਰਾ ਜਾਂ ਆਪਣਾ ਸੁਭਾਅ ਸਮਝ ਕੇ ਜੀਅ ਰਹੇ ਹੁੰਦੇ ਹਾਂ, ਉਹ ਅਕਸਰ ਸਦੀਆਂ ਤੋਂ ਗ੍ਰਹਿਣ ਕੀਤੀਆਂ ਧਾਰਨਾਵਾਂ ਦਾ ਹੀ ਖਲੇਰਾ ਹੁੰਦਾ ਹੈ। ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਨੂੰ ਸਿਰਫ਼ ਮੰਨੀਏ ਹੀ ਨਾ, ਸਗੋਂ ਉਨ੍ਹਾਂ ਨੂੰ ਵੇਖੀਏ, ਸਮਝੀਏ ਅਤੇ ਉਨ੍ਹਾਂ ਉੱਤੇ ਸਵਾਲ ਵੀ ਚੁੱਕੀਏ। ਹਰ ਉਹ ਇਨਸਾਨ, ਜਿਸ ਨੂੰ ਆਪਣੇ ਆਪ ਨਾਲ ਪਿਆਰ ਹੈ, ਜੋ ਸਿੱਖਣ ਲਈ ਖੁੱਲ੍ਹਾ ਮਨ ਰੱਖਦਾ ਹੈ ਅਤੇ ਜਿਸ ਨੂੰ ਨਵੀਂ ਪੀੜ੍ਹੀ ਦੇ ਭਵਿੱਖ ਦੀ ਚਿੰਤਾ ਹੈ, ਉਸ ਨੂੰ ਇਹ ਕਿਤਾਬ ਇੱਕ ਵਾਰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਹੋ ਸਕਦਾ ਹੈ ਇਹ ਕਿਤਾਬ ਤੁਹਾਡੇ ਸਾਰੇ ਜਵਾਬ ਨਾ ਬਦਲੇ- ਪਰ ਤੁਹਾਡੇ ਸੁਆਲ ਯਕੀਨਨ ਬਦਲ ਦੇਵੇਗੀ।

9872784646

# ਘਰੇਲੂ ਮਿਹਨਤ ਨੂੰ ਸਲਾਮ

ਡਾ. ਵਿਜੈ ਗਰਗ




## *ਮਾਤ-ਸ਼ਕਤੀ ਦੀ ਮਾਣ-ਮਰਿਆਦਾ ਵੱਲ ਇੱਕ ਮਹੱਤਵਪੂਰਨ ਕਦਮ*

**ਕਿਸੇ** ਵੀ ਪਰਿਵਾਰ ਦੀ ਮਜ਼ਬੂਤੀ ਸਿਰਫ਼ ਆਰਥਿਕ ਆਮਦਨ 'ਤੇ ਨਹੀਂ, ਸਗੋਂ ਉਸ ਅਣਥੱਕ ਮਿਹਨਤ 'ਤੇ ਵੀ ਨਿਰਭਰ ਕਰਦੀ ਹੈ ਜੋ ਹਰ ਰੋਜ਼ ਘਰ ਦੇ ਅੰਦਰਵਾਰ ਚੁੱਪਚਾਪ ਕੀਤੀ ਜਾਂਦੀ ਹੈ। ਖਾਣਾ ਬਣਾਉਣਾ, ਬੱਚਿਆਂ ਦੀ ਪਰਵਰਿਸ਼, ਬਜ਼ੁਰਗਾਂ ਦੀ ਦੇਖਭਾਲ, ਘਰ ਦੀ ਸਫ਼ਾਈ, ਪਰਿਵਾਰ ਦੇ ਹਰ ਮੈਂਬਰ ਦੀਆਂ ਲੋੜਾਂ ਦਾ ਧਿਆਨ ਰੱਖਣਾ ਅਤੇ ਘਰ ਵਿੱਚ ਪਿਆਰ ਅਤੇ ਸਾਂਝ ਦਾ ਮਹੌਲ ਬਣਾਈ ਰੱਖਣਾ— ਇਹ ਸਾਰੇ ਕੰਮ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਅਤਿ ਮਹੱਤਵਪੂਰਨ ਹਨ! ਫਿਰ ਵੀ ਇਹ ਮਿਹਨਤ ਅਕਸਰ "ਫ਼ਰਜ਼" ਸਮਝੀ ਜਾਂਦੀ ਹੈ, "ਕੰਮ" ਨਹੀਂ। ਇਸੇ ਕਰਕੇ ਕਰੋੜਾਂ ਨਾਰਾਂ ਦਾ ਯੋਗਦਾਨ ਅਜੇ ਵੀ ਉਹ ਸਨਮਾਨ ਨਹੀਂ ਲੈ ਸਕਿਆ ਜਿਸ ਦਾ ਇਹ ਅਸਲ ਹੱਕਦਾਰ ਹਨ।

ਭਾਰਤੀ ਸਮਾਜ ਵਿੱਚ ਅੱਜ ਵੀ ਵੱਡੀ ਗਿਣਤੀ ਵਿੱਚ ਨਾਰਾਂ ਆਪਣਾ ਪੂਰਾ ਸਮਾਂ ਘਰ ਅਤੇ ਪਰਿਵਾਰ ਦੀ ਸੰਭਾਲ ਵਿੱਚ ਲਗਾ ਦਿੰਦੀਆਂ ਹਨ! ਉਹ ਸਵੇਰੇ ਸਭ ਤੋਂ ਪਹਿਲਾਂ ਉੱਠਦੀਆਂ ਅਤੇ ਰਾਤ ਨੂੰ ਸਭ ਤੋਂ ਅਖੀਰ ਵਿੱਚ ਅਰਾਮ ਕਰਦੀਆਂ ਹਨ। ਉਨ੍ਹਾਂ ਦੇ ਕੰਮ ਦਾ ਕੋਈ ਤੈਅ ਸਮਾਂ ਨਹੀਂ ਹੁੰਦਾ ਅਤੇ ਨਾ ਹੀ ਹਫ਼ਤਾਵਾਰੀ ਛੁੱਟੀ! ਇਸ ਦੇ ਬਾਵਜੂਦ, ਉਨ੍ਹਾਂ ਦੀ ਮਿਹਨਤ ਦਾ ਨਾ ਤਾਂ ਆਰਥਿਕ ਮੁੱਲ ਲਾਇਆ ਜਾਂਦਾ ਹੈ ਅਤੇ ਨਾ ਹੀ ਸਮਾਜਿਕ ਤੌਰ 'ਤੇ ਪੂਰੀ ਮਾਨਤਾ ਮਿਲਦੀ ਹੈ।

ਘਰੇਲੂ ਮਿਹਨਤ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਹ ਪੂਰੇ ਸਮਾਜ ਦੀ ਪੈਦਾਵਾਰੀ ਤਾਕਤ ਦੀ ਨੀਂਹ ਹੈ। ਜੇ ਘਰ ਸੁਚੱਜੇ ਢੰਗ ਨਾਲ ਨਾ ਚੱਲਣ, ਬੱਚਿਆਂ ਨੂੰ ਸਹੀ ਪਰਵਰਿਸ਼ ਨਾ ਮਿਲੇ ਅਤੇ ਬਜ਼ੁਰਗਾਂ ਦੀ ਦੇਖਭਾਲ ਨਾ ਹੋਵੇ, ਤਾਂ ਸਮਾਜ ਦਾ ਕੋਈ ਵੀ ਮੈਂਬਰ ਆਪਣੇ ਕੰਮ ਵਿੱਚ ਪੂਰੀ ਸਮਰੱਥਾ ਨਾਲ ਯੋਗਦਾਨ ਨਹੀਂ ਪਾ ਸਕਦਾ। ਇਸ ਲਈ ਘਰੇਲੂ ਮਿਹਨਤ ਸਿਰਫ਼ ਪਰਿਵਾਰ ਦੀ ਸੇਵਾ ਨਹੀਂ, ਸਗੋਂ ਦੇਸ਼-ਉਸਾਰੀ ਦੀ ਇੱਕ ਮਜ਼ਬੂਤ ਨੀਂਹ ਹੈ।

ਸਮੇਂ ਨਾਲ, ਸਮਾਜ ਵਿੱਚ ਨਾਰਾਂ ਦਾ ਕੰਮ ਕਾਫ਼ੀ ਬਦਲਿਆ ਵੀ ਹੈ। ਅੱਜ ਉਹ ਸਿੱਖਿਆ, ਵਿਗਿਆਨ, ਪ੍ਰਸ਼ਾਸਨ, ਕਾਰੋਬਾਰ, ਰਾਜਨੀਤੀ ਅਤੇ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੀਆਂ ਹਨ! ਫਿਰ ਵੀ ਘਰ ਦੀ ਜ਼ਿੰਮੇਵਾਰੀ ਦਾ ਵੱਡਾ ਹਿੱਸਾ ਅਜੇ ਵੀ ਉਨ੍ਹਾਂ ਦੇ ਮੱਥੇ ਹੀ ਰਹਿੰਦਾ ਹੈ। ਨੌਕਰੀ ਕਰਨ ਵਾਲੀਆਂ ਨਾਰਾਂ ਨੂੰ ਦਫ਼ਤਰ ਦੇ ਕੰਮ ਤੋਂ ਬਾਅਦ ਘਰ ਦੇ ਕੰਮ ਵੀ ਕਰਨੇ ਪੈਂਦੇ ਹਨ। ਇਹ "ਦੋਹਰੀ ਜ਼ਿੰਮੇਵਾਰੀ" ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਅਸਰ ਪਾਉਂਦੀ ਹੀ ਪਾਉਂਦੀ ਹੈ।

ਇਹ ਸੋਚ ਬਦਲਣ ਦੀ ਲੋੜ ਹੈ ਕਿ ਘਰੇਲੂ ਕੰਮ ਸਿਰਫ਼ ਨਾਰ ਦੀ ਜ਼ਿੰਮੇਵਾਰੀ ਹਨ। ਜੇ ਘਰ ਸਾਰੇ ਪਰਿਵਾਰ ਦਾ ਹੈ –ਤਾਂ ਉਸਦੀ ਸਾਂਭ-ਸੰਭਾਲ ਵੀ ਸਾਰੇ ਮੈਂਬਰਾਂ ਦੀ ਸਾਂਝੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਜਦੋਂ ਪਤੀ, ਬੱਚੇ ਅਤੇ ਹੋਰ ਪਰਿਵਾਰਕ ਮੈਂਬਰ ਘਰੇਲੂ ਕੰਮਾਂ ਵਿੱਚ ਹੱਥ ਵਟਾਉਂਦੇ ਹਨ ਤਾਂ ਨਾ ਸਿਰਫ਼ ਨਾਰ ਦਾ ਬੋਝ ਘਟਦਾ ਹੈ, ਸਗੋਂ ਪਰਿਵਾਰ ਵਿੱਚ ਆਪਸੀ ਪਿਆਰ, ਸਤਿਕਾਰ ਅਤੇ ਬਰਾਬਰੀ ਦੀ ਭਾਵਨਾ ਵੀ ਮਜ਼ਬੂਤ ਹੁੰਦੀ ਹੈ। ਬੱਚੇ ਵੀ ਬਚਪਨ ਤੋਂ ਹੀ ਮਰਦ-ਜ਼ਨਾਨੀ ਲਈ ਬਰਾਬਰ ਥਾਂ ਹੋਣ ਦੀ ਕਦਰ ਕਰਨਾ ਸਿੱਖਦੇ ਹਨ।

ਘਰੇਲੂ ਮਿਹਨਤ ਨੂੰ ਇੱਜ਼ਤ ਦੇਣ ਦਾ ਮਤਲਬ ਸਿਰਫ਼ ਇਸਦੀ ਆਰਥਿਕ ਕੀਮਤ ਤੈਅ ਕਰਨਾ ਹੀ ਨਹੀਂ ਹੈ। ਇਸ ਦਾ ਅਰਥ ਹੈ ਇਸ ਮਿਹਨਤ ਨੂੰ ਸਮਾਜਿਕ ਮਾਨਤਾ ਦੇਣੀ, ਪਰਿਵਾਰ ਵਿੱਚ ਇਸ ਦੀ ਕਦਰ ਕਰਨੀ ਅਤੇ ਇਸ ਨੂੰ ਰਾਸ਼ਟਰ ਦੀ ਤਰੱਕੀ ਨਾਲ ਜੋੜ ਕੇ ਦੇਖਣਾ- ਕਿ ਜੇ ਘਰ ਸੰਭਾਲਣ ਵਾਲੇ ਹੱਥ ਨਾ ਹੋਣ ਤਾਂ ਸਮਾਜ ਦੀ ਆਰਥਿਕ ਅਤੇ ਸਮਾਜਿਕ ਵਿਵਸਥਾ ਵੀ ਪ੍ਰਭਾਵਿਤ ਹੋ ਸਕਦੀ ਹੈ।

ਕਈ ਦੇਸ਼ਾਂ ਵਿੱਚ ਘਰੇਲੂ ਮਿਹਨਤ ਨੂੰ ਰਾਸ਼ਟਰੀ ਆਰਥਿਕਤਾ ਦੇ ਸੰਦਰਭ ਵਿੱਚ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਰਥਸ਼ਾਸਤਰੀ ਮੰਨਦੇ ਹਨ ਕਿ ਜੇ ਘਰੇਲੂ ਕੰਮਾਂ ਦਾ ਆਰਥਿਕ ਮੁੱਲ ਵੀ ਆਰਥਕਤਾ ਦੇ ਵਿਚ ਜੋੜਿਆ ਜਾਵੇ ਤਾਂ ਇਹ ਦੇਸ਼ ਦੀ ਕੁੱਲ ਪੈਦਾਵਾਰੀ-ਉਤਪਾਦਕਤਾ ਵਿੱਚ ਇੱਕ ਅਹਿਮ ਹਿੱਸਾ ਸਾਬਤ ਹੋ ਸਕਦਾ ਹੈ। ਭਾਵੇਂ ਇਸ ਦਾ ਸਹੀ ਮੁੱਲ ਲਾਉਣਾ ਅਸਾਨ ਨਹੀਂ, ਪਰ ਇਸਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰਨਾ ਵੀ ਠੀਕ ਨਹੀਂ।

ਅਸਲ ਵਿਚ, ਇੱਜ਼ਤ ਦੇਣ-ਲੈਣ ਦੀ ਸ਼ੁਰੂਆਤ ਘਰ ਤੋਂ ਹੀ ਹੁੰਦੀ ਹੈ। ਜਦੋਂ ਪਰਿਵਾਰ ਦੇ ਮੈਂਬਰ ਘਰੇਲੂ ਮਿਹਨਤ ਦੀ ਸ਼ਲਾਘਾ ਕਰਦੇ ਹਨ, ਫ਼ੈਸਲੇ ਲੈਣ ਵਿੱਚ ਨਾਰ ਨੂੰ ਬਰਾਬਰੀ ਦਾ ਦਰਜਾ ਦਿੰਦੇ ਹਨ, ਉਸ ਦੀ ਸਿਹਤ, ਅਰਾਮ ਅਤੇ ਨਿੱਜੀ ਤਰੱਕੀ ਦਾ ਧਿਆਨ ਰੱਖਦੇ ਹਨ, ਤਾਂ ਇਹ ਅਸਲ ਇੱਜ਼ਤ ਹੁੰਦੀ ਹੈ। ਕਈ ਵਾਰ ਇੱਕ ਸਧਾਰਨ "ਧੰਨਵਾਦ" ਜਾਂ "ਤੁਹਾਡੀ ਮਿਹਨਤ ਦੀ ਅਸੀਂ ਕਦਰ ਕਰਦੇ ਹਾਂ" ਵਰਗਾ ਵਾਕ ਵੀ ਬਹੁਤ ਵੱਡਾ ਹੌਸਲਾ ਦੇ ਜਾਂਦਾ ਹੈ।

ਸਿੱਖਿਆ ਪ੍ਰਣਾਲੀ ਵੀ ਇਸ ਬਦਲਾਅ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀ ਹੈ। ਸਕੂਲਾਂ ਵਿੱਚ ਬੱਚਿਆਂ ਨੂੰ ਇਹ ਸਿਖਾਇਆ ਜਾਣਾ ਚਾਹੀਦਾ ਹੈ ਕਿ ਘਰੇਲੂ ਕੰਮ ਕਿਸੇ ਇੱਕ ਦੀ ਨਹੀਂ, ਸਗੋਂ ਪੂਰੇ ਪਰਿਵਾਰ ਦੀ ਸਾਂਝੀ ਜ਼ਿੰਮੇਵਾਰੀ ਹਨ। ਜਦੋਂ ਨਵੀਂ ਪੀੜ੍ਹੀ ਇਸ ਸੋਚ ਨਾਲ ਵੱਡੀ ਹੋਵੇਗੀ ਤਾਂ ਭਵਿੱਖ ਵਿੱਚ ਇੱਕ ਵਧੇਰੇ ਹੱਸਾਸ-ਸੰਵੇਦਨਸ਼ੀਲ ਅਤੇ ਬਰਾਬਰੀ ਵਾਲਾ ਸਮਾਜ ਬਣੇਗਾ।

ਅਜੋਕੀ ਤਕਨਾਲੋਜੀ ਵੀ ਘਰੇਲੂ ਕੰਮ ਨੂੰ ਸੌਖਾ ਬਨਾਉਣ ਵਿੱਚ ਸਹਾਈ ਹੋ ਹੀ ਰਹੀ ਹੈ। ਰਸੋਈ ਦੇ ਨਵੇਂ ਜੰਤਰ, ਡਿਜਿਟਲ ਸੇਵਾਵਾਂ ਅਤੇ ਸਮਾਂ ਬਚਾਊ ਤਕਨੀਕਾਂ ਘਰੇਲੂ ਮਿਹਨਤ ਦਾ ਬੋਝ ਘਟਾਅ ਸਕਦੀਆਂ ਹਨ- ਉਂਝ ਤਕਨਾਲੋਜੀ ਵੀ ਓਦੋਂ ਹੀ ਅਸਰ ਪਾਏਗੀ ਜਦੋਂ ਪਰਿਵਾਰ ਦੇ ਮੈਂਬਰ ਸਹਿਯੋਗ ਦੀ ਭਾਵਨਾ ਵੀ ਅਪਨਾਉਣਗੇ।

ਘਰੇਲੂ ਮਿਹਨਤ ਦੀ ਕਦਰ ਪਾਉਣੀ ਨਾਰ ਨੂੰ ਆਰਥਿਕ ਤੌਰ 'ਤੇ ਤਕੜਿਆਂ ਕਰਨ ਨਾਲ ਵੀ ਜੁੜਿਆ ਹੈ। ਜਦੋਂ ਨਾਰੀ ਨੂੰ ਸਿੱਖਿਆ, ਹੁਨਰ ਵਿਕਾਸ, ਵਿੱਤੀ ਫ਼ੈਸਲਿਆਂ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਪਾਉਣ ਦਾ ਮੌਕਾ ਮਿਲਦਾ ਹੈ ਤਾਂ ਉਸ ਦਾ ਆਤਮ-ਵਿਸ਼ਵਾਸ ਵਧਦਾ ਹੈ, ਮਾਨਸਿਕ ਅਤੇ ਮਨੋਵਿਗਿਆਨਕ ਸਿਹਤ ਵਿਚ ਵਾਧਾ ਹੁੰਦਾ ਹੈ ਅਤੇ ਉਹ ਪਰਿਵਾਰ ਅਤੇ ਸਮਾਜ ਦੇ ਵਿਕਾਸ ਵਿੱਚ ਖਿੜ ਕੇ ਹੋਰ ਵੀ ਵੱਡਾ ਹਿੱਸਾ ਪਾਉਂਦੀਆਂ ਹਨ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਘਰੇਲੂ ਮਿਹਨਤ ਨੂੰ "ਆਮ ਜਿਹਾ ਕੰਮ" ਨਹੀਂ, ਸਗੋਂ "ਕੀਮਤੀ ਯੋਗਦਾਨ" ਵਜੋਂ ਸਵੀਕਾਰ ਕਰੀਏ। ਜਿਹੜਾ ਸਮਾਜ ਆਪਣੀ 'ਮਾਤ- ਸ਼ਕਤੀ' ਦੀ ਮਿਹਨਤ ਦੀ ਕਦਰ ਕਰਦਾ ਹੈ, ਹੋਰ ਮਜ਼ਬੂਤ, ਸੰਵੇਦਨਸ਼ੀਲ ਅਤੇ ਖ਼ੁਸ਼ਹਾਲ ਬਣਦਾ ਜਾਂਦਾ ਹੈ। ਨਾਰੀ-ਸਨਮਾਨ ਸਿਰਫ਼ ਸ਼ਬਦਾਂ ਨਾਲ ਨਹੀਂ, ਸਗੋਂ ਵਿਹਾਰ, ਬਰਾਬਰੀ, ਸਹਿਯੋਗ ਅਤੇ ਮਾਨਤਾ ਨਾਲ ਹੋਣਾ ਚਾਹੀਦਾ ਹੈ।

ਅੰਤ ਵਿੱਚ, ਘਰੇਲੂ ਮਿਹਨਤ ਨੂੰ ਇੱਜ਼ਤ ਦੇਣਾ ਸਿਰਫ਼ ਨਾਰੀ- ਅਧਿਕਾਰਾਂ ਦਾ ਮੁੱਦਾ ਨਹੀਂ, ਸਗੋਂ ਇਸ ਤੋਂ ਸਮਾਜਿਕ ਨਿਆਂ, ਮਨੁੱਖੀ ਮਾਣ-ਮਰਿਆਦਾ ਅਤੇ ਬਰਾਬਰੀ ਦਿਸਦੀ ਹੈ ਹੈ। ਅਸੀਂ ਘਰ ਅੰਦਰ ਦੀ ਮਿਹਨਤ ਨੂੰ ਉਹ ਮਾਣ ਦੇਵਾਂਗੇ ਜਿਸਦੀ ਉਹ ਹੱਕਦਾਰ ਹੈ, ਫੇਰ ਹੀ ਅਸਲ ਅਰਥਾਂ ਵਿੱਚ ਮਾਤ-ਸ਼ਕਤੀ ਦੀ ਇੱਜ਼ਤ ਅਤੇ ਨਿਆਂ-ਭਰੇ, ਬਰਾਬਰ ਅਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਸੰਭਵ ਹੋਵੇਗੀ।

# ਨਵ ਜਵਾਨਾਂ ਦਾ ਰੋਸ

ਪੂਨਮ ਸਿੰਘ

**NEET-UG** (ਨੈਸ਼ਨਲ ਮੈਡੀਕਲ ਐਂਟ੍ਰੀ ਟੈਸੱਟ) ਦੇ ਸੁਆਲ ਲੀਕ ਕੀਤੇ ਜਾਣ ਨਾਲ ਜੁੜੀ ਬਹੁਤ ਵੱਡੀ ਧਾਂਦਲੀ ਨੇ ਔਖੀਆਂ ਪੜ੍ਹਾਈਆਂ ਸਹਾਰੇ ਜ਼ਿੰਦਗੀ ਬਨਾਉਣ ਦੇ ਸੁਫ਼ਨੇ ਵਾਲੇ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਿਲਾਅ ਕੇ ਰੱਖ ਦਿੱਤਾ! ਮੁੜ ਇਮਤਿਹਾਨ ਹੋਇਆ ਜੋ ਠੀਕ ਠਾਕ ਚੱਲਿਆ। ਫਿਰ, ਜਿਵੇਂ ਕਿ ਇਹ ਘੱਟ ਸੀ, ਦੇਸ਼ ਦੇ ਸਰਬਪ੍ਰਮੁੱਖ ਜੱਜ ਨੇ ਬੇਰੋਜ਼ਗਾਰ ਨੌਜਵਾਨ ਸਮਾਜ ਲਈ 'ਕਾਕਰੋਚ'/ ਪਰਜੀਵੀ ਹੋਣ ਵਰਗਾ ਬੇਲੋੜਾ ਅਤੇ ਭੱਦਾ ਸ਼ਬਦ ਵਰਤਿਆ– ਜਿਸ ਨੇ ਬੇਰੋਜ਼ਗਾਰ ਨੌਜਵਾਨਾਂ ਨੂੰ, ਖ਼ਾਸਕਰ, ਬਹੁਤ ਨਿਰਾਸ਼ ਕੀਤਾ। ਅਮਰੀਕਾ ਦੇ ਬੌਸਟਨ ਸ਼ਹਿਰ ਤੋਂ ਅਭਿਜੀਤ ਦੀਪਤੇ, 30 ਸਾਲ, ਜਨਤਕ ਰਿਸ਼ਤੇ ਦੀ ਪੜ੍ਹਾਈ ਪੜ੍ਹ ਰਹੇ, ਸਿਆਸੀ ਪਾਰਟੀਆਂ ਦੇ ਬਣਨ, ਵਧਣ ਦੇ ਦਾਅਪੇਚ ਜਾਣਦੇ, ਨੇ 'ਕਾਕਰੋਚ ਜਨਤਾ ਪਾਰਟੀ' ਬਣਾਅ ਲਈ! ਕਿ ਹਾਂ, ਅਸੀਂ ਹਾਂ ਕਾਕਰੋਚ, ਆਲਸੀ ਅਤੇ ਵਿਹਲੜ– ਕਿਸੇ ਪਾਰਟੀ ਦਾ ਇਹ ਨਾਂ, ਘਿਣ ਪੈਦਾ ਕਰਨ ਵਾਲਾ, ਰਾਤੋ ਰਾਤ ਮਸ਼ਹੂਰ ਹੋ ਹਰ ਇੱਕ ਦੇ ਮੂੰਹ ਚੜ੍ਹ ਗਿਆ! ਬਿਨਾ ਪੈਸੇ ਦੇ, ਬੱਸ ਦੇਸ਼–ਸਮਾਜ ਨੂੰ ਪਾਏ ਇੱਕ ਸੁਆਲ ਨਾਲ ਪਾਰਟੀ ਬਣਾਅ ਲਈ! ਦਿਨਾਂ ਵਿਚ ਹੀ ਨਵੀਂ ਦਿੱਲੀ ਦਾ ਜੰਤਰ ਮੰਤਰ, ਨਵੀਂ ਪੀੜ੍ਹੀ ਦੇ ਆਪਮੁਹਾਰੇ ਜੱਥੇਬੰਦ ਹੋ ਜ਼ੋਰ ਫੜਦੇ ਗਏ ਰੋਸ–ਮੁਜ਼ਾਹਰੇ ਦੀ ਥਾਂ ਬਣ ਗਿਆ। ਅਭਿਜੀਤ ਦੀਪਤੇ ਹਵਾਈ ਜਹਾਜ਼ ਵਿਚ ਆ ਕੇ ਸਿੱਧਾ ਜੰਤਰ ਮੰਤਰ ਗਿਆ, ਅਗਵਾਈ ਦੇਣ ਲਈ। ਦੇਸ਼ ਦੀ ਇੱਕ ਸਤਿਕਾਰੀ ਹਸਤੀ –ਲੱਦਾਖ ਦੇ ਵਾਂਗਚੁਕ– ਨੂੰ ਹਿਮਾਇਤ ਦੇਣ ਦਾ ਸੱਦਾ ਦਿੱਤਾ ਗਿਆ– ਅਤੇ ਉਨ੍ਹਾਂ 26 ਦਿਨ ਚੱਲੀ ਭੁੱਖ ਹੜਤਾਲ ਸ਼ੁਰੂ ਕੀਤੀ– ਜਿਸ ਨਾਲ ਕਿ ਰੋਸ ਨੂੰ ਬਹੁਤ ਵੱਡੀ ਤਵੱਜੋ ਮਿਲੀ ਅਤੇ ਰੁਤਬਾ। ਬਹੁਤ ਸਾਰੀਆਂ ਕੁੜੀਆਂ ਸਮੇਤ ਨੌਜਵਾਨਾਂ ਆਪਣੀਆਂ ਸਪੱਸ਼ਟ ਮੰਗਾਂ ਰੱਖੀਆਂ। ਸਮੁੱਚੇ ਦੇਸ਼ ਦੇ ਹਰ ਵਰਗ, ਕਿੱਤੇ ਦੇ ਲੋਕ ਆਪਣੇ ਬੱਚਿਆਂ ਖ਼ਾਤਰ ਅਤੇ ਦੇਸ਼ ਦੇ ਭਵਿੱਖ ਖਾਤਰ ਰੋਹਵਾਨ ਸਨ। ਸਾਂਭਣ ਵਿਚ ਨਾ ਆਇਆ ਰਿਹ ਰੋਸ– ਸਰਕਾਰ–ਵਿਰੋਧੀ ਸਿਆਸੀ ਪਾਰਟੀਆਂ ਦੇ ਵੀ ਆ ਕੇ ਨਾਲ ਜੁੜ ਜਾਣ ਕਰਕੇ, ਸੰਸਦ ਲੱਗਣ ਦਾ ਸਮਾਂ ਆ ਜਾਣ ਕਰਕੇ– ਚੱਲਦੀ ਸੰਸਦ ਨੂੰ ਖਲ੍ਹਾਰਨ ਦਾ ਕੰਮ ਕਰਨ ਵੱਲ ਵਧਿਆ! ਹੁਣ ਪੁਲਸ ਅਤੇ ਹੋਰ ਬਲਾਂ ਵੱਲੋਂ ਤਿੱਖਾ ਮੁਕਾਬਲਾ ਦਿੱਤੇ ਜਾਣ ਕਾਰਨ ਹਿੰਸਾ ਦਾ ਮੈਦਾਨ ਤਿਆਰ ਹੋ ਗਿਆ। ਪੱਥਰਬਾਜ਼ੀ, ਲਾਠੀਆਂ, ਅੱਥਰੂ ਗੈਸ! ਸੱਟਾਂ। ਬੇਇੱਜ਼ਤੀ। ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈਂਦੀ ਗਈ – ਜੋ ਕਿ ਕਈ ਦਲੀਲਾਂ ਪਰਖ ਰਹੀ ਸੀ: ਕੀ ਇੱਥੇ ਵਿਦੇਸ਼ੀ ਉਲਟ–ਤਾਕਤਾਂ ਦਾ ਹੱਥ ਹੈ? ਕੋਈ ਸਾਜ਼ਿਸ਼ ਹੈ? ਜਾਂ ਅਜਿਹੀ ਹੀ ਰਲ਼ੀ ਮਿਲੀ ਕੋਸ਼ਿਸ਼? ਸਮਾਂ ਹੱਥੋਂ ਨਿੱਕਲਦਾ ਜਾਂਦਾ ਵਿਖ ਰਿਹਾ ਸੀ– ਅਪੀਲਾਂ ਕਰਨ ਤੋਂ ਬਾਅਦ ਸਰਕਾਰ ਨੇ ਜ਼ਿੰਦਗੀ ਦੇ ਮੁੱਕਣ ਤੱਕ ਆ ਪੁੱਜੇ ਵਾਂਗਚੁਕ ਨਾਲ ਗੱਲ ਕੀਤੀ ਅਤੇ ਮੰਗਾਂ ਮੰਨਣ ਦਾ ਲਿਖਤੀ ਭਰੋਸਾ ਦਿੱਤਾ। ਵਾਂਗਚੁਕ ਨੂੰ ਹਰ ਹਾਲਤ ਵਿਚ ਜ਼ਿੰਦਾ ਰੱਖਣ ਦਾ ਹੁਕਮ ਸਰਬਉੱਚ ਅਦਾਲਤ ਨੇ ਵੀ ਦਿੱਤਾ ਹੋਇਆ ਸੀ। ਵਾਂਗਚੁੱਕ ਨੇ ਰੋਸ ਦੀ ਇਸ ਬਹੁਤ ਭਖੀ ਹੋਈ ਹਾਲਤ ਅਤੇ ਸਰਕਾਰ ਵੱਲੋਂ ਕਿਸੇ ਸਿਰਲੱਥ ਕਦਮ ਦੇ ਚੁੱਕੇ ਜਾਣ ਦੀ ਸੰਭਾਵਨਾ ਨੂੰ ਵੇਖਦਿਆਂ, ਭਰੋਸਾ ਦਿੱਤਾ ਗਿਆ ਹੋਣ ਕਰਕੇ ਆਪਣਾ ਵਰਤ ਤੋੜਿਆ, ਅਖੀਰ ਗਾਂਧੀ ਜੀ ਦੀ ਸਮਾਧੀ ਉੱਤੇ ਆਦਰ ਪੇਸ਼ ਕੀਤਾ। ਕੁਝ ਵਿਦਿਆਰਥੀਆਂ ਦੀ ਅਤੇ ਕੁਝ ਸਿਆਸੀ ਪਾਰਟੀਆਂ ਦੀ ਪਰ ਅਜੇ ਫ਼ੈਸਲਾ ਕਰਨ ਦੀ ਬਿਲਕੁਲ ਰੌਂਅ ਨਹੀਂ ਸੀ। ਅਖੀਰ, ਉਨ੍ਹਾਂ ਵੱਲੋਂ ਕੇਂਦਰੀ ਸਿੱਖਿਆ ਮੰਤਰੀ ਦਾ ਮੰਗਿਆ ਜਾ ਰਿਹਾ ਅਸਤੀਫ਼ਾ ਵੀ ਦੇ ਦਿੱਤਾ ਗਿਆ, ਪ੍ਰਧਾਨ ਮੰਤਰੀ ਨੇ ਆਪ ਅੱਧੀ ਰਾਤ ਗ਼ੈਰ ਰਸਮੀ ਤੌਰ 'ਤੇ ਨੌਜਵਾਨਾਂ ਨਾਲ ਗੱਲ ਵੀ ਕੀਤੀ। ਅਤੇ ਸਿੱਖਿਆ ਅਤੇ ਇਮਤਿਹਾਨਾਂ ਦੇ ਵਿਚ ਵੱਡੇ ਸੁਧਾਰਾਂ ਦੀ ਗੱਡੀ ਇਮਾਨਦਾਰ ਕੋਸ਼ਿਸ਼ਾਂ ਨਾਲ ਚਲਾਅ ਦਿੱਤੀ ਗਈ ਲੱਗਦੀ ਹੈ।

ਸਭ ਤੋਂ ਛੋਟੀ ਉਮਰ ਵਾਲੇ ਗੰਭੀਰ–ਵਿਦਿਆਰਥੀ ਨੌਜਵਾਨਾਂ ਦਾ ਇਸ ਤਰ੍ਹਾਂ ਆਪਣੀ ਤਾਕਤ ਵਿਖਾਉਣਾ ਲੋਕਤੰਤਰ ਲਈ ਇੱਕ ਸ਼ੁਭ ਸ਼ਗਨ ਵਾਂਗ ਵੇਖਿਆ ਜਾ ਸਕਦਾ ਹੈ। ਆਗੂ ਦੀਪਤੇ ਦਾ ਇਹ ਕਹਿਣਾ ਵੀ ਕਿ 'ਮੈਨੂੰ ਹੀਰੋ ਨਾ ਸਾਬਤ ਕਰੋ– ਕਿਸੇ ਇੱਕ ਨੂੰ ਅੱਗੇ ਵਿਖਾਉਣਾ ਗ਼ਲਤ ਹੋਏਗਾ। ਇਸੇ ਦੇ ਤਾਂ ਅਸੀਂ ਖ਼ਿਲਾਫ਼ ਹਾਂ!' ਅਸੀਂ ਇਸ ਰੋਸ ਦੌਰਾਨ ਹੋਈਆਂ ਮੌਤਾਂ, ਲੱਗੀਆਂ ਸੱਟਾਂ ਵੱਲੋਂ ਦੁਖੀ ਹਾਂ। ਅ–ਸਮਾਜਕ ਤੱਤਾਂ ਦੀ ਭਿਆਣਕ ਹੁੱਲੜਬਾਜ਼ੀ ਵੇਖ ਹੈਰਾਨ ਹਾਂ। ਵਿਦੇਸ਼ੀ ਸਾਜ਼ਿਸ਼ਾਂ ਤੋਂ ਗੰਭੀਰਤਾ ਨਾਲ ਸਜਗ ਰਹਿਣ ਦੀ ਵੀ ਪ੍ਰੌੜ੍ਹਤਾ ਕਰਦੇ ਹਾਂ। ਵਿਰੋਧੀ ਆਗੂ ਦਾ ਵਿਦੇਸ਼ ਜਾ ਵਿਦੇਸ਼ੀ ਤਾਕਤਾਂ ਤੋਂ ਮੌਜੂਦਾ ਭਾਰੀ ਬਹੁਮਤ ਨਾਲ ਚੁਣੀ ਸਰਕਾਰ ਹਟਵਾਉਣ ਵਿਚ ਮਦਦ ਮੰਗਣਾ ਵੀ ਸਹੀ ਨਹੀਂ ਸਮਝਦੇ। ਪਤਾ ਲੱਗਾ ਹੈ ਕਿ ਪਾਕਿਤਾਨ ਵਿਚ ਹਾਕਮਾਂ ਇਸ ਲੋਕਤੰਤਰੀ ਢੰਗ ਨਾਲ ਸੁਲਝੀ ਮੁਸ਼ਕਿਲ ਨੂੰ ਵੇਖ ਵੇਖ ਮੂੰਹ ਲਟਕਾਅ ਲਏ ਹਨ!

ਇਹ ਕਲਮਵਾਲੀ ਆਪ ਕਾਲਜ ਦੇ ਪਹਿਲੇ ਸਾਲਾਂ ਵਿਚ ਅੱਜ ਸਫ਼ਲਤਾ ਨਾਲ ਚੱਲ ਰਹੀ 'ਰੀਇਵੈਲਯੂਏਸ਼ਨ' ਦੇ ਸੰਘਰਸ਼ ਵਿਚ ਚੰਡੀਗੜ੍ਹ, ਕੁੜੀਆਂ ਦੇ ਸਰਕਾਰੀ ਕਾਲਜ ਵਿਚ ਇਸਦੀ ਪਹਿਲੀ ਹੜਤਾਲ ਕਰਾਉਣ ਵਿਚ ਅੱਗ੍ਹੇ ਲੱਗੀ ਸੀ, ਤਾਂ ਜੋ ਰੋਸ–ਕਰਦੇ ਮੁੰਡਿਆਂ ਨਾਲ ਖਲੋਇਆ ਜਾਏ– ਅਤੇ ਇਹ ਮੰਗ ਹਾਸਿਲ ਵੀ ਕੀਤੀ ਗਈ ਸੀ– ਹਾਲਾਂਕਿ ਭ੍ਰਿਸ਼ਟ੍ਰ–ਹੋ–ਰਹੀ ਮਾਰਕਿੰਗ ਨੂੰ ਅਣਡਿੱਠ ਕਰ ਯੂਨਿਵਰਸਿਟੀ ਅਧਿਕਾਰੀ ਕਹਿ ਰਹੇ ਸਨ ਕਿ – ਤੁਸੀਂ ਆਪਣੇ ਗੁਰੂਆਂ ਉੱਤੇ ਸ਼ੱਕ ਕਰ ਰਹੇ ਹੋ?– ਅਤੇ ਕੁੜੀਆਂ ਦੇ ਮਾਪਿਆਂ ਤੱਕ ਪੁੱਜ ਉਨ੍ਹਾਂ ਨੂੰ ਰੋਕਣ ਲਈ ਹਿਦਾਇਤ ਕੀਤੀ ਗਈ ਸੀ।

ਹਾਲਾਂਕਿ ਇਸ ਰੋਸ ਨੇ ਬੁੱਢਿਆਂ ਵਿਚ ਵੀ ਲਹੂ ਤੇਜ਼ ਕਰ ਦਿੱਤਾ, ਅਸੀਂ ਦੇਸ਼ਭਗਤ ਨੌਜੁਆਨਾਂ ਵੱਲੋਂ ਤਸੱਲੀ ਵਿਚ ਹਾਂ ਕਿ 'ਨੇਪਾਲ ਬਣਾਅ ਦੇਵਾਂਗੇ' ਵਰਗੇ ਨਾਅਰਿਆਂ, ਅਤੇ ਹਰ ਕਿਸਮ ਦੇ ਅ–ਸਮਾਜੀ ਤੱਤ ਦੇ ਉੱਛਲ ਉੱਛਲ ਆਉਣ ਉੱਤੇ ਨਜ਼ਰ ਰੱਖਣਗੇ।

# ਜੀਵਨ ਦੇ ਤਿੰਨ ਵਖਰੇ ਮਾਰਗ



"ਸੱਚੋਂ ਉਰੇ ਸਭ ਕੋ
ਉਪਰ ਸੱਚਿ ਅਚਾਰ।"

ਗੁਰਬਾਣੀ ਅਨੁਸਾਰ ਸਚਿ ਅਚਾਰ ਜੀਵਨ ਦੀ ਸਿਖਰ ਹੈ, ਮੈਂ ਏਸ ਸਿਖਰ ਨੂੰ ਆਪਣੀ ਕਲਪਨਾ ਵਿਚ ਕਿਸੇ ਉੱਚੇ ਪਰਬਤ ਦੀ ਚੋਟੀ ਉਤੇ ਸੰਗ-ਮਰਮਰੀ ਪੱਥਰਾਂ ਨਾਲ ਉਸਰਿਆ ਹੋਇਆ ਮੰਦਰ ਵੇਖਿਆ ਕਰਦਾ ਹਾਂ। ਏਸ ਪਰਬਤ ਦੇ ਪੈਰਾਂ ਵਿਚੋਂ ਹਜ਼ਾਰਾਂ ਪਗਡੰਡੀਆਂ ਉਤਾਂਹ ਚੜ੍ਹਦੀਆਂ ਮੈਨੂੰ ਦਿਸਦੀਆਂ ਹਨ, ਤੇ ਹਰ ਪਗਡੰਡੀ ਉਤੇ ਸਿਖਰਾਂ ਦੇ ਸ਼ੌਂਕੀ- ਕੋਈ ਤਿੱਖਾ ਤੇ ਕੋਈ ਹੌਲਾ, ਕੋਈ ਥਿੜਕ ਥਿੜਕ ਤੇ ਕੋਈ ਪੱਕੇ ਪੈਰੀਂ ਕਦਮ ਪੁੱਟੀ ਜਾ ਰਹੇ ਹਨ। ਕਿਸੇ ਕਿਸੇ ਨੇ ਕੋਈ ਵਿਕਲੋਤਰਾ ਅਣਤੁਰਿਆ ਰਾਹ ਵੀ ਚੁਣਿਆ ਦਿੱਸਦਾ ਹੈ। ਕੋਈ ਵਿਰਲਾ ਏਸ ਵਿਕਲੋਤਰੀ ਚੋਣ ਨੂੰ ਤਜਰਬੇ ਦੀ ਦਲੇਰੀ ਆਖਦਾ ਹੈ, ਬਹੁਤਿਆਂ ਦੇ ਮੂੰਹਾਂ ਵਿਚ ਇਹਦੀ ਗੁੰਮਰਾਹੀ ਦੀ ਚਰਚਾ ਹੈ।

ਪਰ ਨਿਸ਼ਾਨਾ ਸਭ ਦਾ ਸਿਖਰ ਉਤੇ ਲਿਸ਼ਕਦਾ ਸੰਗ-ਮਰਮਰੀ ਮੰਦਰ ਹੈ। ਭਾਵੇਂ ਕਈ ਜਾਚਕ ਆਪੋ ਆਪਣੇ ਮਾਰਗਾਂ ਦੀ ਵਿਸ਼ੇਸ਼ਤਾ ਦੱਸਦੇ ਝਗੜ ਵੀ ਪੈਂਦੇ ਹਨ। ਤੇ ਜਿਹੜੇ ਥੋੜੇ ਤੋੜ ਪਹੁੰਚ ਪਏ ਹਨ, ਉਹ ਸਾਰੇ ਰਲ ਮਿਲ ਕੇ ਖੁਸ਼ ਹੋ ਰਹੇ ਹਨ, ਤੇ ਹੇਠਾਂ ਵੱਲ ਇਸ਼ਾਰੇ ਕਰ ਕੇ ਇੱਕ ਦੂਜੇ ਦੇ ਮਾਰਗ ਦੀ ਪ੍ਰੋੜ੍ਹਤਾ ਕਰ ਰਹੇ ਹਨ।

ਏਸ ਸਚਾਈ ਦਾ ਅਨੁਭਵ ਮੈਨੂੰ ਸਮਾਧ ਅਕਾਲੀ ਫੂਲਾ ਸਿੰਘ ਉਤੇ ਮਿਲਣ ਆਈਆਂ ਤਿੰਨ ਅਭੁੱਲ ਸ਼ਖ਼ਸੀਅਤਾਂ ਨੇ ਕਰਾਇਆ। ਇਹਨਾਂ ਤਿੰਨਾਂ ਦੇ ਜੀਵਨ-ਮਾਰਗ ਇੱਕ ਦੂਜੇ ਨਾਲੋਂ ਏਡੇ ਭਿੰਨ ਭਿੰਨ ਸਨ, ਕਿਸੇ ਨੂੰ ਵੀ ਦੂਜੇ ਦੇ ਸਿਖਰ ਉਤੇ ਪਹੁੰਚਣ ਦੀ ਆਸ ਨਹੀਂ ਸੀ ਹੋ ਸਕਦੀ। ਪਰ ਮੈਨੂੰ ਇਹ ਤਿੰਨੇ ਸ਼ਖ਼ਸੀਅਤਾਂ ਬੜੀਆਂ ਪਿਆਰੀਆਂ ਲੱਗੀਆਂ, ਇਹ ਤਿੰਨ ਕਦੇ ਪਹੁਤੇ ਪਾਂਧੀ ਹੋ ਜਾਣਗੇ। ਇਹਦੇ ਵਿਚ ਮੈਨੂੰ ਕੋਈ ਸੰਦੇਹ ਨਹੀਂ ਸੀ।

1.

ਪਹਿਲਾ ਪਾਂਧੀ ਬਾਬਾ ਖੜਕ ਸਿੰਘ ਜੀ ਸਨ। ਬਚਪਨ ਵਿੱਚ ਕੋਈ ਇੱਕ ਇਸਤਰੀ ਤੇ ਕੋਈ ਇੱਕ ਆਦਮੀ ਸਾਡੀਆਂ ਨਜ਼ਰਾਂ ਵਿਚ ਹੁਸਨ ਦੀ ਸਿਖਰ ਜੱਚ ਜਾਂਦੇ ਹਨ, ਮੇਰੇ ਬਚਪਨ ਦੀ ਅਤਿ ਸੁਹਣੀ ਇਸਤਰੀ ਇੱਕ ਮੁਸਲਮਾਨ ਕੁੜੀ ਬਰਕਤੇ ਸੀ, ਜਿਸ ਨੂੰ ਮੈਂ ਭੂਆ ਬਰਕਤੇ ਆਖਦਾ ਸਾਂ, ਤੇ ਜਿਸ ਨੂੰ ਓਦੋਂ ਮੈਂ ਸਮਝਦਾ ਸਾਂ ਉਹ ਰੱਬ ਦੇ ਆਪਣੇ ਘਰੋਂ ਆਈ ਸੀ। ਤੇ ਉਸ ਸਮੇਂ ਦਾ ਅਤਿ ਸੁਹਣਾ ਆਦਮੀ ਮੈਨੂੰ ਸਰਦਾਰ ਖੜਕ ਸਿੰਘ ਜੱਚਿਆ ਸੀ। ਇਨ੍ਹਾਂ ਦਾ ਖ਼ਾਨਦਾਨ ਸਾਡੇ ਸ਼ਹਿਰ ਤੇ ਸਾਡੀ ਬਰਾਦਰੀ ਦਾ ਬੜਾ ਪਿਆਰਾ ਖ਼ਾਨਦਾਨ ਗਿਣਿਆ ਜਾਂਦਾ ਸੀ। ਸਰਦਾਰ ਖੜਕ ਸਿੰਘ ਜੀ ਉਸ ਜ਼ਮਾਨੇ ਦੀ ਬੜੀ ਉੱਚੀ ਵਿਦਿਆ, ਬੀ.ਏ. ਪਾਸ ਦੇ ਬਾਵਜੂਦ ਪੂਰਨ ਕੌਮੀ ਪੁਸ਼ਾਕ ਪਹਿਨਦੇ ਸਨ: ਚੂੜੀਦਾਰ ਪਜਾਮਾ, ਤਣੀਆਂ ਵਾਲਾ ਚੋਗਾ ਤੇ ਚਿੱਟੀ ਦੂਹਰੀ ਦਸਤਾਰ। ਇਨ੍ਹਾਂ ਦੇ ਪੈਰਾਂ ਦੀ ਜੁੱਤੀ ਤੋਂ ਲੈ ਕੇ ਪੁਸ਼ਾਕ ਦੀ ਹਰ ਚੀਜ਼ ਵਿਚ ਸੁਹਜ ਤੇ ਸਫ਼ਾਈ ਪ੍ਰਤੱਖ ਹੁੰਦੀ ਸੀ, ਇਨ੍ਹਾਂ ਦਾ ਹਾਸਾ ਖ਼ਾਸ ਤੌਰ ਤੇ ਬੜਾ ਪਿਆਰਾ ਤੇ ਖੇੜਾ ਖਿਲਾਰਨ ਵਾਲਾ ਸੀ।

ਇਨ੍ਹਾਂ ਦਾ ਮਹਿਲਾਂ ਵਰਗਾ ਚੂਨੇ-ਗਚ ਘਰ ਸਾਡੇ ਘਰ ਦੀ ਧੁਰ ਛੱਤੋਂ ਦਿੱਸਦਾ ਹੁੰਦਾ ਸੀ। ਇਹ ਹਰ ਰੋਜ਼ ਸ਼ਾਮ ਨੂੰ ਆਪਣੇ ਵਿਸ਼ਾਲ ਘਰ ਦੇ ਵੱਡੇ ਹਾਲ-ਕਮਰੇ ਦੀ ਛੱਤ ਉਤੇ ਸਨੇਹੀਆਂ ਸਾਥੀਆਂ ਨਾਲ ਬੈਠੇ ਦਿੱਸਦੇ ਸਨ, ਤੇ ਜਦੋਂ ਕਦੇ ਇਹ ਹੱਸਦੇ ਸਨ, ਦੂਰ ਤਕ ਪੌਣ ਛਣਕ ਪੈਂਦੀ ਤੇ ਹੱਸਦੀ ਥਰਥਰਾਂਦੀ ਮੈਨੂੰ ਵੀ ਆ ਹਸਾਂਦੀ ਸੀ।

ਇਨ੍ਹਾਂ ਨਾਲ ਰਿਸ਼ਤੇਦਾਰੀ ਦਾ ਮਾਣ ਵੀ ਮੈਨੂੰ ਹੈ ਸੀ। ਇਹ ਸਾਡੇ ਘਰ ਵੀ ਆਇਆ ਕਰਦੇ ਸਨ। ਮੈਂ ਇਨ੍ਹਾਂ ਨੂੰ ਆਪਣੀ ਬੈਠਕ ਵਿਚ ਉਚੇਚਿਆਂ ਬੈਠਣ ਲਈ ਮਨਾ ਵੀ ਲੈਂਦਾ ਸਾਂ। ਇਹ ਕਿਸੇ ਦੀ ਗੱਲ ਮੋੜਦੇ ਨਹੀਂ ਸਨ।

ਫੇਰ ਜਦੋਂ ਮੈਂ ਵੱਡਾ ਹੋ ਗਿਆ (ਉਮਰ ਵਿਚ), ਤਾਂ ਮੈਨੂੰ ਖੁਸ਼ੀ ਹੁੰਦੀ ਸੀ ਇਹ ਸੁਣ ਕੇ ਇਹ ਮੈਨੂੰ ਚੰਗਾ ਮੁੰਡਾ ਸਮਝਦੇ ਸਨ। ਇਹ ਸ਼ਾਇਰ ਵੀ ਸਨ, ਉਰਦੂ ਵਿੱਚ ਸ਼ਿਅਰ ਲਿਖਿਆ ਕਰਦੇ ਸਨ। ਕਦੇ ਕਦੇ ਆਪਣੀਆਂ ਨਜ਼ਮਾਂ ਆਪਣੇ ਕਮਰੇ ਵਿੱਚ ਆਪਣੇ ਪ੍ਰਸ਼ੰਸਕਾਂ ਨੂੰ ਬੁਲਾ ਕੇ ਸੁਣਾਇਆ ਕਰਦੇ ਸਨ। ਇਹ ਮੈਨੂੰ ਬੜੇ ਹੀ ਮਿੱਠੇ, ਤੇ ਕੋਮਲ ਦਿਲ ਵਾਲੇ ਲੱਗਦੇ ਸਨ। ਇਹ ਆਪਣੀ ਜੀਵਨ-ਜਾਚ ਵਿਚ ਏਨੇ ਸੰਤੁਸ਼ਟ ਸਨ ਕਿ ਛੇ ਛੇ ਮਹੀਨੇ ਘਰੋਂ ਬਾਹਰ ਨਹੀਂ ਸਨ ਨਿਕਲਦੇ; ਪੜ੍ਹਦੇ ਲਿਖਦੇ, ਦਰਸ਼ਕਾਂ ਨੂੰ ਮਿਲਦੇ ਤੇ ਆਪਣੇ ਘਰ ਦੀਆਂ ਵਿਸ਼ਾਲ ਚਿੱਟੀਆਂ ਛੱਤਾਂ ਉਤੇ ਸੈਰ ਤੇ ਵਰਜ਼ਿਸ਼ ਕਰ ਲੈਂਦੇ ਸਨ।

ਪਹਿਲੀ ਵੱਡੀ ਲੜਾਈ ਦੇ ਅੰਤ ਉਤੇ ਜਦੋਂ ਸਾਡੇ ਦੇਸ਼ ਵਿੱਚ ਆਜ਼ਾਦੀ ਦੀ ਲੜਾਈ ਗਰਮ ਹੋ ਪਈ, ਤਾਂ ਸਰਦਾਰ ਖੜਕ ਸਿੰਘ ਜੀ ਦੇ ਪ੍ਰਸ਼ੰਸਕ ਇਹ ਵੇਖ ਕੇ ਹੈਰਾਨ ਹੋ ਗਏ ਕਿ ਇਹ ਕੋਮਲ-ਚਿੱਤ ਸਰਦਾਰ ਫ਼ੌਲਾਦੀ ਹੌਂਸਲੇ ਵਾਲਾ ਕੇਡਾ ਨਿਡਰ ਤੇ ਨਿਧੜਕ ਇਨਸਾਨ ਸੀ। ਕਠੋਰ-ਚਿੱਤ ਅੰਗਰੇਜ਼ ਹਾਕਮ ਇਨ੍ਹਾਂ ਦੀ ਹਰ ਜ਼ਿੱਦ ਦੇ ਰੂਬਰੂ ਝੁਕ ਜਾਂਦਾ ਰਿਹਾ। ਕਈ ਵਰ੍ਹੇ ਇਹ ਜੇਲ੍ਹ ਵਿਚ ਰਹੇ, ਜੇਲ-ਅਫ਼ਸਰਾਂ ਨੂੰ ਵਖਤ ਪਾਈ ਰਖਦੇ ਸਨ। ਇੱਕ ਵਾਰੀ ਕਿਸੇ ਰੋਸ ਵਜੋਂ ਇਨ੍ਹਾਂ ਕਪੜੇ ਲਾਹ ਦਿੱਤੇ, ਹਾੜ ਸਿਆਲ ਆਪਣੇ ਨੰਗੇ ਪਿੰਡੇ ਉਤੇ ਇਹ ਗਰਮੀ ਤੇ ਸਰਦੀ ਪੁਆਂਦੇ ਰਹੇ। ਓੜਕ ਇਨ੍ਹਾਂ ਦੀ ਮੰਗ ਅੰਗਰੇਜ਼ ਨੂੰ ਮੰਨਣੀ ਪਈ।

ਇਕ ਜੰਞ ਦੇ ਨਾਲ ਇਹ ਪਿਸ਼ਾਵਰ ਆਏ। ਰਸਤੇ ਵਿਚ ਅਕਾਲੀ ਫੂਲਾ ਸਿੰਘ ਦੀ ਸਮਾਧ ਸੀ। ਓਦੋਂ ਮੇਰੇ ਕੋਲ ਆਉਣ ਦਾ ਮਾਣ ਇਨ੍ਹਾਂ ਮੈਨੂੰ ਦਿੱਤਾ। ਤੇ ਇੱਕ ਦਿਨ ਤੇ ਇੱਕ ਰਾਤ ਬਾਬਾ ਜੀ ਸਾਡੇ ਕੋਲ ਰਹੇ। ਧਾਰਮਕ ਨਿਤ-ਨੇਮ ਵਿਚ ਇਹ ਹਮੇਸ਼ਾ ਪੱਕੇ ਰਹਿੰਦੇ ਸਨ। ਕਾਬਲ ਦਰਿਆ ਦੇ ਕੰਢੇ ਸ਼ਾਮ ਨੂੰ ਇਹ ਮੇਰੇ ਨਾਲ ਸੈਰ ਕਰਨ ਗਏ। ਦਰਿਆ ਬੜੀਆਂ ਮੌਜਾਂ ਵਿਚ ਵਹਿ ਰਿਹਾ ਸੀ। ਇਕ ਟਾਹਲੀ ਦੇ ਹੇਠਾਂ ਬਹਿ ਕੇ ਇਹਨਾਂ ਚਾਹਿਆ ਕਿ ਮੈਂ ਇਨ੍ਹਾਂ ਨੂੰ ਰਹਿਰਾਸ ਦਾ ਪਾਠ ਸੁਣਾਵਾਂ। ਇੱਕ ਤਾਂ ਪਾਠ ਕਰਨ ਦਾ ਅਭਿਆਸ ਮੈਂ ਕਿੰਨੇ ਚਿਰ ਤੋਂ ਛੱਡਿਆ ਹੋਇਆ ਸੀ, ਦੂਜੇ ਇਨ੍ਹਾਂ ਦੇ ਸੁਹਣੇ ਪਾਠ ਦੀ ਸ਼ਹਰਤ ਮੈਂ ਸੁਣੀ ਹੋਈ ਸੀ, ਉਹਦੇ ਨਾਲ ਆਪਣੀ ਬੇਨਤੀ ਨੂੰ ਤਾਕਤ ਦੇ ਕੇ ਮੈਂ ਸਰਦਾਰ ਜੀ ਨੂੰ ਮਨਾ ਲਿਆ ਕਿ ਉਹੀ ਪਾਠ ਕਰਨ। ਉਸ ਸ਼ਾਮ ਦੇ ਅਮਨ ਤੇ

# ਗੁਰਬਖ਼ਸ਼ ਸਿੰਘ

ਵਗਦੇ ਦਰਿਆ ਦੀ ਲੈਅ ਵਿਚ ਉਨ੍ਹਾਂ ਨੇ ਪਾਠ ਕੀਤਾ, ਤੇ ਮੈਨੂੰ ਅੱਜ ਤੱਕ ਯਾਦ ਹੈ ਕਿ ਉਨ੍ਹਾਂ ਦੇ ਪਾਠ ਵਿਚ ਕੋਈ ਅਨੋਖੀ ਸੁੱਚੀ ਤਾਂਘ ਸੀ।

ਉਨ੍ਹਾਂ ਦੀ ਸ਼ਖ਼ਸੀਅਤ ਵਿਚ ਇੱਕ ਮਹਿਕ ਸੀ ਜਿਹੜੀ ਹਰ ਕਿਸੇ ਨੂੰ ਚੰਗਿਆਈ ਲਈ ਪ੍ਰੇਰਦੀ ਸੀ। ਭਾਵੇਂ ਜ਼ਿੰਦਗੀ ਉਤੇ ਉਹਨਾਂ ਦਾ ਦ੍ਰਿਸ਼ਟੀਕੋਣ ਬੇ-ਲਚਕਤਾ ਦੀ ਹੱਦ ਤੱਕ ਧਾਰਮਕ ਸੀ, ਪਰ ਉਨ੍ਹਾਂ ਵਿਚ ਕਿਸੇ ਕਿਸਮ ਦਾ ਕੋਈ ਵਹਿਮ ਭਰਮ ਨਹੀਂ ਸੀ। ਗੁਰੂ ਬਣ ਕੇ ਉਪਦੇਸ਼ ਦੇਣ ਵਾਲੇ ਸਾਧੂਆਂ, ਸੰਤਾਂ ਤੇ ਮਹੰਤਾਂ ਦੇ ਉਹ ਕੱਟੜ ਵਿਰੋਧੀ ਸਨ। ਇੱਕ ਵਾਰੀ ਦੀ ਗੱਲ ਮੈਨੂੰ ਯਾਦ ਹੈ ਕਿ ਇੱਕ ਬੜੀ ਮਾਨਤਾ ਵਾਲੇ ਸੰਤ ਸਾਡੇ ਸ਼ਹਿਰ ਆਏ। ਉਨ੍ਹਾਂ ਤੇ ਉਨ੍ਹਾਂ ਦੇ ਸਿੱਖਾਂ ਸੇਵਕਾਂ ਨੂੰ ਰੋਟੀ ਆਖਣ ਦੀ ਛੇੜ ਜਿਹੀ ਪੈ ਗਈ। ਸਰਦਾਰ ਜੀ ਦੇ ਘਰ ਵਾਲਿਆਂ ਵੀ ਰੋਟੀ ਆਖ ਦਿੱਤੀ। ਉਨ੍ਹਾਂ ਦੀ ਖ਼ੁਸ਼ੀ ਵਿਚ ਹਾਜ਼ਰ ਨਾ ਹੋਣ ਖ਼ਾਤਰ ਸਰਦਾਰ ਜੀ ਨੇ ਕੋਈ ਇਤਰਾਜ਼ ਨਾ ਕੀਤਾ। ਪਰ ਜਦੋਂ ਸੰਤਾਂ ਵੱਲੋਂ ਆਈ ਖਾਣੇ ਦੀ ਭੋਜਨ-ਸੂਚੀ ਵਿੱਚ ਉਨ੍ਹਾਂ ਬਾਦਾਮ, ਇਲਾਇਚੀਆਂ, ਗਰੀ, ਮੇਵਾ, ਘਿਓ ਤੇ ਖੰਡ ਦੀ ਏਨੀ ਮਿਕਦਾਰ ਪੜ੍ਹੀ, ਜਿੰਨੀ ਨਾਲ ਇਕ ਪਰਵਾਰ ਦੀ ਸਾਰੇ ਮਹੀਨੇ ਦੀ ਲੋੜ ਪੂਰੀ ਹੋ ਸਕਦੀ ਸੀ, ਤਾਂ ਉਨ੍ਹਾਂ ਨੇ ਉਹ ਭੋਜਨ-ਸੂਚੀ ਪਾੜ ਦਿੱਤੀ ਤੇ ਆਖਿਆ: "ਇਹ ਵੀ ਪਤਾ ਕਰ ਲਿਆਓ ਕਿ ਸੰਤਾਂ ਦਾ ਦੰਗਲ ਕਿਹੜੇ ਪਹਿਲਵਾਨ ਨਾਲ ਪਿਆ ਹੈ।"

ਗੁਰੂ ਮੰਨ ਕੇ ਇਨਸਾਨ ਨੂੰ ਰੱਬ ਵਾਂਗ ਪੂਜਣ ਵਾਲੀਆਂ ਸਭ ਸੰਸਥਾਵਾਂ ਦੇ ਉਹ ਕੱਟੜ ਵਿਰੋਧੀ ਸਨ। ਸਾਧਾਰਨ ਜ਼ਿੰਦਗੀ ਲਈ ਉਨ੍ਹਾਂ ਦੇ ਸ਼ਬਦ ਵਿਚ ਅਤਿ ਮਿੱਠੀ ਕੋਮਲਤਾ ਸੀ; ਕਿਸੇ ਦਾ ਨਿੱਕਾ ਜਿਹਾ ਦੁਖ ਸੁਣ ਕੇ ਵੀ ਉਹ ਜ਼ਾਰ ਜ਼ਾਰ ਰੋ ਪੈਂਦੇ ਸਨ, ਪਰ ਜਿੱਦੂ ਨਾਲ ਉਨ੍ਹਾਂ ਦਾ ਅਸੂਲੀ ਇਖ਼ਤਲਾਫ਼ ਹੋਵੇ, ਉਹਦੀ ਵਿਰੋਧਤਾ ਕਰਦਿਆਂ ਜਿਹੜੇ ਲਫ਼ਜ਼ ਉਹ ਵਰਤਦੇ ਸਨ ਉਹਨਾਂ ਵਿਚ ਕੋਈ ਧੜੱਲਾ ਹੁੰਦਾ ਸੀ। ਬਾਬਾ ਜੀ ਹਮੇਸ਼ਾ ਮੇਰੇ ਪਿਆਰੇ ਰਹੇ ਸਨ। ਮੇਰੇ ਨਾਲ ਇਨ੍ਹਾਂ ਦਾ ਵਤੀਰਾ ਵੀ ਹਮੇਸ਼ਾ ਪਿਆਰ ਵਾਲਾ ਰਿਹਾ ਸੀ। ਸਿਰਫ਼ ਇੱਕ ਵਾਰ ਜਦੋਂ ਮੈਂ ਪ੍ਰੀਤ ਨਗਰ ਬਣਾ ਲਿਆ ਤੇ ਮੇਰੀ ਚੰਗੀ ਤੇ ਮੰਦੀ ਸ਼ੁਹਰਤ ਹਰ ਪਾਸੇ ਖਿਲਰ ਗਈ, ਓਦੋਂ ਇਨ੍ਹਾਂ ਦੇ ਸਕੱਤਰ ਨੇ ਮੈਨੂੰ ਆਖਿਆ ਸੀ, ਕਿ ਬਾਬਾ ਜੀ ਮੇਰੇ ਨਾਲ ਬੜੇ ਨਾਰਾਜ਼ ਹਨ, ਕਹਿੰਦੇ ਹਨ: "ਮੈਂ ਨਾਸਤਕ ਗੁਰਬਖ਼ਸ਼ ਸਿੰਘ ਦੇ ਕਦੇ ਮੱਥੇ ਨਹੀਂ ਲੱਗਣਾ।"

ਇਸ ਦੇ ਬਾਅਦ ਉਨ੍ਹਾਂ ਨੂੰ ਮਿਲਣੋਂ ਮੈਂ ਝੱਕਦਾ ਰਿਹਾ। ਪਰ ਦੇਸ਼ ਦੇ ਬਟਵਾਰੇ ਦੇ ਬਾਅਦ ਜਦੋਂ ਉਹ ਵੀ ਤੇ ਅਸੀਂ ਵੀ ਦਿੱਲੀ ਰਹਿਣ ਲੱਗ ਪਏ ਤਾਂ ਮੈਂ ਉਨ੍ਹਾਂ ਦੇ ਦਰਸ਼ਨਾਂ ਦਾ ਹੀਆ ਕਰ ਲਿਆ। ਉਹ ਮੈਨੂੰ ਹਮੇਸ਼ਾ ਵਾਂਗ ਗਲ ਲੱਗ ਕੇ ਮਿਲੇ। ਜਾਪਦਾ ਹੈ, ਉਹ ਖਿਆਲ ਉਨ੍ਹਾਂ ਦੇ ਸਕੱਤਰ ਦਾ ਆਪਣਾ ਹੀ ਸੀ।

## 2.

ਸਚਿ ਆਚਾਰ ਦੇ ਸੰਗ-ਮਰਮਰੀ ਮੰਦਰ ਵਲ ਇੱਕ ਮਾਰਗ ਉਤੇ ਮੈਂ ਬਾਬਾ ਖੜਕ ਸਿੰਘ ਜੀ ਨੂੰ ਚੜ੍ਹਦਿਆਂ ਵੇਖਿਆ। ਦੂਜੇ ਮਾਰਗ ਉਤੇ ਮੈਨੂੰ ਇੱਕ ਹੋਰ ਮਹਾਂਪੁਰਖ ਰਵਾਂ-ਰਵੀ ਤੁਰਦੇ ਦਿੱਸੇ।

ਇੱਕ ਦਿਨ ਮੈਨੂੰ ਸੈਰ ਕਰਨ ਗਏ ਨੂੰ ਕਿਸੇ ਨੇ ਖ਼ਬਰ ਦਿੱਤੀ ਕਿ ਨਾਮਧਾਰੀ ਪੰਥ ਦੇ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਜੀ ਮੇਰੇ ਦਫ਼ਤਰ ਵਿਚ ਬੈਠੇ ਮੈਨੂੰ ਯਾਦ ਕਰ ਰਹੇ ਸਨ। ਕੋਈ ਚਾਅ ਮੈਨੂੰ ਏਸ ਖ਼ਬਰ ਨੇ ਨਾ ਚਾੜ੍ਹਿਆ। ਧਾਰਮਕ ਸੰਪਰਦਾਵਾਂ ਦੇ ਆਗੂਆਂ ਬਾਰੇ ਮੇਰਾ ਆਪਣਾ ਖਿਆਲ ਇਹ ਬਣਿਆ ਹੋਇਆ ਸੀ ਕਿ ਕੋਈ ਅਡੰਬਰੀ ਸਤਿਗੁਰੂ ਸਿਆਣਾ ਜਿਹਾ ਮੂੰਹ ਬਣਾ ਕੇ ਕਿਸੇ ਉੱਚੀ ਥਾਵੇਂ ਖਿੱਲਰ ਕੇ ਬੈਠਾ ਹੋਵੇਗਾ। ਮੇਰੀਆਂ ਸ਼ੁਭ-ਇੱਛਾਵਾਂ ਦੇ ਜਵਾਬ ਵਿਚ ਆਪਣਾ ਅਸੀਸ-ਦੇਂਦਾ ਹੱਥ ਉਠਾ ਕੇ ਉਹ ਮੈਨੂੰ ਪ੍ਰੇਰੇ ਬੈਠਣ ਦਾ ਇਸ਼ਾਰਾ ਕਰ ਦੇਵੇਗਾ।

ਏਸੇ ਖਿਆਲ ਵਿਚ ਮੈਂ ਹੌਲੀ ਹੌਲੀ ਤੁਰਿਆ ਜਾ ਰਿਹਾ ਸਾਂ ਕਿ ਦਫ਼ਤਰ ਦੇ ਬੂਹੇ ਵਿਚੋਂ ਇੱਕ ਖੁੱਲ੍ਹਾ ਜਿਹਾ ਪ੍ਰਭਾਵ ਮੇਰੇ ਉਤੇ ਪਿਆ। ਕਦਮਾਂ ਵਿਚ ਕੋਈ ਰੌ ਜਿਹੀ ਚਿਣਕੀ। ਮੈਂ ਤਿੱਖਾ ਹੋ ਕੇ ਵਧਿਆ। ਆਮ ਲਿਬਾਸ ਵਿਚ ਇੱਕ ਸਾਦੀ ਜਿਹੀ ਸੂਰਤ ਕੁਰਸੀ ਉਤੇ ਸੁੰਗੜ ਕੇ ਬੈਠੀ ਹੋਈ ਮੇਰੀ ਅਗਵਾਈ ਲਈ ਉਠੀ। ਜਿੰਨਾ ਮੈਂ ਉੜਿਆ, ਓਨਾ ਹੀ ਉੜ ਕੇ ਉਨ੍ਹਾਂ ਮੇਰੇ ਨਾਲ ਹੱਥ ਮਿਲਾਇਆ, ਆਪਣੇ ਕੋਲ ਕੁਰਸੀ ਉਤੇ ਬਹਿਣ ਲਈ ਆਖਿਆ।

ਉਨ੍ਹਾਂ ਦੇ ਆਪਣੇ ਸ਼ਰਧਾਲੂ ਨੀਵੇਂ ਬੈਠੇ ਹੋਏ ਸਨ। ਮੇਰਾ ਜੀਅ ਖੁਲ੍ਹ ਗਿਆ, ਚਿੱਤ ਖਿੜ ਗਿਆ, ਸੁਖ ਪੁੱਛੀ, ਪੁਛਿਆ, "ਆਪ ਕਿਸ ਤਰ੍ਹਾਂ ਆਏ ਹੋ?"

"ਆਪ ਦੇ ਦਰਸ਼ਨ ਲਈ।"

ਮੈਂ ਏਸ ਨਿਰਮਾਣਤਾ ਉਤੇ ਹੈਰਾਨ ਰਹਿ ਗਿਆ। ਮੈਂ ਸੁਣਿਆ ਹੋਇਆ ਸੀ ਕਿ ਉਹ ਆਪਣੇ ਪੰਥ ਵਿਚ ਇੱਕ ਬੜੀ ਉਚੀ ਹਸਤੀ ਹਨ, ਤੇ ਪਾਤਸ਼ਾਹਾਂ ਦਾ ਮਾਣ ਉਨ੍ਹਾਂ ਨਾਲੋਂ ਕੁੱਝ ਵਧੇਰੇ ਨਹੀਂ ਹੁੰਦਾ।

"ਧੰਨ ਭਾਗ" ਪਰ ਮੇਰੇ ਵਰਗੇ ਮਜ਼੍ਹਬੀ ਅਛੂਤ ਦੀ ਸੋਅ ਆਪ ਵਰਗੇ ਮਜ਼੍ਹਬੀ ਆਗੂ ਤੱਕ ਕਿਵੇਂ ਪਹੁੰਚ ਗਈ?"

ਉਨ੍ਹਾਂ ਨੇ ਹੱਸ ਕੇ ਉਤਰ ਦਿੱਤਾ, "ਆਪ ਦੀ "ਪ੍ਰੀਤ ਲੜੀ" ਪ੍ਰੋ ਲਿਆਈ ਹੈ।"

ਮੈਂ ਹੋਰ ਵੀ ਹੈਰਾਨ ਹੋ ਗਿਆ। "ਪ੍ਰੀਤ ਲੜੀ" ਜਿਸ ਨੂੰ, ਮੈਂ ਸੁਣਿਆ ਹੈ, ਧਾਰਮਕ ਸੱਜਣ ਚਿਮਟੇ ਨਾਲ ਫੜਨਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸਮਝਦੇ, ਉਹ ਅਠੋਤ੍ਰੀਆਂ ਦੇ ਸਾਧੇ ਭਜਨੀਕ ਤੇ ਸਵੱਛਤਾ ਦੀਆਂ ਵਲਗਣਾਂ ਵਿੱਚ ਰਹਿਣ ਵਾਲੇ ਪੂਜ ਨੂੰ ਭਾ ਜਾਵੇ। ਮੈਨੂੰ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਅੰਦਰ ਝਾਤੀ ਮਾਰਨ ਦੀ ਬੜੀ ਤੀਬਰ ਲੋਚਨਾ ਫੁਰੀ, ਪਰ ਏਸ ਐਕਸਰੇ ਲਈ ਦਫ਼ਤਰ ਚੰਗੀ ਥਾਂ ਨਹੀਂ ਸੀ; ਬਿਨੈ ਕੀਤੀ ਕਿ ਮਹਾਰਾਜ ਮੇਰੀ ਕੁਟੀਆ ਵਿਚ ਚਲਣ। ਉਤਰ ਵਿਚ ਉਹ ਝੱਟ ਕੁਰਸੀ ਤੋਂ ਉਠ ਬੈਠੇ ਤੇ ਮੇਰੇ ਨਾਲ ਹੋ ਪਏ।

ਬਾਰੀ ਦੇ ਸਾਹਮਣੇ ਕੁਰਸੀ ਉਤੇ ਮੈਂ ਮਹਾਰਾਜ ਜੀ ਨੂੰ ਬਿਠਾ ਦਿੱਤਾ, ਸੰਤ ਇੰਦਰ ਸਿੰਘ "ਚਕ੍ਰਵਰਤੀ" ਜੀ ਤੇ ਹੋਰ ਉਨ੍ਹਾਂ ਦੇ ਪ੍ਰੇਮੀ ਥੱਲੇ ਦਰੀ ਉਤੇ ਬੈਠ ਗਏ। ਮਹਾਰਾਜ ਜੀ ਨੇ ਉਪਰੋਂ ਚਾਦਰਾ ਲਾਹ ਦਿੱਤਾ। ਲੰਮਾ ਸਰੀਰ ਸਾਰਾ ਮੇਰੀਆਂ ਅੱਖਾਂ ਸਾਹਮਣੇ ਹੋ ਗਿਆ।

ਉਨ੍ਹਾਂ ਦੇ ਬੈਠਣ ਵਿਚ ਉਹ ਸਰਲਤਾ, ਬੋਲ ਵਿਚ ਉਹ ਨਿਰਮਾਣਤਾ, ਦ੍ਰਿਸ਼ਟੀ ਵਿਚ ਉਹ ਖੁਲਾਸਪਨ, ਕਿ ਵੱਡੇ ਆਦਮੀ ਦੇ ਵਤੀਰੇ ਲਈ ਜਿਹੜੀਆਂ ਸ਼ਰਤਾਂ ਮੈਂ ਰੱਖੀਆਂ ਹੋਈਆਂ ਹਨ ਉਹ ਲਗਪਗ ਸਭ ਪੂਰੀਆਂ ਹੋ ਗਈਆਂ। ਵੱਡੇ ਆਦਮੀਆਂ ਨੂੰ ਛੋਟੇ ਆਦਮੀਆਂ ਦੀ ਪ੍ਰੀਖਿਆ ਹੀ ਵਡਿਤਣ ਦਾ ਰੁਤਬਾ ਦੇਂਦੀ ਹੈ।

ਹਸੂੰ ਹਸੂੰ ਕਰਦਾ ਚਿਹਰਾ, ਰੌਸ਼ਨ ਨੇਤਰ, ਸਵਦੇਸ਼ੀ ਪਹਿਰਾਵਾ, ਹਿਤੈਸ਼ੀ ਬੋਲ, ਅਗਲੇ ਨੂੰ ਦਲੇਰ

ਕਰਨ ਵਾਲਾ ਵਤੀਰਾ, ਘਟ ਬੋਲਣ ਤੇ ਬਹੁਤਾ ਸੁਣਨ ਦਾ ਜਤਨ, ਦੂਜੇ ਦੀਆਂ ਸਿਫ਼ਤਾਂ ਢੂੰਡ ਕੇ ਪ੍ਰਸ਼ੰਸਾ ਕਰਨੀ। ਨਾ ਮਹਾਰਾਜ ਜੀ ਨੇ ਆਪਣੇ ਭੈਣੀ ਸਾਹਿਬ ਦੇ ਕਾਰਨਾਮਿਆਂ ਦਾ ਜ਼ਿਕਰ ਮੇਰੇ ਅਗੇ ਕੀਤਾ, ਨਾ ਮੈਨੂੰ ਕੋਈ ਉਪਦੇਸ਼ ਦੇਣ ਦੀ ਕਾਹਲ ਦੱਸੀ। ਪ੍ਰਤੱਖ ਸ਼ੌਕ ਨਾਲ ਮੇਰੇ ਕੋਲੋਂ ਗੱਲਾਂ ਪੁਛਦੇ ਰਹੇ। ਵਲੈਤ ਦਾ ਅਮ੍ਰੀਕਾ ਨਾਲ ਮੁਕਾਬਲਾ, ਜਰਮਨੀ ਦਾ ਫ਼ਰਾਂਸ ਨਾਲ, ਈਰਾਨ ਦੀ ਸੱਭਿਅਤਾ ਦਾ ਹਾਲ, ਪ੍ਰਦੇਸ ਵਿਦਿਅਕ ਵਿਸ਼ਵ ਵਿਦਿਆਲਿਆਂ ਦਾ ਸਿੱਖਿਆ ਦੇਣ ਦਾ ਢੰਗ! ਗੱਲ ਕੀਹ, ਜੋ ਜੋ ਉਨ੍ਹਾਂ ਜਾਤਾ ਕਿ ਮੈਂ ਦੱਸ ਸਕਦਾ ਸਾਂ, ਪੰਤਾਲੀ ਮਿੰਟ ਜਾਂ ਘੰਟੇ ਵਿਚ ਮੈਥੋਂ ਪੁੱਛ ਲਿਆ। ਮੇਰੀਆਂ ਤਸਵੀਰਾਂ ਵੇਖੀਆਂ, ਕਿਤਾਬਾਂ ਵਲ ਨਜ਼ਰ ਮਾਰੀ। ਮੈਂ ਵੀ ਆਪਣੇ ਦਿਲ ਦੇ ਬੂਹੇ ਬਾਰੀਆਂ ਖੋਲ੍ਹ ਦਿੱਤੇ, ਚਾਹਿਆ ਕਿ ਅਤਿੱਥੀ ਨੂੰ ਆਪਣੀ ਆਤਮਕ ਬਾਰਾਂਦਰੀ ਵਿਚ ਲਿਜਾ ਬਿਠਾਵਾਂ।

ਏਸੇ ਮਗਨਤਾ ਵਿਚ ਮੈਂ ਉਨ੍ਹਾਂ ਨੂੰ ਨਾ ਚਾਹ ਪੁੱਛੀ, ਨਾ ਪ੍ਰਸ਼ਾਦ ਆਖਿਆ। ਤਦੇ ਖ਼ਬਰ ਆਈ ਕਿ ਉਨ੍ਹਾਂ ਜਾਣ ਦੀ ਤਿਆਰੀ ਕਰ ਲਈ। ਹੁਣ ਸੋਚ ਆਈ ਕਿ ਵਿਦਾ ਕੀਕਰ ਕਰਾਂ। ਮਾਇਆ ਭੇਟ ਕਰਨ ਦੀ ਵਾਦੀ ਮੈਨੂੰ ਨਹੀਂ। ਇਹ ਆਪਣੇ ਮਤ ਦੇ ਗੁਰੂ ਹਨ, ਸੰਗਤਾਂ ਕੋਲੋਂ ਭੇਟਾ ਲੈਂਦੇ ਹੋਣਗੇ। ਮੈਨੂੰ ਕੀ ਆਖਣਗੇ? ਇਹੀ ਸੋਚ ਸੀ ਕਿ ਆਪ ਨੇ ਖ਼ਜ਼ਾਨਚੀ ਨੂੰ ਆਖਿਆ, "ਪੰਜ ਦਮੜੇ ਸਰਦਾਰ ਸਾਹਿਬ ਨੂੰ "ਪ੍ਰੀਤ ਲੜੀ" ਦੇ ਚੰਦੇ ਵਜੋਂ ਹਾਜ਼ਰ ਕਰ ਦਿਓ!" ਮੈਂ ਬਹੁਤੇਰਾ ਜ਼ੋਰ ਲਾਇਆ ਕਿ ਇਹ ਮੈਨੂੰ ਬਣਦਾ ਨਹੀਂ, ਪਰ ਉਨ੍ਹਾਂ ਇਹ ਆਖ ਕੇ ਚੁੱਪ ਕਰਾ ਦਿੱਤਾ, "ਸਾਡੀ ਖ਼ੁਸ਼ੀ ਏਸੇ ਵਿਚ ਹੈ।" ਤੇ ਤੁਰਨ ਲੱਗਿਆਂ ਬੜੇ ਪਿਆਰ ਨਾਲ ਹੱਥ ਘੁੱਟ ਕੇ ਆਖਿਓ ਨੇ, "ਜੋ ਖ਼ੁਸ਼ੀ ਸਾਨੂੰ ਅੱਜ ਆਪ ਦੇ ਮਿਲਿਆਂ ਹੋਈ ਹੈ, ਅਸੀਂ ਦੱਸ ਨਹੀਂ ਸਕਦੇ!"

ਮਹਾਰਾਜ ਪ੍ਰਤਾਪ ਸਿੰਘ ਜੀ ਮੇਰੇ ਘਰ ਦਾ ਪਾਣੀ ਤੱਕ ਆਪਣੇ ਪੀਣ-ਯੋਗ ਨਹੀਂ ਸਨ ਸਮਝਦੇ, ਫੇਰ ਵੀ ਉਹ ਓਸ ਸਮੇਂ ਵੀ ਮੈਨੂੰ ਪ੍ਰੀਤ ਨਗਰ ਮਿਲਣ ਆਉਂਦੇ ਰਹੇ ਜਦੋਂ ਮੈਂ ਸਾਰੇ ਸਿੱਖ ਪੰਥ ਵਿਚ ਅਛੂਤ ਸਮਝਿਆ ਜਾਂਦਾ ਸਾਂ। ਜੇ ਕਿਸੇ ਹੋਰ ਸ਼ਹਿਰ ਵਿਚ ਵੀ ਉਨ੍ਹਾਂ ਦੇ ਨਾਲ ਮੇਰੇ ਹੋਣ ਦਾ ਪਤਾ ਉਨ੍ਹਾਂ ਨੂੰ ਲੱਗ ਗਿਆ ਤਾਂ ਵੀ ਉਹ ਮੇਰੇ ਮੇਜ਼ਬਾਨ ਦੇ ਘਰ ਮੈਨੂੰ ਮਿਲਣ ਲਈ ਆਉਂਦੇ ਰਹੇ। ਮੇਰਾ ਉਨ੍ਹਾਂ ਨੂੰ ਭੈਣੀ ਸਾਹਿਬ ਜਾਂ ਕਿਸੇ ਹੋਰ ਥਾਂ ਮਿਲਣ ਜਾਣਾ ਕੋਈ ਅਨੋਖੀ ਗੱਲ ਨਹੀਂ ਸੀ, ਕਿਉਂਕਿ ਮੈਂ ਅਜੇ ਕਿਸੇ ਜੀਵਨ-ਜਾਚ ਦਾ ਢੂੰਡਕ ਸਾਂ, ਤਜਰਬੇ ਕਰ ਰਿਹਾ ਸਾਂ, ਮੁਲਾਕਾਤਾਂ ਮੰਗ ਰਿਹਾ ਸਾਂ। ਪਰ ਉਨ੍ਹਾਂ ਇੱਕ ਜੀਵਨ-ਜਾਚ ਅਪਣਾ ਲਈ ਹੋਈ ਸੀ, ਜਿਸ ਨੂੰ ਉਹ ਨਿਰੰਕਾਰੀ ਜੀਵਨ-ਜਾਚ ਖ਼ਿਆਲ ਕਰਦੇ ਸਨ। ਉਨ੍ਹਾਂ ਦਾ ਚਲ ਕੇ ਪ੍ਰੀਤ ਨਗਰ ਉਹਦੇ ਪਾਸ ਆਉਣਾ -ਜਿਸ ਨੂੰ ਰੂਹ ਤੇ ਮਾਦੇ ਵਿਚ ਕੋਈ ਫ਼ਰਕ ਨਹੀਂ ਦਿੱਸਦਾ, ਜਿਸ ਨੂੰ ਨਾ ਪਿਛੇ ਦੀ ਕੋਈ ਚਿੰਤਾ ਤੇ ਨਾ ਅੱਗੇ ਦਾ ਕੋਈ ਸਹਿਮ ਹੋਣ ਕਰਕੇ ਕਿਸੇ ਬੰਦੀ-ਛੋੜ ਦੀ ਮੁਥਾਜੀ ਹੈ– ਜ਼ਰੂਰ ਅਨੋਖਾ ਸੀ। ਇਸੇ ਕਰਕੇ ਉਨ੍ਹਾਂ ਲਈ ਮੇਰੇ ਦਿਲ ਵਿੱਚ ਬੜੀ ਪ੍ਰਸ਼ੰਸਾ ਪੈਦਾ ਹੋ ਗਈ, ਭਾਵੇਂ ਮੇਰੇ ਆਪਣੇ ਮਾਰਗ ਤੋਂ ਇਨ੍ਹਾਂ ਦਾ ਮਾਰਗ ਬਾਬਾ ਖੜਕ ਸਿੰਘ ਜੀ ਮਾਰਗ ਨਾਲੋਂ ਵੀ ਦੁਰਾਡਾ ਸੀ।

ਮਹਾਰਾਜ ਪ੍ਰਤਾਪ ਸਿੰਘ ਜੀ ਦਾ ਮਾਰਗ ਵੀ ਮੇਰਾ ਮਾਰਗ ਨਹੀਂ, ਨਾ ਬਾਬਾ ਖੜਕ ਸਿੰਘ ਜੀ ਵਾਲਾ ਹੀ ਮੇਰਾ ਸੀ। ਪਰ ਦੋਹਾਂ ਪਾਂਧੀਆਂ ਦੀ ਸੇਧ ਮੈਨੂੰ ਸਿਖਰ ਵਲ ਜਾਂਦੀ ਸਾਫ਼ ਦਿਸ ਰਹੀ ਸੀ। ਦੋਹਾਂ ਵੱਡੇ ਪਾਂਧੀਆਂ ਨੂੰ ਮੈਂ ਆਪਣੇ ਮਾਰਗ ਤੋਂ ਬੜੀ ਸ਼ਰਧਾ ਨਾਲ ਪਰਣਾਮ ਕਰਦਾ ਆਇਆ ਹਾਂ।

## 3.

ਉਸੇ ਹੀ ਸਮੇਂ ਵਿਚ ਇਕ ਹੋਰ ਦਿਲਚਸਪ ਪਾਂਧੀ ਮੈਨੂੰ ਸਿਖਰ ਵੱਲ ਨੱਚਦਾ ਜਾਂਦਾ ਦਿਸਿਆ। ਇਹ ਪਾਂਧੀ ਇਕ ਨੌਜਵਾਨ, ਖ਼ੂਬਸੂਰਤ ਤੇ ਹੁਨਰ ਦੀ ਮਿਕਨਾਤੀਸੀ ਖਿੱਚ ਰੱਖਣ ਵਾਲੀ ਸੁਸਿਖਿਅਤ ਇਸਤਰੀ ਸੀ। ਇੱਕ ਸਾਡੇ ਸਨੇਹੀ ਨਾਲ ਉਹ ਸਮਾਧ ਅਕਾਲੀ ਫੂਲਾ ਸਿੰਘ ਉੱਤੇ ਮਿਲਣ ਆਈ। ਇਹਨੂੰ ਅਸੀਂ ਚੰਗੇ ਲੱਗ ਗਏ ਤੇ ਇਹ ਸਾਨੂੰ ਵੀ ਬੜੀ ਹੀ ਚੰਗੀ ਲੱਗੀ। ਕਈ ਦਿਨ ਇਹ ਸਾਡੇ ਕੋਲ ਰਹੀ।

ਇਹ ਇੱਕ ਬੰਗਾਲੀ ਇਸਤਰੀ ਸੀ। ਇਹਦੇ ਪਤੀ ਪਿਸ਼ਾਵਰ ਵਿੱਚ ਇੰਮਪੀਰੀਅਲ ਬੈਂਕ ਦੇ ਏਜੰਟ ਸਨ। ਸੁਹਣੀਆਂ ਇਸਤਰੀਆਂ ਪਿਆਰੀਆਂ ਵੇਖਣ ਦੀ ਖ਼ੁਸ਼ੀ ਮੈਨੂੰ ਕਈ ਵਾਰੀ ਮਿਲ ਚੁੱਕੀ ਸੀ, ਪਰ ਇਹ ਪਹਿਲਾ ਮੌਕਾ ਸੀ ਕਿ ਇੱਕ ਕਲਾਕਾਰ ਸੱਜਣੀ ਮੇਰੇ ਘਰ ਆਕੇ ਸਾਡੇ ਵਿਚ ਰਚ ਮਿਚ ਕੇ ਰਹੀ ਹੋਵੇ। ਉਹਦੇ ਵਤੀਰੇ ਤੇ ਉਹਦੇ ਖੇੜੇ ਨੇ ਮੈਨੂੰ ਇਹ ਭੇਤ ਸਮਝਾਇਆ ਕਿ ਕਲਾਕਾਰਾਂ ਵਿਚ ਭਾਵੇਂ ਕਈ ਨੁਕਸ ਹੋਣ, ਲੋਕ ਕਿਉਂ ਉਹਨਾਂ ਦੇ ਨੁਕਸ ਗੌਲਦੇ ਨਹੀਂ ਤੇ ਕਿਉਂ ਉਹਨਾਂ ਨੂੰ ਆਪਣੇ "ਤਾਰੇ" ਆਖਦੇ ਹਨ। ਪਹਿਲੇ ਦੋਵੇਂ ਮਹਾਂਪੁਰਖ ਬੜੇ ਵਧੀਆ ਇਨਸਾਨ ਸਨ, ਪਰ ਉਹ ਆਪਣੀ ਚੰਗਿਆਈ ਤੇ ਧਾਰਮਕਤਾ ਦੀ ਧੁਨ ਵਿਚ ਉਤਾਂਹ ਚੜ੍ਹੀ ਜਾ ਰਹੇ ਸਨ। ਇਸ ਚੰਗੀ ਇਸਤਰੀ ਦੀ ਧੁਨ ਇਹਨਾਂ ਨਾਲੋਂ ਵੱਖਰੀ ਸੀ। ਇਹਨੂੰ ਹਰ ਲੈਅ ਵਿਚ, ਹਰ ਮਨੁੱਖ ਵਿਚ ਕਿਸੇ ਖ਼ੂਬਸੂਰਤੀ ਦਾ ਅਹਿਸਾਸ ਸੀ, ਤੇ ਇਹਦੀ ਕਲਾ ਹਰ ਪਾਸੇ ਲੁਕੀ ਛੁਪੀ ਖ਼ੂਬਸੂਰਤੀ ਨੂੰ ਚੇਤੰਨ ਕਰਦੀ ਸੀ। ਇਹਦੀ ਕਲਾ ਨਾਚ ਸੀ, ਤੇ ਜਦੋਂ ਇਹ ਨਚਦੀ ਸੀ, ਮੇਰੇ ਅੰਦਰੋਂ ਵੀ ਕੋਈ ਸੁੱਤੀ ਪਈ ਖ਼ੂਬਸੂਰਤੀ ਉਹਦੀ ਤਾਲ ਦੇਂਦੀ ਸੀ। ਮੈਂ ਉਹਨੂੰ ਆਖਿਆ ਕਿ "ਪ੍ਰੀਤ ਲੜੀ" ਲਈ ਕੋਈ ਲੇਖ ਲਿਖੇ, ਜਿਦ੍ਹਾ ਉਤਰ ਉਸ ਨੇ ਦਿੱਤਾ, "ਜੋ ਕੁਝ ਤੁਹਾਡੇ ਮਨ ਵਿਚ ਪ੍ਰਗਟ ਹੋਣ ਲਈ ਤਾਂਘਦਾ ਹੈ, ਉਹ ਤੁਹਾਡੀ ਕਲਮ ਦੀ ਅੱਖ ਵਿਚ ਆ ਮਚਲਦਾ ਹੈ। ਪਰ ਜੋ ਕੁਝ ਮੇਰੇ ਅੰਦਰੋਂ ਪ੍ਰਗਟਾਵਾ ਮੰਗਦਾ ਹੈ, ਉਹ ਮੇਰੇ ਅੰਗਾਂ ਵਿਚ ਆ ਥਰਕਦਾ ਹੈ। ਮੈਂ ਆਪਣੀਆਂ ਡੂੰਘੀਆਂ ਰੀਝਾਂ ਨਚ ਹੀ ਸਕਦੀ ਹਾਂ।"

ਤੇ ਹਰ ਦਿਲ ਵਿਚ ਹੁਸਨ ਦੀਆਂ ਸੁੱਤੀਆਂ ਕਲਾਂ ਜਗਾਣ ਵਾਲੀ ਏਸ ਸੱਜਣੀ ਨੇ ਦੋ ਚੌਂਹ ਦਿਨਾਂ ਵਿਚ ਕਈ ਸਚਿਆਈਆਂ ਮੇਰੇ ਲਈ ਨਚ ਕੱਢੀਆਂ। ਹਰ ਕਿਸੇ ਨੇ ਉਹਦੀ ਨਾਚ ਕਲਾ ਦੀ ਪ੍ਰਸ਼ੰਸਾ ਕੀਤੀ, ਪਰ ਮੇਰਾ ਉਸ ਦੀ ਕਲਾ ਨੇ ਨਿਰਾ ਦਿਲ ਹੀ ਨਹੀਂ ਬਹਿਲਾਇਆ, ਸਗੋਂ ਆਈਸਾਡੋਰਾ ਡੰਕਨ ਦੀ ਜੀਵਨ-ਸਚਿਆਈ ਦੁਹਰਾ ਕੇ ਮੇਰੇ ਦਿਮਾਗ ਵਿਚ ਕਈ ਇਨਕਲਾਬੀ ਫੁਰਨੇ ਫੁਰਾ ਦਿੱਤੇ ਸਨ।

ਆਈਸਾਡੋਰਾ ਦੀ ਜੀਵਨੀ ਪੜ੍ਹ ਕੇ ਮੈਂ ਮਨ ਵਿਚ ਆਖਿਆ ਸੀ- "ਜਿਸ ਮੰਜ਼ਲ ਉਤੇ ਗਾਂਧੀ ਜੀ ਵਰਤ ਰਖ ਤੇ ਸਿਮਰਨ ਕਰ ਕਰ ਪਹੁੰਚੇ ਸਨ, ਉਸ ਮੰਜ਼ਲ ਉਤੇ ਆਈਸਾਡੋਰਾ ਨੱਚ ਨੱਚ ਕੇ ਲੋਕਾਂ ਦੀਆਂ ਅੱਖਾਂ ਵਿਚ ਹੱਸ ਹੱਸ ਕੇ ਪਹੁੰਚ ਗਈ।" ਉਸੇ ਮੰਜ਼ਲ ਵਲ ਨਚਦੀ ਚੜ੍ਹੀ ਜਾਂਦੀ ਟੈਗੋਰ ਦੇ ਸ਼ਹਿਰ ਦੀ ਇਹ ਚੰਗੀ ਸੱਜਣੀ ਮੈਨੂੰ ਦਿੱਸੀ, ਤੇ ਜਿੱਥੇ ਪਹਿਲੋਂ ਦੋ ਪਹੁਤੇ ਪਾਂਧੀਆਂ ਵਲ ਮੈਂ ਪਰਣਾਮ ਵਿਚ ਸਿਰ ਝੁਕਾਇਆ ਸੀ, ਉਥੇ ਮਨੁੱਖੀ ਸਰੀਰ ਦੇ ਅੰਗ ਅੰਗ ਵਿਚ ਲੁਕੀ "ਆਰਜ਼ੂ" ਨੂੰ ਨਚਾ ਕੱਢਣ ਵਾਲੀ ਏਸ ਅੰਗਣਾ ਨੂੰ ਮੈਂ ਚੁੰਮਣ ਸੁੱਟਿਆ।

ਧੰਨਵਾਦ ਸ.ਸ. ਹੁੰਦਲ ;
ਕਦੋਂ ਦੇ ਟਾਈਪ ਰੂਪ ਭੇਜਦੇ ਹਨ!- ਸੰ.

# Captain Amarinder Singh on Operation Blue Star, KPS Gill, Bhai Khalra and Satluj.... - *(summarised article of KBS Sidhu IAS Retd.)*

...In an ..interview to Pankaj Kapahi, Captain Amarinder Singh has offered what is easily the most wide-ranging retrospective any former Chief Minister of Punjab has given in recent memory — on the Anandpur Sahib Resolution, Operation Blue Star, the Khalra case, K.P.S. Gill, and the present-day temptation to weaponise old wounds for new elections. ....

## 1. Origins of the Crisis:

Captain Amarinder traces the roots of Punjab's militancy years to the Anandpur Sahib Resolution and the collapse of successive rounds of Centre-Akali negotiation. He recalls that Indira Gandhi had personally asked him to open a channel with Sant Jarnail Singh Bhindranwale to understand his demands. He believes a settlement was possible but was repeatedly allowed to drift — and he places particular blame on Parkash Singh Badal, whom he accuses of preferring prolonged agitation over resolution, since agitation served Badal's own political interest. By contrast, he speaks warmly of Gurcharan Singh Tohra as a man who generally kept his word, and of Sant Harchand Singh Longowal as gentle and sincere, though hemmed in by rival Akali factions.

## 2. Sant Bhindranwale — A Changing Man

...Bhindranwale was, in the early stages, affectionate toward him and reasonable in private conversation. But as the standoff dragged on without resolution, his position hardened. Captain Amarinder links this same dynamic — prolonged stalemate breeding disillusion with negotiation — to the radicalisation of a section of Sikh youth in that period.

## 3. Whose Responsibility Was Blue Star?

...The Centre, the competing Akali factions, Bhindranwale himself, and everyone who let the negotiations drag on, all share responsibility... in his account. Had the federal and political questions been resolved in time...there would have been no occasion for military action at all. ...

## 4. Blue Star versus Black Thunder

...Operation Blue Star .. a grave and avoidable error, and ...Operation Black Thunder (was) its opposite — a far more intelligent operation that relied on cutting off electricity and water rather than a frontal assault, proving that the same objective could have been achieved without the trauma Blue Star inflicted.

## 5. The Violence Militancy Inflicted...

the period cannot be told through police conduct alone. He recalls the killing of innocent Hindus, attacks on buses and trains, the murder of policemen and their families, and abuses committed by militant groups in the villages — and argues that public sympathy for the militants eroded precisely because of this intimidation of ordinary villagers...

## 6. Police Excesses — Acknowledged, Not Excused

...he does not deny that illegal killings occurred, including of innocent young men, and refers to reports of bodies surfacing in canals as far as Rajasthan, where Punjab's waterways terminate. He names Ajit Singh Sandhu as an officer against whom serious allegations of unlawful killings existed, and says some officers abused the counter-insurgency apparatus for promotions and personal advantage. Yet he resists condemning the Punjab Police wholesale, insisting that a relatively small number committed atrocities while the larger force absorbed heavy casualties in restoring order.

## 7. In Defence of K.P.S. Gill

His defence of Gill is (clear): a great leader who rebuilt the morale and fighting capacity of a shattered force. ...illegal killings and questionable out-of-turn promotions may have occurred ..., but Gill (should) be judged by his leadership through an extraordinary crisis ...Attacks on Gill's personal habits,... are a distraction from the real question of his professional record.

## 8. Bhai Jaswant Singh Khalra

...should not have been killed. ..Khalra's work — documenting unidentified cremations to establish how many had disappeared — legitimate human-rights activity, and his murder senseless. He questions why ..Chief Minister Harcharan Singh Brar failed to act if the Chief Minister's Office was informed in time of the abduction. He is, however, sceptical of .. a statewide figure of 25,000 unidentified victims...


9. Ravneet Singh Bittu's Figure of 35,000 ...dismisses this figure as exaggerated and unsupported, .... Such claims,..risk reviving Hindu-Sikh polarisation and serve no one but extremist and hardline formations on either side. 10. The Film Satluj... Captain Amarinder questions the wisdom of telling Khalra's story in isolation, without the fuller canvas of militancy-era violence. His objection is not a denial of police atrocity but a caution against one-sided narrative ...

11. The Politics of Today... any attempt to polarise Punjab along Hindu-Sikh lines (is) strategically self-defeating —most of all for BJP, ..Sikh-majority state cannot be alienated ...Inflammatory (speeches),..will damage both Congress and BJP- ... strengthening radical.. Amitpal Singh-aligned formations, ... hardline Akali elements.

12. The Larger Message (conclusion):..asks Punjab to hold several truths together rather than choose between them: Militants committed grave crimes against civilians. Police officers, too, committed illegal killings and rights violations. K.P.S. Gill and the Punjab Police nonetheless played a decisive role in defeating terrorism. Bhai Jaswant Singh Khalra's work was legitimate, and his killing indefensible.Political leadership across the spectrum failed to close a settlement before the crisis escalated. Today's politicians should not mine exaggerated figures or selective history to reopen Hindu-Sikh division. ...Punjab's militancy years .. a violent breakdown in which militants, rogue policemen and political leaders of every hue share the blame — and closes with a plea that the state's hard-won peace not be put at risk by selective or inflammatory retellings of its past.

- The KBS Chronicle

# Happiest Moment of Ratan Tata



"Indian billionaire Ratanji Tata was asked by a radio host in a phone interview:

"Sir, what is the happiest moment of your life?"

Ratanji Tata said:

"I went through four stages of happiness in life and finally understood the meaning of true happiness."

The *first stage* was accumulating wealth and resources. But I wasn't able to achieve the happiness I desired at that stage. Then came the *second stage*, which involved accumulating valuable assets.

But I realized that the effects of this were also fleeting, and the shine of valuable possessions didn't last long.

Then came the *third stage*, which involved acquiring a large project.

At that time, I owned 95% of India and Africa's diesel reserves. I also owned the largest steel mill in India and Asia. But even there, I couldn't find the happiness I dreamed of.

The *fourth stage* was when a friend asked me to buy wheelchairs for some disabled children. Approximately 200 children.

Following my friend's advice, I bought the wheelchairs immediately. But my friend insisted that I go with him and deliver them to them.

So I got ready and went with him.

There, I personally handed the wheelchairs to those children. I saw a strange gleam of happiness on their faces. I saw them all sitting in wheelchairs, walking around and having fun.

It was as if they had arrived at a picnic spot where they were sharing a prize-winning gift.

I felt a genuine happiness inside me.

When I decided to leave, one of the boys grabbed my leg.

I tried to gently free my legs, but the boy looked at me and held them tightly.

I leaned over and asked him:

"Do you need anything else?"

That boy's response not only shocked me, but it completely changed my perspective on life.

This boy said:

"I want to remember your face so that when I meet you in heaven, I can recognize you and thank you one more time!"

by Luke Mitchell Source: Cienciatum Sorpréndete

# How to Be More Alive: The Samurai Guide to Dying Every Day

Maria Popova



Samurai by Japanese artist Yoshitoshi from his series One Hundred Aspects of the Moon, 1885-1892.

The two great surprising contradictory facts of human life are that our inability to live forever is the point that drives our search for meaning — the deep desire to make this brief breathing-life matter in the un-breathing large emptiness of space and time — and yet we spend our lives looking away from the fact that we will all surely die. However, if we are lucky enough, if we are un-confused and clear enough, it may take us less than a lifetime to learn that to deny death is to deny life.

Rilke knew this:
*"Death is our friend because it (is the one that) brings us into absolute and passionate presence with all that is here, that is natural, that is love,"* he wrote.


Alice James ... whose DNA limited her movement to a wheelchair .....— knew this: *"It is the most supremely interesting moment in life, the only one in fact when living seems life,"* she wrote as she approached her untimely death.

During a particular period of time before them, while the Western world was grappling intellectually with Montaigne's very disturbing assertion that the subject, the substance, *the very purpose of philosophy is to learn to die.*

That Japanese samurai (the hereditary, elite military and warrior class of pre-industrial Japan, who served aristocratic families, feudal lords or the imperial court) who became a Zen priest Yamamoto Tsunetomo (1659–1719) was proving it with the testimony of his own lived life and gave the sharpest and clearest observation about the fundamentals of the art of living as seen through the point of view of death.

Born to an unusally elderly father who had already outlived the life expectancy of those times, twice-over, Tsunetomo grew up so weak and often ill that the family doctor was of the opinion that he was unlikely to live past twenty. And yet despite his being so near death at such a young age— or perhaps just because of it — he became a samurai, who need the greatest strength and self-discipline.

Four centuries before Bruce Lee emerged as the philosopher-fighter of the modern world, Tsunetomo had understood that a true warrior trains both the body and the mind. Sensing that strength springs from muscle and spirit interwoven with one another, he became an apprentice of a Zen priest and a Confucian scholar, and took work as a scribe (before printing started, documents etc were writing out by hand), was mesmerised by the charm of poetry, and eventually became a Buddhist priest and



teacher himself.


The main focus of his teachings, which had been written out by one of his disciples under the title "Hakagure" (it is in public library) — a word which can perhaps be best translated as Umbral Leaves (dark / ghostly leaves) — is the idea that death is the main part, the heart of bushido, ie the Way of the warrior, and yet we are (mentally and emotionally) wired to turn away from the very thing that makes us strong, (ie death) and thereby we are constantly emprisoning ourselves in the cage of denial. He writes:

*We all want to live. And mostly, we make our logic according to what we like… But… if by setting one's heart right every morning and evening, one is able to live as though his body were already dead, he gains freedom in the Way. That, his/ her whole life will be without blame (lived with honesty, humility, moral consistency in their life and relationships and they will succeed in their career/profession- strong, often spiritual or deep-seated impulse to follow a particular career path or life's work,*

He presents a daily practice, as powerful and brutal as the birth of galaxies, to change, reinterpret the intellectual/ non-emotional understanding of life- into the Art of Living:

Meditation on inevitable death should be performed daily.

*Every day when one's body and mind are at peace, one should meditate upon being ripped apart by arrows, rifles, spears and swords, being carried away by surging waves, being thrown into the midst of a great fire, being struck by lightning, being shaken to death by a great earthquake, falling from thousand-foot cliffs, dying of disease… And every day without fail one should consider himself as dead.*




Art from An Almanac of Birds: 100 Divinations for Uncertain Days,

Our difficulty about living and our difficulty about dying, Tsunetomo tells us, spring from the same source — a troubled relationship with time, haunted by our constant self-exile from the only thing that is always ours: the naked now. Lamenting, mourning the fact that *"everyone lets the present moment slip by, then looks for it as though he thought it were somewhere else,"* he writes:

*There is surely nothing other than the single purpose of the present moment. A person's whole life is a succession of moment after moment. If one fully understands the present moment, there will be nothing else to do, and nothing else to pursue. Live being true to the single purpose of the moment.*

Centuries later, the great Zen teacher and peace activist Thich Nhat Hanh — a modern samurai of the human spirit — arrived at the same elemental truth in his surprising moment of sudden realization (Bodh) triggered by an experience in a library about the meaning of life:

To live, we must die every instant. We must perish again and again in the storms that make life possible.

Source: The Marginalian by Maria Popova.

(We have tried to use more commonly used words for maximum reach. -ED)

# Preserving Panjab's Documentary Heritage

Since 2003, Panjab Digital Library has been dedicated to preserving the documentary heritage of Panjab by digitizing and providing access to manuscripts, books, newspapers, magazines, photographs, maps and archival records.

With over 100 million pages digitized, PDL is helping safeguard our collective memory and making it accessible to researchers, students and communities around the world.



panjab digital library

Revealing the Invisible Heritage of Panjab



Access 500 issues of Preetlari, digitally preserved by Panjab Digital Library on

PanjabDigitalLibrary.org

Plot No. 1, Sector 28 A, Chandigarh 160002, India
info@panjabdigitallibrary.org

# GDPL

GILL DEVELOPERS & INFRATECH PVT. LTD.

BUILDING DREAMS

## CRAFTING LANDMARKS. CREATING LEGACIES.

At GDPL, we believe great developments do more than redefine skylines, they enrich lives. Every home is a canvas for dreams, memories, and milestones, which is why we create spaces that foster well-being, meaningful connections, and a higher quality of life.

From thoughtfully planned residences to future-ready commercial destinations, every project is designed with the people who experience it every day in mind elevating every moment, every interaction, and every life it touches.






## OUR PROJECTS

**REGAL HEIGHTS** — Luxury for life
EXCLUSIVE 3, 4 BHK APARTMENTS, SKY VILLAS & EARTH VILLAS
—
ADJOINING GOLF COURSE, SECTOR 91, MOHALI, PUNJAB.

**REGAL Residencia** — Lifestyle. Elevated
LUXURIOUS 3, 3+1 & 4+1 BHK APARTMENTS
—
KHARAR-LANDRAN ROAD MOHALI, PUNJAB.

**REGAL LUXURIA** — A MASTERPIECE OF LUXURY AND COMMERCE
SCO & SHOWROOMS
—
KHARAR-LANDRAN ROAD MOHALI, PUNJAB.

**REGAL Empirus**
UBER LUXURY RESIDENCIES
—
SECTOR 91, MOHALI, PUNJAB.

GILL DEVELOPERS & INFRATECH PVT. LTD
GH 11D, SECTOR 91, MOHALI

Contact - 7789 0000 77